# ਚਿਰਾਗ

ਅਕਤੂਬਰ-ਦਸੰਬਰ 2016

**October -December 2016**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼

ISSN 2349-3658



ਮੁੱਲ : 25/-   97   ਅਕਤੂਬਰ - ਦਸੰਬਰ 2016

ਸਾਹਿਤ, ਭਾਸ਼ਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ
CHIRAG is an International Quarterly of Literature, Language and Culture.

**ਚਿਰਾਗ਼** (ਤਿਮਾਹੀ) ISSN 2349-3658

ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ- ਡਾ. ਕਰਮਜੀਤ ਸਿੰਘ, ਲਾਲ ਸਿੰਘ,
ਸੁਲੱਖਣ ਸਰਹੱਦੀ, ਜਰਨੈਲ ਸਿੰਘ ਟਰਾਂਟੋ, ਡਾ. ਜਸਵੰਤ ਰਾਏ, ਡਾ. ਹਰਪ੍ਰੀਤ ਸਿੰਘ ਹੁੰਦਲ
ਪ੍ਰਤੀਨਿਧ- ਗਿਆਨ ਸਿੰਘ ਬਿਲਗਾ (ਯੂ.ਐਸ.ਏ.), ਨਵਤੇਜ ਸਿੰਘ (ਕੈਨੇਡਾ)

## ਤਤਕਰਾ

- ਦਰਸ਼ਨ ਬੁੱਟਰ ਚਾਰ ਕਵਿਤਾਵਾਂ/1
- ਤਿੰਨ ਕਵਿਤਾਵਾਂ ਡਾ: ਲਖਵਿੰਦਰ ਸਿੰਘ ਜੌਹਲ/3
- ਮੱਖਣ ਕੁਹਾੜ ਦੀਆਂ ਪੰਜ ਗ਼ਜ਼ਲਾਂ/5
- ਸ਼ਮਸ਼ੇਰ ਮੋਹੀ ਦੀਆਂ ਚਾਰ ਗ਼ਜ਼ਲਾਂ/8
- ਗ਼ਜ਼ਲ/ਸਾ. ਮੰਗਤ ਰਾਮ ਪਾਸਲਾ/11
- ਗ਼ਜ਼ਲ/ਕੁਲਤਾਰ ਸਿੰਘ 'ਕੁਲਤਾਰ'/11
- ਗ਼ਜ਼ਲ/ਗੁਰਨਾਮ ਢਿੱਲੋਂ/12
- ਮੁਜ਼ੱਫਰ ਨਗਰ/ਸੰਜੀਵ ਕੌਸ਼ਲ/13
- ਇੱਕ ਰੀਪੋਰਟ : ਚੰਡੀਗੜ੍ਹ ਤੋਂ ਫਰੈਜ਼ਨੋ ਤੱਕ-ਅਰਤਿੰਦਰ ਸੰਧੂ/14
- ਦਲਿਤ ਵਿਹੜਿਆਂ ਦਾ ਪਵਿੱਤਰੀਕਰਨ-ਡਾ. ਰੌਣਕੀ ਰਾਮ/16
- ਵਿਸ਼ਵ-ਕਵੀ-ਚਰਚਿਤ ਕਵੀ-ਬੋਰਸ ਪਾਸਤਰਨਾਕ (1890-1960) ਹਰਭਜਨ ਸਿੰਘ ਹੁੰਦਲ/29
- ਪੁਸਤਕ ਚਰਚਾ : ਅਣਵੰਡੇ ਪੰਜਾਬ ਦਾ ਸੱਭਿਆਚਾਰਕ ਦਰਪਣ: ਦੀਜੈ ਬੁਧਿ ਬਿਬੇਕਾ-ਡਾ. ਅਨਵਰ ਚਿਰਾਗ਼/36
- ਕਹਾਣੀ ਸੁੰਨ-ਮਸਾਣ ਡਾ. ਜਸਵੰਤ ਰਾਏ /40
- ਮਿਰਜ਼ਾ-ਸਾਹਿਬਾਂ ਦੀ ਪ੍ਰੀਤ ਕਥਾ-ਚਾਰਲਸ ਸਵੀਨਰਟਨ/55
- ਸਬਾਲਟਰਨ (ਗੁਰਦਿਆਲ ਸਿੰਘ ਦੇ ਨਾਵਲਾਂ ਦੀ ਪਰਿਕਰਮਾ) ਹਰਪ੍ਰੀਤ ਕੌਰ ਬੰਗਾ/72
- ਕਹਾਣੀਆਂ ਦੀਆਂ ਕਿਰਚਾਂ—ਅਫ਼ਜ਼ਲ ਤੌਸੀਫ਼/74

Postal Address:
Harbhajan Singh Hundal,
V.Fattu Chak,
P.O. Dhilwan
Distt. Kapurthala -144804
(Pb.) India
(M) 99150-42242, 98763-23862

ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | : 100 ਰੁ. |
| ਇਕ ਪਰਚਾ | : 25 ਰੁ. |
| ਸੰਸਥਾਵਾਂ (ਵਾਰਸ਼ਿਕ) | : 120 ਰੁ. |
| ਯੂਰਪ | : 12 ਪੌਂਡ |
| ਅਮਰੀਕਾ | : 14 ਡਾਲਰ |
| ਕੈਨੇਡਾ | : 16 ਡਾਲਰ |

Website : www.lokdharapanjabi.com, e-mail : kjskurukshetra@yahoo.com

**ਚੰਦਾ ਸਿਰਫ਼ ਮਨੀ ਆਰਡਰ ਰਾਹੀਂ ਭੇਜਿਆ ਜਾਵੇ।**

ਚਿਰਾਗ਼ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96
ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।
ਰਚਨਾ 'ਚ ਦਰਜ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਸਿਰਫ਼ ਜਲੰਧਰ 'ਚ ਹੋ ਸਕਦੀ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼
282-ਢੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ
352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ - 28 ਨਵੰਬਰ 2016

# ਦਰਸ਼ਨ ਬੁੱਟਰ ਚਾਰ ਕਵਿਤਾਵਾਂ

## 1. ਮਨ-ਬਚਨੀ

ਮੈਂ ਨਹੀਂ ਮਰਾਂਗਾ
ਬਸ ਜਿਉਣ ਦਾ ਤਰੀਕਾ ਬਦਲਾਂਗਾ
ਬੋਲਣ ਦਾ ਸਲੀਕਾ ਬਦਲਾਂਗਾ

ਹੁਣ ਮੈਂ ਜਿਉਂਦਾ ਹਾਂ...
ਆਕਾਰਾਂ ਨੂੰ ਛੂਹ ਕੇ
ਹਵਾ ਨੂੰ ਖਿੱਚ ਧੂਹ ਕੇ

ਫਿਰ ਮੈਂ ਜੀਆਂਗਾ
ਆਕਾਰਾਂ ਨੂੰ ਮਹਿਸੂਸ ਕਰਕੇ
ਹਵਾ ਨੂੰ ਲਫ਼ਜ਼ ਪਹਿਨਾ ਕੇ

ਹੁਣ ਮੈਂ ਬੋਲਦਾ ਹਾਂ...
ਬੋਲਣ ਦਾ ਅਭਿਆਸ ਕਰਕੇ
ਲਫ਼ਜ਼ਾਂ ਨੂੰ ਨਾਪ ਤੋਲ ਕੇ

ਫਿਰ ਮੈਂ ਬੋਲਾਂਗਾ
ਸਭ ਸਲੀਕੇ ਉਲਟ ਪੁਲਟ ਕਰਕੇ
ਲਫ਼ਜ਼ਾਂ ਨੂੰ ਆਜ਼ਾਦ ਕਰਕੇ

ਹੁਣ ਮੈਂ ਤੁਰਦਾ ਹਾਂ...
ਅਸਮਾਨ ਤੋਂ ਭੈਅ ਮੰਨ ਕੇ
ਜ਼ਮੀਨ ਤੋਂ ਖ਼ੌਫ਼ਜ਼ਦਾ ਹੋ ਕੇ

ਫਿਰ ਮੈਂ ਤੁਰਾਂਗਾ
ਅਸਮਾਨ ਨਾਲ ਆੜੀ ਪਾ ਕੇ
ਜ਼ਮੀਨ ਨੂੰ ਸਖੀ ਬਣਾ ਕੇ

ਮੈਂ ਨਹੀਂ ਮਰਾਂਗਾ
ਬਸ
ਜਿਉਣ ਦਾ ਤਰੀਕਾ ਬਦਲਾਂਗਾ
ਬੋਲਣ ਦਾ ਸਲੀਕਾ ਬਦਲਾਂਗਾ... ... ...

## 2. ਸੂਰਜ ਨੂੰ ਕਹੋ

ਸੂਰਜ ਨੂੰ ਕਹੋ
ਅੰਬਰ ਦੀ ਕੈਦ ਤੋਂ ਮੁਕਤ ਹੋ ਕੇ
ਸਭ ਦਰਗਾਹਾਂ ਤੋਂ ਮੂੰਹ ਮੋੜ ਕੇ

ਮੇਰੇ ਵਿਹੜੇ 'ਚ ਉੱਗ ਪਵੇ
ਮੈਂ ਕਾਲਖ਼ਾਂ 'ਚ ਉਲਝਿਆ
ਕਿਹੜੇ ਵੇਲਿਆਂ ਤੋਂ
ਸੁਪਨਈ ਸਵੇਰ ਦੀ ਤਲਾਸ਼ ਵਿਚ ਹਾਂ

ਸੂਰਜ ਨੂੰ ਕਹੋ
ਸ਼ਿਲਾਲੇਖਾਂ 'ਤੇ ਪੈਰ ਧਰ ਕੇ
ਕਿਤਾਬਾਂ ਦੀਆਂ ਜਿਲਦਾਂ ਪਾੜ ਕੇ
ਧੁੰਦ ਦਾ ਪਿੰਜਰਾ ਤੋੜ ਕੇ
ਕਣਕ ਦੇ ਖੇਤਾਂ 'ਚ ਆ ਚੜ੍ਹੇ
ਹਰੀਆਂ ਬੱਲੀਆਂ
ਸੁਨਹਿਰੀ ਹੋਣ ਲਈ ਬਹੁਤ ਕਾਹਲੀਆਂ ਨੇ

ਸੂਰਜ ਨੂੰ ਕਹੋ
ਅੱਜ ਥੋੜ੍ਹਾ ਪਹਿਲਾਂ ਆ ਕੇ
ਸੜਕ ਦੇ
ਉਸ ਖੱਡੇ ਨੂੰ ਉਜਾਗਰ ਕਰੇ
ਜਿਥੇ ਕੱਲ੍ਹ
ਸੰਤਾ ਸਿਓਂ ਬਾਰੀਏ ਦਾ ਗੱਡਾ ਫਸਿਆ ਸੀ
ਜਿੱਥੇ
ਬਾਬੇ ਦੀ ਸਮਾਧ 'ਤੇ

ਕੱਚੀ ਲੱਸੀ ਪਾਉਣ ਆਈ ਫੌਜਣ
ਮੂੰਹ ਭਾਰ ਡਿੱਗੀ ਸੀ

ਸੂਰਜ ਨੂੰ ਕਹੋ
ਸਾਰੇ ਕੰਮ ਛੱਡ ਕੇ
ਧਰਤੀ ਦੇ ਚੱਕਰਾਂ ਤੋਂ ਵਿਹਲਾ ਹੋ ਕੇ
ਸਕੂਲ ਕੋਲੇ
ਛੱਪੜ ਕਿਨਾਰੇ ਆ ਬੈਠੇ
ਤੇ ਵਿੱਢੂ ਵਗਾਰੀ ਦੀ
ਸਚਿਆਰੀ ਧੀ ਸੀਬੋ ਦੀ ਫੱਟੀ ਸੁਕਾਵੇ
ਸੀਬੋ ਨੇ ਅੱਜ
ਫੱਟੀ 'ਤੇ ਊੜਾ ਪਾ ਕੇ
ਰੱਬ ਨੂੰ ਹੈਰਾਨ ਕਰਨਾ ਹੈ

ਸੂਰਜ ਨੂੰ ਕਹੋ... ... ...

### 3. ਦਰਦ ਦਾ ਰੰਗ

ਰਾਹਾਂ 'ਚ ਵਿਛੇ ਕੰਡੇ
ਸਫ਼ਰ ਨੂੰ ਅਰਥ ਦਿੰਦੇ
ਅੱਡੀ 'ਚ ਖੁਭੀ ਸੂਲ
ਤੁਰਨ ਦਾ ਸਬੱਬ ਬਣਦੀ

ਕੁਝ ਕੰਡੇ
ਰਾਹਾਂ 'ਚ ਨਹੀਂ
ਸਾਹਾਂ 'ਚ ਵਿਛਦੇ
ਕੁਝ ਸੂਲਾਂ
ਅੱਡੀਆਂ 'ਚ ਨਹੀਂ
ਰੂਹਾਂ 'ਚ ਖੁਭਦੀਆਂ

ਕੁਝ ਸ਼ਬਦ
ਜ਼ਮੀਰਾਂ ਦੀ ਕਾਵਿਕਾਰੀ ਲਈ
ਰਾਖ਼ਵੇਂ ਹੁੰਦੇ

ਕੁਝ ਬੋਲ
ਆਤਮਾ ਦੀ ਸਰਜ਼ਮੀਨ ਵਿਚ
ਪੁੰਗਰਨ ਲਈ ਹੁੰਦੇ

ਜ਼ਿੰਦਗੀ ਕਦੋਂ ਰੁਕਦੀ
ਮੁਸ਼ਕਿਲਾਂ ਨਾਲ
ਗਿਲੇ-ਗੁਜ਼ਾਰੀ ਕਰਨ ਲਈ
ਵਕਤ ਕਦੋਂ ਠਹਿਰਦਾ
ਧੁੱਪਾਂ ਛਾਵਾਂ ਨਾਲ
ਮਿਹਣੋਂ ਮਿਹਣੀ ਹੋਣ ਲਈ

ਸੂਲੀ 'ਤੇ ਬੈਠੀ ਚਿੜੀ ਜਾਣਦੀ
ਦਰਦ ਦਾ ਰੰਗ ਕਿਹੜਾ
ਸੁਰੰਗ 'ਚ
ਜਗਦਾ ਜੁਗਨੂੰ ਦੱਸਦਾ
ਜੀਣ ਦਾ ਢੰਗ ਕਿਹੜਾ

ਰਾਹਾਂ 'ਚ ਵਿਛੇ ਕੰਡੇ
ਸਫ਼ਰ ਨੂੰ ਅਰਥ ਦਿੰਦੇ
ਅੱਡੀ 'ਚ ਖੁਭੀ ਸੂਲ਼
ਤੁਰਨ ਦਾ ਸਬੱਬ ਬਣਦੀ... ... ...

### 4. ਇਕ ਐਬਸਰਡ ਕਵਿਤਾ

ਮੇਰੀ ਕਵਿਤਾ ਵਿਚ
'ਸੂਰ' ਆ ਵੜਿਆ ਹੈ
ਮੈਥੋਂ ਪੁੱਛੇ ਵਗੈਰ...ਅਪਣੀ ਮਰਜ਼ੀ ਨਾਲ

ਜੇ ਤੁਹਾਨੂੰ ਘ੍ਰਿਣਾ ਹੈ ਸੂਰ ਤੋਂ
ਤਾਂ ਮੇਰੀ ਕਿਤਾਬ ਦਾ
ਇਹ ਪੰਨਾ ਪਾੜ ਦਿਓ

ਕੱਲ੍ਹ ਨੂੰ



ਜੇ ਮੇਰੀ ਕਵਿਤਾ ਵਿਚ
ਖੁਰਕ ਖਾਧਾ 'ਕੁੱਤਾ' ਆ ਵੜਿਆ
ਤਾਂ ਬੇਝਿਜਕ ਪਾੜ ਦਿਓ
ਉਹ ਪੰਨਾ ਵੀ
ਮੁਸ਼ਕ ਮਾਰਦੀ ਕਵਿਤਾ ਦਾ

ਪਰਸੋਂ
ਤੇ ਪਰਸੋਂ ਤੋਂ ਬਾਅਦ... ਕਦੇ ਵੀ
ਜੇ ਮੇਰੀਆਂ ਕਵਿਤਾਵਾਂ ਵਿਚ
ਹੱਡਾ ਰੋੜੀ ਦੀਆਂ ਇੱਲ੍ਹਾਂ
ਪੁੱਠੇ ਲਟਕਦੇ ਚਮਗਾਦੜ
ਅੰਨ੍ਹੇ ਉੱਲੂ
ਆਲਸੀ ਘੋਗੜ ਆਉਂਦੇ ਨੇ
ਤਾਂ ਮੇਰੀ ਕਿਤਾਬ ਨੂੰ
ਚਿੜੀਆ ਘਰ ਦੇ ਬਾਂਦਰਾਂ ਹਵਾਲੇ ਕਰਕੇ
ਤੁਸੀਂ
ਕੂਲ਼ੇ ਕੂਲ਼ੇ ਖ਼ਰਗੋਸ਼ਾਂ ਕੋਲ ਚਲੇ ਜਾਇਓ
ਤੇ ਮੇਰੀ
ਬਦ-ਮਿਜਾਜ਼ ਕਵਿਤਾ ਨੂੰ
ਛੱਡ ਦਿਓ ਇਕੱਲੀ
ਜੰਗਲ ਦਾ ਸੱਚ ਕਹਿਣ ਲਈ... ... ...

*98728-23110*

## ਤਿੰਨ ਕਵਿਤਾਵਾਂ ਡਾ: ਲਖਵਿੰਦਰ ਸਿੰਘ ਜੌਹਲ

### 1. ਦਰਦ

ਕਣ ਕਣ ਕਰਕੇ
ਸਾਂਭੀ ਬੈਠੇ
ਦਰਦ ਦੇਸ਼ ਦਾ
ਦੀਦੇ ਮੇਰੇ

ਸਦੀਆਂ ਸਦੀਆਂ
ਜਗਦੇ ਬੁਝਦੇ
ਚਿੰਤਨ-ਜੁਗਨੂੰ
ਅੱਖਾਂ ਦਾ ਅੰਧਕਾਰ ਵਧਾਉਂਦੇ
ਮੂਲ ਨਾ ਪੋਂਹਦੇ ?

ਸਦੀਆਂ ਸਦੀਆਂ
ਤਾਜ ਬਿਖਰਦੇ
ਬਲਦੇ ਜੰਗਲ-ਘੋਰ ਸਨਾਟੇ
ਬਣ ਕੇ ਬੁੱਢਾ ਸ਼ੇਰ ਦੌੜਦਾ
ਦੇਸ਼ ਵਿਚਾਰਾ-ਮਾਰਾ ਮਾਰਾ...

ਚੜ੍ਹਦਾ ਸੂਰਜ ਡੁੱਬਦਾ ਦਿਸੇ
ਡੁੱਬਦਾ ਸੂਰਜ ਮਰਦਾ...
ਸੂਰਜ ਦਾ ਰੱਥ ਖਿੱਚਣ ਵਾਲੇ
ਸਾਰੇ ਘੋੜੇ ਹੋ ਗਏ ਨਿੱਸਲ
ਦਰਦ ਦੇਸ਼ ਦਾ ਕੌਣ ਵੰਡਾਵੇ ?
ਬੁੱਢੇ ਸ਼ੇਰ ਦੇ ਜ਼ਖ਼ਮਾਂ ਉੱਤੇ
ਕਿਹੜਾ ਮਲ੍ਹਮ ਲਾਵੇ ?

ਜੰਗਲ ਜੰਗਲ
ਪਰਬਤ ਪਰਬਤ
ਸਦੀਆਂ ਸਦੀਆਂ
ਪੈਰ ਤੁਰੇ ਨੇ
ਮੁਕਤੀ ਭਾਲਣ...
ਕਿਥੇ ਮੁਕਤੀ ?

ਪੱਲੇ ਬੰਨ੍ਹ ਸੰਵਾਦ-ਪੋਟਲੀ
ਮੱਥੇ ਵਿਚ ਗਿਆਨ ਦੀ ਗੰਗਾ
ਸਦੀਆਂ ਭਰੀ ਉਡਾਰੀ... ਵਾਰੀ ਵਾਰੀ
ਅਸਮਾਨ ਦੀ ਸੀਮਾ ਤੀਕਰ
ਪਹੁੰਚ ਨਾ ਪਾਏ

ਪੈਰ ਜਲਾ ਕੇ
ਖੰਭ ਸੜਾ ਕੇ
ਮੁੜ ਮੁੜ ਡਿੱਗੇ
ਮੂੰਹ ਦੇ ਭਾਰ
ਕਿੰਨੀ ਵਾਰ ?
ਅਨੰਤ ਫਲਸਫ਼ੇ
ਆਦਿ-ਕਾਲ ਤੋਂ ਸਰਬਕਾਲ ਤੱਕ
ਫੈਲੇ ਚਿੰਤਨ
ਰੰਗ-ਬਰੰਗੇ...
ਰੰਗ-ਬਰੰਗੇ ਰੰਗਾਂ ਵਿਚੋਂ
ਕਿਹੜਾ ਰੰਗ ਦਰਕਾਰ ?
? ? ? ? ? ? ? ? ? ? ? ? ? ? ? ?
ਦੀਦੇ ਕਰਨ ਵਿਚਾਰ... ... ... ?

## 2. ਗੁਫ਼ਤਗੂ

ਇਸ ਤੋਂ ਪਹਿਲਾਂ
ਕਿ
ਇੰਡੀਆ ਗੇਟ
ਦਿੱਲੀ 'ਚੋਂ ਬਾਹਰ ਨਿਕਲੇ

ਇਸ ਤੋਂ ਪਹਿਲਾਂ
ਕਿ
ਲਾਲ ਕਿਲ੍ਹਾ
ਯਮੁਨਾ 'ਚ ਉਤਰ ਜਾਏ

ਇਸ ਤੋਂ ਪਹਿਲਾਂ
ਕਿ
ਫਿਰ ਸ਼ੁਰੂ ਹੋਏ
ਕਾਰਗਿਲ ਕੋਈ

ਇਸ ਤੋਂ ਪਹਿਲਾਂ
ਕਿ
ਫਿਰ ਢਹੇ
ਮਸਜਿਦ-ਮੰਦਰ ਕੋਈ

ਇਸ ਤੋਂ ਪਹਿਲਾਂ
ਕਿ
ਦੰਗੇ ਹੋ ਜਾਣ ਦੀਵਾਰਾਂ

ਇਸ ਤੋਂ ਪਹਿਲਾਂ
ਕਿ
ਕਰ ਲਏ ਖ਼ੁਦਕਸ਼ੀ
ਸੰਸਦ ਖ਼ੁਦ ਬਖ਼ੁਦ

ਆਉ ਬੋਟ ਕਲੱਬ ਚੱਲੀਏ
ਕਰੀਏ ਗੁਫ਼ਤਗੂ ਕੋਈ

ਗੁਫ਼ਤਗੂ ਕਰੀਏ...
ਪਾਣੀ ਦੀਆਂ ਲਹਿਰਾਂ ਨਾਲ
ਲਹਿਰਾਂ 'ਤੇ ਰੁਮਕਦੀ ਹਵਾ ਨਾਲ
ਹਰੇ ਭਰੇ ਘਾਹ ਨਾਲ
ਖਿੜੇ ਹੋਏ ਫੁੱਲਾਂ ਨਾਲ
ਆਪਣੇ ਮਨਾਂ ਨਾਲ
ਆਉ ਗੁਫ਼ਤਗੂ ਕਰੀਏ

## 3. ਖਾਮੋਸ਼ੀ

ਮੈਂ ਸੁਣਾਂ
ਤਾਂ ਸਿਰਫ਼
ਖਾਮੋਸ਼ੀ ਸੁਣਾਂ ਤੇਰੀ...

ਮੈਂ ਬੁਣਾਂ
ਤਾਂ ਸਿਰਫ਼



ਸੁਪਨਾ ਬੁਣਾਂ ਤੇਰਾ...

ਤੇਰੀਆਂ ਅੱਖਾਂ 'ਚ ਖਿੜੇ
ਰੀਝਾਂ ਦੇ ਬਾਗ
ਮੇਰੇ ਖ਼ਾਬਾਂ 'ਚ ਖੁੱਭੀ
ਖ਼ਾਰਾਂ ਦੀ ਖੁਸ਼ਬੂ

ਅਜਬ ਇਤਫਾਕ ਹੈ
ਕਿ ਮੈਂ
ਝਿਮਣੀਆਂ ਦੇ ਝਰਨਿਆਂ 'ਚੀਂ
ਪੁਣ-ਪੁਣ ਵੇਖਦਾ ਹਾਂ...
ਦਿਲ ਦਰਿਆ
ਸਮੇਂ ਦੇ ਸਫ਼ੇ ਉੱਤੇ
ਖੁਣੀ ਹੋਈ
ਖਾਹਿਸ਼ਾਂ ਦੀ ਪੈੜ
ਮੇਰੀ ਅੱਖ ਚੋਭਦੀ ਹੈ
ਵਾਰ-ਵਾਰ...

ਅੱਖ ਦੀ ਪੁਤਲੀ ਮੇਰੀ
ਨੱਚਦੀ ਪੁਤਲੀ ਤਰ੍ਹਾਂ...
ਉਲਝਦੀ ਵਾਰ-ਵਾਰ
ਯਾਦਾਂ ਦੇ ਜਾਲ ਅੰਦਰ...

ਮੇਰੇ ਕੰਨਾਂ 'ਚ
ਵਜ ਰਿਹਾ...
ਮੌਤ ਦਾ ਮਰਦੰਗ
ਤਿਗੜ-ਤਿਗੜ... ਧਾ... ਧਾ...
ਇਹ ਕੀ ਸੁਣ ਰਿਹਾ ਹਾਂ ਮੈਂ... ?

ਮੈਂ
ਸੁਣਨਾ ਚਾਹੁੰਦਾਂ
ਸਿਰਫ਼
ਖਾਮੋਸ਼ੀ ਤੇਰੀ

ਮੈਂ
ਬੁਣਨਾ ਚਾਹੁੰਦਾ
ਸਿਰਫ਼
ਸੁਪਨਾ ਤੇਰਾ।

# ਮੱਖਣ ਕੁਹਾੜ ਦੀਆਂ ਪੰਜ ਗ਼ਜ਼ਲਾਂ

(1)

ਬੋਟ ਕਹੇ ਮੈਂ ਉੱਡਣ ਨੂੰ ਲਲਚਾਉਂਦਾ ਹਾਂ।
ਬਾਜ ਕਹੇ ਮੈਂ ਭੁੱਖ ਮਿਟਾਉਣੀ ਚਾਹੁੰਦਾ ਹਾਂ।
ਮੈਂ ਤਾਂ ਰਾਹ ਵਿੱਚ ਆਏ ਬਾਘ ਭਜਾਉਂਦਾ ਹਾਂ।
ਪਰ ਉਹ ਆਖਣ ਬਾਘਾਂ ਨੂੰ ਉਕਸਾਉਂਦਾ ਹਾਂ।
'ਧਰਮੀ' ਆਖਣ ਹਾਕਮ ਨਾਲ ਨਾ ਆਡਾ ਲਾ,
ਮੈਂ ਆਖਾਂ ਮੈਂ ਗੋਬਿੰਦ ਰਾਹ ਅਪਨਾਉਂਦਾ ਹਾਂ।
ਮੈਂ ਸੁਕਰਾਤ, ਗਲੀਲੀਉ, ਸੱਚ ਦਾ ਆਸ਼ਕ ਹਾਂ,
ਦੋਸ਼ ਹੈ ਮੇਰਾ ਹਾਕਮ ਨੂੰ ਨਾ ਭਾਉਂਦਾ ਹਾਂ।
ਉਹ ਬਾਂਸਾਂ ਤੋਂ ਕੇਵਲ ਡਾਂਗਾਂ ਚਾਹੁੰਦੇ ਨੇ,
ਮੈਂ ਬਾਂਸਾਂ ਤੋਂ ਬਾਂਸੁਰੀਆਂ ਬਣਵਾਉਂਦਾ ਹਾਂ।

ਸੁੱਕ ਜਾਵਾਂਗਾ ਖੱਬਲ ਬਣਕੇ ਉਹ ਸਮਝਣ,
ਪਰ ਮੈਂ ਜਦ 'ਚੋਂ ਫੇਰ ਤੋਂ ਪੁੰਗਰ ਆਉਂਦਾ ਹਾਂ।
ਜਾਗ ਪਵਾਂ ਤਾਂ ਵਾਨਰ ਸੈਨਾ ਲੱਭੇ ਨਾ,
ਸੁਪਨੇ ਵਿੱਚ ਮੈਂ ਰਾਵਣ ਮਾਰ ਮੁਕਾਉਂਦਾ ਹਾਂ।
ਜਾਣਦੇ ਹੋਏ ਵੀ ਕਿ ਇਹ ਕਾਵਾਂ ਚੁਗ ਲੈਣੇ,
ਫਿਰ ਵੀ ਮੈਂ ਹੰਸਾਂ ਲਈ ਚੋਗ ਖਿੰਡਾਉਂਦਾ ਹਾਂ।
ਲੂਅ ਵਿੱਚ ਕਾਸਾ ਡੋਨਾ ਲਾਉਂਦਾ ਦਿਸਦਾ ਹੈ,
ਪੱਖੇ ਹੇਠਾਂ ਜਦ ਵੀ ਮੈਂ ਸੁਸਤਾਉਂਦਾ ਹਾਂ।

(2)

ਔਰਤ ਨੂੰ ਸੁੰਦਰ ਕੀਤਾ ਸੀ ਇਨਸਾਨਾਂ ਨੇ।
ਬਦਸੂਰਤ ਪਰ ਕਰ ਦਿੱਤੇ ਧੰਨਵਾਨਾਂ ਨੇ।
ਨਜ਼ਰ ਤਾਂ ਡਾਹਡੀ ਰੱਖੀ ਸੀ ਨਿਗਰਾਨਾਂ ਨੇ।
ਦਸਤਕ ਫਿਰ ਵੀ ਦਿੱਤੀ ਆਣ ਤੁਫਾਨਾਂ ਨੇ।
ਹੋਰ ਵੀ ਉਦੇ ਹੋਣਗੇ ਸਾਡੇ ਪਰਬਤ ਹੁਣ,
ਫੈਸਲਾ ਕੀਤੈ ਅਮਰੀਕੀ 'ਧੰਨਵਾਨਾਂ' ਨੇ।
ਲਗਦੀ ਹੈ ਜੋ ਅਕਸਰ ਦੀਮਕ ਕਲਪਾ ਨੂੰ,
ਉਹ ਪਾਲ਼ੀ ਹੈ ਸਰਕਾਰੀ ਸਨਮਾਨਾਂ ਨੇ।
ਮੰਜ਼ਿਲ ਦਾ ਰਾਹ ਕਾਹਦਾ ਆਪਾਂ ਪੁੱਛ ਬੈਠੇ,
ਭੰਬਲ-ਭੂਸੇ ਪਾ ਦਿੱਤਾ ਵਿਦਵਾਨਾਂ ਨੇ।
ਕਸਰ ਨਹੀਂ ਸੀ ਸਾਡੀ ਤੀਰ ਅੰਦਾਜ਼ੀ ਵਿੱਚ,
ਐਪਰ ਧੋਖਾ ਕੀਤਾ ਹੈ ਰਥਵਾਨਾਂ ਨੇ।
ਘਰ-ਘਰ ਮੀਆਂ, ਸਭਨਾ ਜੀਆਂ, ਬੋਲੀ ਅਵਰ,
ਮਾਂ ਬੋਲੀ ਛੱਡ ਦਿੱਤੀ ਨਾਨਕ-ਵਾਨਾਂ ਨੇ।
ਜਦ ਵੀ ਹਾਣ ਦੀ ਰੁੱਤ ਕਿਸੇ ਮਨਚਿਤਵੀ ਹੈ,
ਸੂਤ ਲਈ ਤਲਵਾਰ ਹੈ ਝਟ ਸਲਵਾਨਾਂ ਨੇ।
ਪੀਲੇ ਫੁੱਲ ਹੀ ਖਿੜ ਸਕਦੇ ਨੇ ਗੁਲਜ਼ਾਰੀਂ
ਫਤਵਾ ਪੜਿਐ 'ਰਾਜੇ' ਦੇ ਦਰਬਾਨਾਂ ਨੇ

(3)

ਅੰਬਰ ਦਾ ਤਾਂ ਤਾਰਾ ਤਾਰਾ ਬਿਹਤਰ ਹੈ।
ਪਰ ਨਾ ਧਰਤੀ ਬਟਵਾਰਾ ਬਿਹਤਰ ਹੈ।
ਬਾਘ ਤੇ ਵੇਲੇ ਇੱਕੋ ਵਾੜੇ ਡੱਕਣ ਦਾ,



ਆਜ਼ਾਦੀ ਦਾ ਕੀ ਇਹ ਵਰਤਾਰਾ ਬਿਹਤਰ ਹੈ?
ਹਰ ਪਲ ਦਿਲ 'ਤੇ ਚੱਲਦੇ, ਚਿੰਤਾ-ਆਰੇ ਤੋਂ,
ਇੱਕੋ ਵਾਰ ਦਾ ਘੱਲੂਕਾਰਾ ਬਿਹਤਰ ਹੈ।
ਗਲ਼ੀਆਂ ਦੇ ਵਿੱਚ ਫਿਰਦੇ ਅਜ਼ਗਰ ਪਕੜਨ ਲਈ,
ਜੋ ਵੀ ਕਰਦੈ ਸੱਚਾ ਚਾਰਾ ਬਿਹਤਰ ਹੈ।
ਆਪਣਾ ਨ੍ਹਈਂ ਤਾਂ ਮਹਿਲ ਮੁਨਾਰਾ ਬਿਹਤਰ ਨ੍ਹਈਂ,
ਆਪਣਾ ਹੈ ਤਾਂ ਕੱਢਾ ਢਾਰਾ ਬਿਹਤਰ ਹੈ।
ਤਰਕ-ਵਿਹੂਣੀ ਕਲਮ ਕਿਸੇ ਵੀ ਕੰਮ ਨਹੀਂ,
ਕਲਮ ਕਰੇ ਸੱਚ ਝੂਠ ਨਿਤਾਰਾ ਬਿਹਤਰ ਹੋ।
ਦਿਨ ਨੂੰ ਲਟ-ਲਟ ਬਣਕੇ ਰਾਤ ਨੂੰ ਬੁਝ ਜਾਵੇ,
ਉਸ ਦੀਪਕ ਤੋਂ ਟੁੱਟਿਆ ਤਾਰਾ ਬਿਹਤਰ ਹੈ।
ਚਿਕੜ, ਜਿਲ੍ਹਣ ਜਿਸ ਚੋਂ ਮਰ ਕੇ ਨਿਕਲੇ ਹਾਂ,
ਫੇਰ ਨਾ ਫਸਣਾ ਪਏ ਦੁਬਾਰਾ ਬਿਹਤਰ ਹੈ।

(4)

ਰੋਸ਼ਨੀਆਂ ਨੇ ਕੈਸਾ ਝੁਰਮੁਟ ਪਾਇਆ ਹੈ।
ਇਸਦਾ ਨ੍ਹਈਂ ਕੌਣ ਆਪਣਾ ਕੌਣ ਪਰਾਇਆ ਹੈ।
ਇਹ ਕਿੱਦਾਂ ਦਾ ਨਵਾਂ ਵਪਾਰੀ ਆਇਆ ਹੈ।
ਚਾਨਣ ਕਹਿ ਕੇ 'ਨ੍ਹੇਰਾ ਵਿਕਣੇ ਵਾਇਆ ਹੈ।
ਪਿੰਡ 'ਤੇ ਅੱਜ ਫਿਰ ਇੱਲਾਂ ਨੇ ਮੰਡਰਾ ਰਹੀਆਂ,
ਵੱਡੇ ਸ਼ਹਿਰੋਂ ਕੋਈ ਸ਼ਿਕਾਰੀ ਆਇਆ ਹੈ।
ਵਣਜਾਰਾ ਜੋ ਵੰਗਾਂ ਲੈ ਕੇ ਆਉਂਦਾ ਸੀ,
ਉਹ ਹੁਣ ਚਿੱਟੀਆਂ ਚੁੰਨੀਆਂ ਲੈ ਕੇ ਆਇਆ ਹੈ।
ਬਹੁਤ ਪੁਰਾਣਾ ਜੱਦੀ ਘਰ ਹੈ ਇਹ ਮੇਰਾ,
ਬਿਨਾ ਪੁੱਛੇ ਕਿਸ ਇਸ ਨੂੰ ਵਿਕਣੇ ਲਾਇਆ ਹੈ।
ਲੱਖ ਵਾਰੀ ਕੁਰਬਾਨਾਂ ਹਾਂ ' ਉਸ ਦੀਪਕ ਤੋਂ,
ਕਹਿਰ ਦੀ 'ਨੇਰੀ ਵਿੱਚ ਜੋ ਬੁਝ ਨਾ ਪਾਇਆ ਹੈ।
ਨਿਰਦਈਆਂ ਦੀ ਬਸਤੀ ਵਿੱਚ ਤੂੰ ਕਿਉਂ ਐ ਦਿਲ,
ਐਵੇਂ ਸਭ ਨੂੰ ਰੋ-ਰੋ ਹਾਣ ਸੁਣਾਇਆ ਹੈ।

(5)

ਉਹ ਲੋਕੀਂ ਜੋ ਕੱਲਿਆਂ ਕਰਕੇ, ਨਿੱਕੀ ਗੱਲ ਤੋਂ ਡਰ ਜਾਂਦੇ ਨੇ।
ਸਾਥ ਮਿਲੇ ਤਾਂ ਉਹ ਹੀ ਲੋਕੀਂ, ਹਰ ਬਿਪਤਾ ਸਰ ਕਰ ਜਾਂਦੇ ਨੇ।
ਬਹੁਤ ਬੱਦਲ ਕਾਲ਼ੀ ਘਟ ਬਣ, ਸਾਗਰ ਤੇ ਹੀ ਵਰ੍ਹ ਜਾਂਦੇ ਨੇ।

ਛੋਟੇ ਹੁੰਦਿਆਂ ਵੀ ਕੁਝ ਬੱਦਲ, ਮਾਰੂਥਲ ਤਰ ਕਰ ਜਾਂਦੇ ਨੇ।
ਸੱਭ ਤੋਂ ਪੱਕੇ ਸਭ ਤੋਂ ਗਹਿਰੇ, ਸੱਚੇ, ਸੁੱਚੇ, ਪੀੜ ਦੇ ਰਿਸ਼ਤੇ,
ਇਹ ਰਿਸ਼ਤੇ ਜਦ ਜੁੜ ਜਾਂਦੇ ਨੇ ਸਾਰੇ ਦਰਦ ਹੀ ਹਰ ਜਾਂਦੇ ਨੇ।
ਦਰਦ, ਗਮਾਂ ਦੇ ਹੰਜੂਣ ਹਾਉ ਨੇ, ਸੱਭ ਕੁਝ ਨਾਲੇ ਹੀ ਨੇ ਰੱਖਦੇ,
ਕਹਿਣ ਨੂੰ ਲੋਕੀਂ ਖੁਸ਼ੀਆਂ ਵੰਡਣ, ਇੱਕ ਦੂਜੇ ਦੇ ਘਰ ਜਾਂਦੇ ਨੇ।
ਅਗਰ ਨਾ ਕੋਈ ਹੋਰ ਉਚੇੜੇ, ਮੁੜ ਮੁੜਨਾ ਉਸ ਥਾਂ ਤੋਂ ਛੇੜੇ,
ਕਿੰਨੇ ਗਹਿਰੇ ਹੋਣ ਜ਼ਖ਼ਮ ਫਿਰ, ਸਹਿਜੇ ਸਹਿਜੇ ਭਰ ਜਾਂਦੇ ਨੇ।
ਓਸ ਬਗੀਚੀ ਦੀ ਹਾਲਤ ਦਾ, ਮਾਲੀ ਹੀ ਤਾਂ ਦੋਸ਼ੀ ਹੈ,
ਜੋਬਨ ਰੁੱਤੇ ਜਿਸਦੇ ਪੱਤੇ ਪੀਲੇ ਪੈਲੇ ਝਰ ਜਾਂਦੇ ਨੇ।
ਪੰਛੀ ਜਿਹੜੇ ਉੱਡਣਾ ਲੋਚਣ, ਪਲ-ਪਲ ਅੰਬਰ ਦੇ ਵੱਲ ਝਾਕਣ,
ਉੱਡਣ ਤੋਂ ਜੋ ਡਰ ਜਾਂਦੇ ਨੇ, ਆਹਲਣਿਆਂ ਵਿੱਚ ਮਰ ਜਾਂਦੇ ਨੇ।
ਅੰਨ੍ਹੇ ਰਾਹ ਦਸੇਰੇ, ਥਾਂ-ਥਾਂ, ਲਾਈ ਬੈਠੇ ਡੇਰੇ, ਥਾਂ-ਥਾਂ,
ਅੰਨੇ ਰਾਹੀਂ ਅੰਨ੍ਹੇ ਰਾਹ ਤੁਰ ਸਭ ਅੰਨ੍ਹੇ ਖੂਹ ਭਰ ਜਾਂਦੇ ਨੇ।
ਤੇਰਾ ਕੰਮ 'ਕੁਹਾੜ' ਹੋ ਲੜਨਾ, ਹਾਰਾਂ ਦੇ ਕੋਲੋਂ ਨਾ ਡਰਨਾ,
ਹਾਰਾਂ ਤੋਂ ਜੋ ਡਰ ਜਾਂਦੇ ਨੇ, ਹਰ ਹਾਲਤ ਉਹ ਹਰ ਜਾਂਦੇ ਨੇ।

## ਸ਼ਮਸ਼ੇਰ ਮੋਹੀ ਦੀਆਂ ਚਾਰ ਗ਼ਜ਼ਲਾਂ

(1)

ਮੰਨ ਜਾਨੈਂ ਪਰ ਜ਼ਰੂਰਤ ਪੈਣ 'ਤੇ ਵਰ੍ਹਦਾ ਨਹੀਂ,
ਕੀ ਵਜ੍ਹਾ ਹੈ ਤੂੰ ਕਦੇ ਵਾਅਦਾ ਵਫ਼ਾ ਕਰਦਾ ਨਹੀਂ।

ਉਂਝ ਤਾਂ ਕਹਿੰਨੈਂ ਕਿ ਮੈਂ ਹਾਂ ਰੌਸ਼ਨੀ ਦਾ ਤਲਬਗਾਰ,
ਬਾਲ਼ ਕੇ ਨ੍ਹੇਰੇ 'ਚ ਇਕ ਵੀ ਦੀਪ ਤੂੰ ਧਰਦਾ ਨਹੀਂ।

ਕੌਣ ਹੈ ਸ਼ਕਤੀ ਤੇਰੀ ਤੇ ਕੀ ਹੈ ਤੇਰਾ ਫ਼ਲਸਫ਼ਾ,
ਸਾਜ਼ਿਸ਼ੀ ਇਸ ਦੌਰ ਵਿਚ ਵੀ ਤੂੰ ਰਤਾ ਡਰਦਾ ਨਹੀਂ।

ਮੈਂ ਉਹਦੇ ਦਰਬਾਰ ਵਿਚ ਜਾ ਸਿਰ ਝੁਕਾ ਦੇਵਾਂ ਕਿਵੇਂ,
ਸੋਚ ਅੰਦਰ ਬੈਠਿਆ ਦੁੱਲਾ ਪਿਆ ਮਰਦਾ ਨਹੀਂ।

ਤਿਲਮਿਲਾ ਉਠਦੈ ਮੇਰੇ ਬਾਰੇ ਉਹ ਏਦਾਂ ਸੋਚ ਕੇ,
ਮੁਖ਼ਤਲਿਫ਼ ਹਾਲਾਤ ਵਿਚ ਵੀ ਇਹ ਕਿਉਂ ਹਰਦਾ ਨਹੀਂ?



(2)

ਸਾਡੇ ਦੂਹਾਂ 'ਚ ਇਹ ਵੱਡਾ ਅੰਤਰ ਲੱਗਦਾ ਹੈ,
ਨਾਨਕ ਤੋਂ ਤੈਨੂੰ ਬਿਹਤਰ ਬਾਬਰ ਲੱਗਦਾ ਹੈ।

ਕਈ ਵਾਰੀ ਤਾਂ ਐਸਾ ਵੀ ਆਲਮ ਹੈ ਹੁੰਦਾ,
ਮਹਿਕ ਰਿਹਾ ਹਰ ਪਾਸੇ ਹਰ ਪੱਥਰ ਲੱਗਦਾ ਹੈ।

ਤਰਸ ਰਿਹੈ ਇਹ ਮੁੱਦਤ ਤੋਂ ਜੋ ਦਸਤਕ ਖ਼ਾਤਰ,
ਇਹ ਵੀ ਮੇਰੇ ਘਰ ਵਰਗਾ ਹੀ ਘਰ ਲੱਗਦਾ ਹੈ।

ਖ਼ਬਰੇ ਕਿੱਥੇ, ਕਿਸਦਾ ਹੋ ਕੇ ਰਹਿ ਜਾਂਦੈ ਉਹ,
ਮੇਰੇ ਵੱਲ ਨੂੰ ਆਉਂਦਾ ਜੋ ਅਕਸਰ ਲਗਦਾ ਹੈ।

ਇਸ ਨੂੰ ਵੀ ਕੋਈ ਕਹਿ ਨਾ ਦੇਵੇ ਨੌਟੰਕੀ,
ਦਿਲ ਦਾ ਦਰ੍ਦ ਸੁਣਾਉਂਦੇ ਵੀ ਹੁਣ ਡਰ ਲੱਗਦਾ ਹੈ।

ਭਰਦਾ ਕਿਉਂ ਨਈਂ ਇਹ ਰੂਹ ਅੰਦਰਲਾ ਖ਼ਾਲੀਪਨ,
ਦੇਖਣ ਨੂੰ ਇਹ ਭਾਵੇਂ ਰੱਤੀ ਭਰ ਲੱਗਦਾ ਹੈ।

ਕੀ ਹੈ ਉਸਦਾ ਸੱਚ ਅਜੇ ਇਹ ਭੇਦ ਜਿਹਾ ਹੈ,
ਤੈਨੂੰ ਥਲ ਪਰ ਮੈਨੂੰ ਉਹ ਸਾਗਰ ਲੱਗਦਾ ਹੈ।
ਕਿਉਂ ਨਈਂ ਉਹਨੂੰ ਦੁਖੜੇ ਤੇਰੇ ਦਿਸਣ 'ਚ ਆਉਂਦੇ,
ਤੈਨੂੰ ਜੋ ਹਰ ਪਲ ਹਾਜ਼ਰ ਨਾਜ਼ਰ ਲੱਗਦਾ ਹੈ।

(3)

ਜ਼ੋਰ ਦੀ ਨ੍ਹੇਰੀ ਦੇ ਪਿੱਛੋਂ ਵੀ ਸੰਵਰਨਾ ਆ ਗਿਆ ਹੈ।
ਜ਼ਿੰਦਗੀ ਦੇ ਠੀਕ ਰਾਹ 'ਤੇ ਪੈਰ ਧਰਨਾ ਆ ਗਿਆ ਹੈ।

ਪੁੱਛਿਆ ਮੈਂ ਖ਼ਾਸ ਫ਼ਨ ਤਾਂ ਹੱਸ ਕੇ ਦੱਸਿਆ ਉਨ੍ਹਾਂ ਨੇ,
ਮਹਿਕਦੇ ਫੁੱਲਾਂ ਨੂੰ ਪਲ ਵਿਚ ਰਾਖ ਕਰਨਾ ਆ ਗਿਆ ਹੈ।

ਹੁਣ ਕਿਸੇ ਦਰਬਾਰ ਨੂੰ ਤੇਰੇ ਤੋਂ ਨਈਂ ਖਤਰਾ ਕੋਈ ਵੀ,
ਹੁਣ ਤਾਂ ਤੈਨੂੰ ਸਬਰ ਕਰਨਾ, ਜਬਰ ਜਰਨਾ ਆ ਗਿਆ ਹੈ।

ਆਪਣੇ ਮਨ ਦੀ ਫ਼ਕੀਰੀ ਨੂੰ ਸਲਾਮਤ ਰੱਖਦਿਆਂ ਹੁਣ,
ਚਮਕਦੇ ਬਾਜ਼ਾਰ 'ਚੋਂ ਸਾਨੂੰ ਗੁਜ਼ਰਨਾ ਆ ਗਿਆ ਹੈ।

ਦੇਖ ਕੇ ਮੈਨੂੰ ਉਹ ਅਕਸਰ ਕਿਰਝਦੈ, ਫਿਰ ਸੋਚਦਾ ਹੈ,
ਕਿਸ ਤਰ੍ਹਾਂ ਇਹਨੂੰ ਚੜ੍ਹੇ ਦਰਿਆ 'ਚ ਤਰਨਾ ਆ ਗਿਆ ਹੈ।

(4)

ਏਸ ਨਗਰ ਵਿਚ ਦਿਲ ਰਹਿੰਦਾ ਹੈ ਹਰ ਪਲ ਘੁਟਿਆ ਘੁਟਿਆ।
ਹੁਕਮ ਹੈ ਉੱਪਰੋਂ ਫਿਰ ਵੀ ਇਸਨੂੰ ਸਮਝਾਂ ਆਪਣਾ ਆਪਣਾ।

ਹੈਰਤ ਹੈ ਤੂੰ ਜਾਲ 'ਚ ਫਸਕੇ ਕੋਸ ਰਿਹਾ ਹੈਂ ਮੈਨੂੰ,
ਮੈਂ ਤਾਂ ਠੀਕ ਸਮੇਂ 'ਤੇ ਤੈਨੂੰ ਕਿਹਾ ਸੀ ਉਡ ਜਾ, ਉਡ ਜਾ।

ਮੈਂ ਤਾਂ ਮੁੜ ਮੁੜ ਆਉਣਾ ਹੈ ਪਰ ਔੜ ਵੀ ਜਰਨੀ ਸਿੱਖੀਂ,
ਦੱਸ ਗਿਆ ਸੀ ਪਿਛਲੀ ਵਾਰੀ ਬੱਦਲ ਵਰ੍ਹਦਾ ਵਰ੍ਹਦਾ।

ਮੈਂ ਦਿਲ ਨੂੰ ਸਮਝਾਉਂਦਾ ਰਹਿਨਾਂ ਛੱਡ ਨਾ ਬਹੀਂ ਫ਼ਕੀਰੀ,
ਸਮਝਣ ਯਾਰ ਇਸੇ ਲਈ ਮੈਨੂੰ ਕਮਲਾ ਥੋੜ੍ਹਾ ਥੋੜ੍ਹਾ।

ਖ਼ਬਰੇ ਅੱਜਕਲ੍ਹ ਨਾਲ਼ ਮੇਰੇ ਇਹ ਕਾਹਤੋਂ ਹੋਈ ਜਾਂਦੈ,
ਤੇਰੇ ਤੀਕਰ ਪੁੱਜ ਜਾਂਦਾ ਹਾਂ ਖ਼ੁਦ ਨੂੰ ਲਭਦਾ ਲਭਦਾ।

ਚੁਗ ਧਰਤੀ ਤੋਂ ਚੋਗ ਜਦੋਂ ਉਹ ਪੁੱਜਾ ਅੰਬਰ ਕੋਲੇ,
ਕੋਸ ਰਿਹਾ ਸੀ ਧਰਤੀ ਨੂੰ ਉਹ ਪੰਛੀ ਉਡਦਾ ਉਡਦਾ।

ਤੇਜ਼ ਹਵਾ ਵਿਚ ਬਲ਼ਦਾ ਦੀਵਾ ਪੁੱਛਦਾ ਸੀ ਕੱਲ੍ਹ ਰਾਤੀਂ,
'ਕੀ ਗੱਲ ਸ਼ੇਰਾ, ਲਗਦਾ ਏਂ ਤੂੰ ਅੱਜਕਲ੍ਹ ਬੁਝਿਆ ਬੁਝਿਆ ?'

ਦਰਦ ਮੇਰਾ ਮੇਰੇ ਸ਼ਿਅਰਾਂ 'ਚੋਂ ਕਦੀ ਨਾ ਦਿਖਿਆ ਉਹਨੂੰ,
ਲੱਗਾ ਰਹਿੰਦੈ ਤੋਲਣ ਜਿਹੜਾ ਮੇਰਾ ਮਿਸਰਾ ਮਿਸਰਾ।

ਚੁਕਦਾ ਰਿਹੈ ਪਹਾੜ ਗ਼ਮਾਂ ਦੇ ਸਾਰਾ ਜੀਵਨ 'ਮੋਹੀ',
ਦੱਸ ਰਿਹੈ ਪੁਸਤਕ ਉਹਦੀ ਦਾ ਵਰਕਾ ਕੱਲਾ ਕੱਲਾ।



## ਗ਼ਜ਼ਲ

*ਸਾ. ਮੰਗਤ ਰਾਮ ਪਾਸਲਾ*

ਹੁਣ ਕਲਮਾਂ ਦੇ ਸ਼ਬਦ ਜੋੜਾਂ ਨੂੰ, ਯਾਰੋ ਕੁਝ ਤਾਂ ਪਾਣ ਦਿਉ।
ਨਿਡਰ ਸਿਰਾਂ ਨੂੰ ਨਾਲ਼ ਅਸੀਸਾਂ, ਬਣਦਾ ਕੁਝ ਤਾਂ ਮਾਣ ਦਿਉ।

ਮੰਨਿਆਂ ਅਜੇ ਲਿਆ ਨਹੀਂ ਸਕਦੇ ਪਰਲੋ ਆਪਾਂ ਧਰਤੀ ਤੇ,
ਵਰ੍ਹੀਆਂ ਮਾਰੂਥਲ ਤੇ ਬੂੰਦਾਂ ਨੂੰ ਅਮਰ ਹੋ ਜਾਣ ਦਿਉ।

ਭਾਵੇਂ ਸਿਤਮ ਦੀ ਸੀਮਾ ਮਿੱਥੀ ਜਾ ਨਹੀਂ ਸਕਦੀ ਓੜਕ ਤਕ,
ਪਰ ਮੇਰੇ ਅਹਿਸਾਸ ਦੀ ਅੱਖ ਨੂੰ ਤਹਿ ਤਕ ਤਾਂ ਹੁਣ ਜਾਣ ਦਿਉ।

ਯੁੱਗ ਯੁੱਗ ਤੋਂ ਇਲਜ਼ਾਮ ਲੱਗਾ ਹੈ, ਖਚਰੇ ਅਤੇ ਨਿਕੰਮੇ ਦਾ,
ਹੁਣ ਖੁਲ੍ਹੀ ਅੱਖ ਦੀਆਂ ਤਿੱਖੀਆਂ ਨਜ਼ਰਾਂ ਦੇ ਨੁਕੀਲੇ ਬਾਣ ਦਿਉ।

ਤੁਰਦਿਆਂ ਥੱਕੇ, ਥੱਕ ਕੇ ਤੁਰਦਿਆਂ ਮੁਰਝਾਏ ਹੋਏ ਰਾਹੀਆਂ ਨੂੰ,
ਸਿਰ ਤੇ ਮੰਜ਼ਿਲ ਚੁੱਕ ਅਗੇਰੇ ਵਧਣ ਦਾ ਵਰਦਾਨ ਦਿਉ।

ਜ਼ਿੰਦਾ ਰਹਾਂਗਾ ਸਦਾ ਲਈ ਇਹ ਦਾਅਵਾ ਤਾਂ ਨਹੀਂ ਕਰ ਸਕਦਾ,
ਪਰ ਸਾਡੀ ਤਰਜ਼-ਏ-ਜ਼ਿੰਦਗੀ ਨੂੰ, ਕੋਈ ਵੱਖਰੀ ਪਹਿਚਾਣ ਦਿਉ।

*ਫੋਨ.-98141-82998*

## ਗ਼ਜ਼ਲ

*ਕੁਲਤਾਰ ਸਿੰਘ 'ਕੁਲਤਾਰ'*

ਆਪਣਾ ਚਿਹਰਾ ਸ਼ੀਸ਼ੇ ਵਿੱਚੋਂ ਵੇਖਣ ਤੋਂ ਡਰ ਲੱਗਦਾ ਹੈ।
ਦਿਲ ਅੰਦਰ ਆਪਣੇ ਜੇ ਝਾਕਾਂ ਝਾਕਣ ਤੋਂ ਡਰ ਲੱਗਦਾ ਹੈ।

ਮੱਲੋ ਮੱਲੀ ਸੌਂਦਾ ਸਾਂ ਕਦੇ, ਰੰਗਲੇ ਸੁਪਨੇ ਵੇਖਣ ਲਈ,
ਬਦਲੇ ਹਾਲਾਤਾਂ ਵਿਚ ਸੁਪਨੇ ਤੱਕਣ ਤੋਂ ਡਰ ਲੱਗਦਾ ਹੈ।

ਕਦੇ ਸਮਾਂ ਸੀ ਨਾਲ ਢਾਣੀਆਂ, ਬਣ ਠਣ ਮੇਲੇ ਜਾਂਦੇ ਸਾਂ,
ਅੱਜ ਇਕੱਲ ਚੰਗੀ ਹੈ, ਭੀੜਾਂ ਵੇਖਣ ਤੋਂ ਡਰ ਲੱਗਦਾ ਹੈ।

ਆਥਣ ਵੇਲੇ ਬਾਰ ਖੋਲ੍ਹ ਜੋ, ਰੋਜ਼-ਉਡੀਕਾਂ ਕਰਦੀ ਸੀ,
ਹੁਣ ਆਖੇ ਜਦ ਕੁੰਡਾ ਖੜਕੇ, ਖੋਲ੍ਹਣ ਤੋਂ ਡਰ ਲੱਗਦਾ ਹੈ।

ਮੇਰੇ ਘਰ ਦੇ ਆਪਣੇ ਰੁੱਖ ਦੇ ਪੱਤੇ, ਵ੍ਹਾ ਵਿਚ ਹਿੱਲਦੇ ਜਦ,
ਸਹਿਮ ਕੇ ਆਪਣੇ ਰੁੱਖ ਦੀ ਵੀ ਛਾਂ, ਮਾਨਣ ਤੋਂ ਡਰ ਲੱਗਦਾ ਹੈ।

ਨੂੰਹ-ਪੁੱਤ ਨੇ ਜਦ ਮਿਲਕੇ ਸੁੱਤੇ, ਮਾਂ-ਪਿਉ ਦਾ ਗਲ਼ ਘੁੱਟ ਦਿੱਤਾ,
ਜਦ ਤੋਂ ਪੜ੍ਹਿਆ ਸਹਿਮ ਕੇ ਰਿਸ਼ਤੇ ਪਾਲਣ ਤੋਂ ਡਰ ਲੱਗਦਾ ਹੈ।

ਚਕਾ-ਚੌਂਧ ਬਾਜ਼ਾਰ ਦੀ ਮੇਰੇ ਘਰ, ਜਦ ਫੇਰਾ ਪਾ ਆਈ,
ਏਸ ਨਵੀਂ ਤਹਿਜ਼ੀਬ ਤੇ ਐਸੇ, ਚਾਨਣ ਤੋਂ ਡਰ ਲੱਗਦਾ ਹੈ।

ਲੋਕਾਂ ਲਈ ਲਿੱਖਣ ਦਾ ਦਾਅਵਾ, ਨਿਤ ਨਿਤ ਕਰਦਾ ਰਹਿੰਦਾ ਹਾਂ,
ਪਰ ਜਦ ਆਪਣਾ ਆਪ ਫਰੋਲਾਂ ਲਿੱਖਣ ਤੋਂ ਡਰ ਲੱਗਦਾ ਹੈ।

*ਮੋਬ.-946546-65604*

# ਗ਼ਜ਼ਲ

*—ਗੁਰਨਾਮ ਢਿੱਲੋਂ*

ਧਰਤ ਕੰਬੇ, ਰੋ ਰਿਹਾ ਅਸਮਾਨ ਹੈ।
ਕੌਣ ਸਾਦਰ ਕਰ ਰਿਹਾ ਫ਼ਰਮਾਨ ਹੈ।
ਲਾਏ ਕਿਸ ਨੇ ਰੋਗ ਵਾਤਾਵਰਣ ਨੂੰ
ਉੱਗ ਰਿਹਾ ਹਰ ਥਾਂ 'ਤੇ ਕਬਰਸਤਾਨ ਹੈ।

ਸੁੱਕ ਰਹੇ ਹਨ ਖੂਹ, ਜੰਗਲ ਜਲ ਰਹੇ
ਫੇਰ ਵੀ ਸੁੱਤਾ ਪਿਆ ਇਨਸਾਨ ਹੈ।
ਪੌਣ, ਪਾਣੀ ਹੋਏ ਦੂਸ਼ਤ, ਹੈ ਤਿਆਰ
ਜ਼ਿੰਦਗੀ ਦੀ ਮੌਤ ਦਾ ਸਾਮਾਨ ਹੈ।

ਪੀਂਘ ਸੱਤਰੰਗੀ ਹੈ ਜ਼ਖਮੀ ਹੋ ਗਈ
ਬੱਦਲਾਂ ਦਾ ਦਿਲ ਵੀ ਲਹੂ-ਲੁਹਾਨ ਹੈ।
ਪਿਘਲ ਪਿਘਲ ਬਰਫ਼ ਨੰਗੇ ਹੋ ਰਹੇ
ਖ਼ਤਮ ਹੋ ਰਹੀ ਪਰਬਤਾਂ ਦੀ ਸ਼ਾਨ ਹੈ।
ਨਦੀ, ਨਾਲੇ, ਦਰਿਆ ਦੂਸ਼ਿਤ ਹੋ ਗਏ

ਹੋ ਰਹੀ ਗੁਲਜ਼ਾਰ, ਰੇਗਿਸਤਾਨ ਹੈ।
ਇਕ ਪਾਸੇ ਥੱਲ ਵਧਦੇ ਜਾ ਰਹੇ
ਦੂਜੇ ਪਾਸੇ ਸਾਗਰੀ ਤੂਫ਼ਾਨ ਹੈ।
ਰੋਸ਼ਨੀ ਦੀ ਅੱਖ ਦੁਖਦੀ ਹੈ ਪਈ
ਖੌਰੇ ਕਿੱਥੇ ਲੁਕ ਗਿਆ ਲੁਕਮਾਨ ਹੈ।

ਫੁੱਲ, ਮਹਿਕ, ਰੰਗ, ਰੂਪ, ਤਾਜ਼ਗੀ,
ਰੱਸ, ਧੁਨ ਸੱਭ ਕੁੱਝ ਵੀਰਾਨ ਹੈ।
ਗੀਤ, ਗ਼ਜ਼ਲ, ਸ਼ਿਅਰ, ਨਜ਼ਮ ਵਿਕ ਰਹੇ
ਹਰ ਜਗ੍ਹਾ ਬਾਜ਼ਾਰ ਹੀ ਪਰਧਾਨ ਹੈ।

ਦਿਲ, ਗੁਰਦੇ, ਜ਼ਿਗਰ ਕੱਢ ਕੇ ਵੇਚਦੇ
ਨਾਮ ਹਸਪਤਾਲ, ਪਰ ਦੁਕਾਨ ਹੈ।
ਮਾਂ ਕੁਦਰਤ ਬਖਸ਼ਦੀ ਹੈ ਨਿਹਮਤਾਂ
ਆਦਮੀ ਦਾ ਦਿਲ ਹੀ ਬੇਈਮਾਨ ਹੈ।





# ਮੁਜ਼ੱਫਰ ਨਗਰ/ਸੰਜੀਵ ਕੌਸ਼ਲ

ਅੱਜ ਸੂਰਜ ਹਿੰਦੂ
ਅਤੇ ਚੰਦ ਮੁਸਲਮਾਂ ਹੋਵੇਗਾ
ਅੱਜ ਦਿਨ ਰਾਤ ਵਿਚ
ਆਦਮੀ ਆਦਮੀ ਦਾ
ਫਰਕ ਹੋਵੇਗਾ।
ਗਿਰਨਗੇ ਸਿਤਾਰੇ ਅੱਜ
ਅਨਾਜ ਹੋ ਕੇ
ਅੱਧਾ ਹਿੰਦੂ
ਅੱਧਾ ਮੁਸਲਮਾਨ ਹੋਵੇਗਾ
ਜ਼ਮੀਨ ਵਿਲਕੇਗੀ
ਟੁਕੜਾ ਟੁਕੜਾ ਹੋ ਕੇ
ਦਿਲਾਂ ਵਿਚ ਬੰਜਰ
ਹੱਥਾਂ ਵਿਚ ਖੰਜਰ ਹੋਵੇਗਾ
ਜਿੱਥੋਂ ਤੱਕ ਵੇਖੋ
ਉਦਾਸੀਆਂ ਮੁਸਕਰਾਉਗੀਆਂ
ਜਦੋਂ ਕਿਸੇ ਟਾਹਣੀ ਉਤੇ
ਨਾ ਪੱਤਾ, ਨਾ ਕੋਈ ਫੁੱਲ ਹੋਵੇਗਾ।
ਹੋਣਗੇ ਰੰਗ ਬਸ ਦੋ ਤਰ੍ਹਾਂ ਦੇ
ਹਰ ਆਦਮੀ
ਕੀ ਇਹਨਾਂ ਹੀ ਰੰਗਾਂ ਵਿਚ ਰੰਗਿਆ ਹੋਵੇਗਾ ?
ਤੇਰੀਆਂ ਮੇਰੀਆਂ ਗੱਲਾਂ ਹੁਣ
ਕੌਣ ਸੁਣੇਗਾ ?
ਕੇਵਲ ਕੁਝ ਲੋਕਾਂ ਦਾ
ਆਵਾਜ਼ ਉੱਤੇ ਕਬਜ਼ਾ ਹੋਵੇਗਾ
ਮੇਰੀਆਂ ਅੱਖਾਂ ਵਿਚ ਸੁਪਨੇ ਸਨ
ਮੱਤ ਪੁੱਛ
ਵੇਖ!
ਤੇਰੀਆਂ ਅੱਖਾਂ ਦਾਰੰਗ ਵੀ
ਉੱਡ ਗਿਆ ਹੋਵੇਗਾ।
ਕੀ ਹੋਇਆ ਕਿ ਮਲਦਾ ਰਿਹਾ ਅੱਖਾਂ
ਰੌਸ਼ਨੀ ਦੇ ਲਈ
ਕੋਈ ਚਿਰਾਗ਼ ਅੱਖਾਂ ਦੇ
ਸਭ ਲੈ ਗਿਆ ਹੋਵੇਗਾ।
ਈਦ ਦਾ ਚੰਦ
ਕੀ ਚੰਦ ਹੋਵੇਗਾ ਈਦ ਦਾ ਬੱਸ
ਪੁਰਾਣੇ ਦੋਸਤਾਂ ਦਾ
ਕੀ ਕੋਈ ਹੋਰ ਨਾ ਹੋਵੇਗਾ ?
ਸੁਹਾਗ ਦੀਆਂ ਚੂੜੀਆਂ
ਹੁਣ ਕਿਵੇ ਛਣਕਣਗੀਆਂ
ਉਦਾਸ ਭੱਠੀਆਂ ਵਿਚੋਂ
ਪਿਆਰ ਬੁਝ ਗਿਆ ਹੋਵੇਗਾ
ਕਿਵੇਂ ਮੁਨਾਓਗੇ ਹੁਣ ਹੋਲੀ
ਦੀਵਾਲੀ ਤੁਸੀਂ
ਗੁੰਗੇ ਪਟਾਖੇ ਅਤੇ ਬੇਰੰਗ
ਦਾ ਹੁਣ ਸਾਹਮਣਾ ਹੋਵੇਗਾ।
ਨਿਮਾਜ਼ ਦੀਆਂ ਦੁਆਵਾਂ
ਨਾ ਹੋਣਗੀਆਂ ਹੁਣ ਮੇਰੇ ਲਈ
ਈਸ਼ਵਰ-ਅੱਲਾ ਦਾ ਫਾਸਲਾ
ਏਨਾ ਵਧ ਗਿਆ ਹੋਵੇਗਾ।
ਸ਼ਰਾਫਤ ਦੀ ਕਲਾਈ ਉੱਤੇ
ਉਹ ਛੋਟੀ ਭੈਣ ਦੀ ਰੱਖੜੀ
ਉਹ ਧਾਗਾ ਪਿਆਰ ਦਾ
ਕੀ ਖ਼ੁਦ-ਬਖ਼ੁਦ ਖੁੱਲ੍ਹ ਗਿਆ ਹੋਵੇਗਾ ?
ਕਿੱਥੇ ਜਾਵਾਂ ਕਿ ਮੰਦਰ ਮਸਜਦ ਨੇ ਹਰ ਤਰਫ
ਘਰ ਜੋ ਆਸਰਾ ਸੀ
ਹੁਣ ਕਿੱਥੇ ਹੋਵੇਗਾ ?

***104, ਪਹਿਲੀ ਮੰਜ਼ਲ***
***ਪ੍ਰਤਾਪ ਨਗਰ, ਜੇਲ੍ਹ ਰੋਡ***
***ਹਰੀ ਨਗਰ, ਨਵੀਂ ਦਿੱਲੀ-***
***110064***

*ਇੱਕ ਰੀਪੋਰਟ :*

# ਚੰਡੀਗੜ੍ਹ ਤੋਂ ਫਰੈਜ਼ਨੋ ਤਕ

*-ਅਰਤਿੰਦਰ ਸੰਧੂ*

ਚਾਰ-ਪੰਜ ਜੂਨ 2016 ਨੂੰ ਅਮਰੀਕਾ ਵਿਚ ਕੈਲੀਫੋਰਨੀਆ ਦੇ ਸ਼ਹਿਰ ਫਰੈਜ਼ਨੋ ਵਿਚ ਵੱਸਦੇ ਪੰਜਾਬੀ ਲੇਖਕ ਭਾਈਚਾਰੇ ਵੱਲੋਂ ਇਕ ਕਾਨਫ਼ਰੰਸ ਦਾ ਆਯੋਜਨ ਕੀਤਾ ਗਿਆ। ਵਿਸ਼ਾ ਸੀ "ਵਿਸ਼ਵ ਪੰਜਾਬੀ ਸਾਹਿਤ, ਸਭਿਆਚਾਰ ਤੇ ਭਾਸ਼ਾ : ਵਰਤਮਾਨ ਦੇ ਭਵਿੱਖ" ਪੰਜਾਬੀ ਜਿੱਥੇ ਵੀ ਵੱਸਦੇ ਹਨ, ਆਪਣੀ ਭਾਸ਼ਾ ਤੇ ਸਭਿਆਚਾਰ ਨਾਲ ਕੁਦਰਤੀ ਤੌਰ 'ਤੇ ਜੁੜੇ ਰਹਿਣਾ ਚਾਹੁੰਦੇ ਹਨ। ਸੋ ਸਮੇਂ ਸਮੇਂ ਕੈਨੇਡਾ, ਅਮਰੀਕਾ ਤੇ ਇੰਗਲੈਂਡ ਆਦਿ ਥਾਵਾਂ 'ਤੇ ਅਜਿਹੇ ਸੁਭਾਅ ਵਾਲ਼ੀਆਂ ਕਾਨਫ਼ਰੰਸਾਂ ਹੁੰਦੀਆਂ ਹੀ ਰਹਿੰਦੀਆਂ ਹਨ।

ਇਹ ਕਾਨਫ਼ਰੰਸ ਵੀ ਅਮਰੀਕਾ ਵੱਸਦੇ ਨਾਮਵਰ ਪੰਜਾਬੀ ਸ਼ਾਇਰ/ਲੇਖਕ ਡਾ. ਗੁਰੂਮੇਲ ਸਿੱਧੂ ਤੇ ਉਨ੍ਹਾਂ ਦੇ ਦੋਸਤਾਂ ਵੱਲੋਂ ਡਾ. ਦੀਪਕ ਮਨਮੋਹਨ ਨਾਲ ਤਾਲਮੇਲ ਕਰਕੇ ਉਲੀਕੀ ਗਈ ਸੀ। ਇਸ ਦੀ ਰੂਪਰੇਖਾ ਤੋਂ ਹੋਂਦ ਵਿਚ ਲਿਆਉਣ ਵਿਚ ਪਰਵਾਸੀ ਸ਼ਾਇਰ ਪਸ਼ੌਰਾ ਸਿੰਘ ਢਿੱਲੋਂ, ਦਰਸ਼ਨ ਸਿੰਘ ਧਾਲੀਵਾਲ, ਹਰਜਿੰਦਰ ਕੰਗ, ਸੰਤੋਖ ਮਿਨਹਾਸ ਤੇ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਤੇ ਲੇਖਕ ਸਿੱਧੂ ਦਮਦਮੀ ਦਾ ਪੂਰਾ ਯੋਗਦਾਨ ਨਜ਼ਰ ਆਉਂਦਾ ਸੀ। ਕੁਝ ਹੋਰ ਸੰਸਥਾਵਾਂ ਤੋਂ ਬਿਨਾਂ ਮੁੱਖ ਆਰਥਕ ਸਹਿਯੋਗ ਅਮਰੀਕਾ ਵਿਚ ਸੌਗੀ ਦੇ ਬਾਦਸ਼ਾਹ ਮੰਨੇ ਜਾਂਦੇ ਚਰਨਜੀਤ ਸਿੰਘ ਬਾਠ ਕਾਨਫਰੰਸ ਦੇ ਮੁੱਖ ਆਰਥਿਕ ਸਹਿਯੋਗੀ ਸਨ, ਜੋ ਆਪਣੀ ਮਿਹਨਤ ਤੇ ਸੂਝ ਬੂਝ ਦੇ ਸਿਰ 'ਤੇ ਪੰਦਰਾਂ ਹਜ਼ਾਰ ਏਕੜ ਜ਼ਮੀਨ ਦੇ ਮਾਲਕ ਬਣੇ। ਸਾਰੇ ਡੈਲੀਗੇਟਾਂ ਦੇ ਰਾਤ ਦੇ ਖਾਣ ਪੀਣ ਦੀ ਜ਼ਿੰਮੇਵਾਰੀ ਬਾਠ ਹੋਰਾਂ ਦੇ ਘਰ ਹੀ ਦੋਵੇਂ ਦਿਨ ਬੜੀ ਸੁਚੱਜਤਾ ਨਾਲ ਸੰਪੰਨ ਹੋਈ।

ਪ੍ਰੋਗਰਾਮ ਦੇ ਸ਼ੁਰੂਆਤੀ ਸੈਸ਼ਨ ਵਿਚ ਅਮਰੀਕੀ ਕਾਂਗਰਸਮੈਨ ਜਿੰਮ ਕੌਸਟਾ, ਦੀਪਕ ਮਨਮੋਹਨ ਸਿੰਘ, ਡਾ. ਦਲਜੀਤ ਸਿੰਘ ਵਾਈਸ ਚਾਂਸਲਰ ਬਾਹਰਾ ਯੂਨੀਵਰਸਿਟੀ, ਸ਼ਿਮਲਾ, ਦਿੱਲੀ ਤੋਂ ਗਏ ਡਾ. ਰਵਿੰਦਰ ਰਵੀ ਮੰਚ 'ਤੇ ਸਨ। ਨਾਲ ਹੀ ਅਮਰੀਕਨ ਨੁਮਾਇੰਦੇ ਦਰਸ਼ਨ ਸਿੰਘ ਧਾਲੀਵਾਲ, ਚਰਨਜੀਤ ਸਿੰਘ ਬਾਠ, ਪਸ਼ੌਰਾ ਸਿੰਘ ਢਿੱਲੋਂ ਤੇ ਕੁਝ ਹੋਰ ਸ਼ਖ਼ਸੀਅਤਾਂ ਮੌਜੂਦ ਸਨ। ਇਸ ਸੈਸ਼ਨ ਵਿਚ ਕੁੰਜੀਵਤ ਭਾਸ਼ਣ ਪੰਜਾਬੀ ਭਾਸ਼ਾ ਬਾਰੇ ਦਿੱਲੀ ਤੋਂ ਗਏ ਡਾ. ਰਵਿੰਦਰ ਰਵੀ ਦਾ ਸੀ। ਉਦਘਾਟਨੀ ਸੈਸ਼ਨ ਤੋਂ ਪਿੱਛੋਂ ਪਹਿਲੇ ਦਿਨ ਵੱਖ ਵੱਖ ਵਿਸ਼ਿਆਂ 'ਤੇ ਦੋ ਬੈਠਕਾਂ ਵਿਚ ਦਸ ਪਰਚੇ ਪੜ੍ਹੇ ਗਏ। ਡੈਲੀਗੇਟ ਬਠਿੰਡਾ, ਮੁਕਤਸਰ, ਚੰਡੀਗੜ੍ਹ, ਅੰਮ੍ਰਿਤਸਰ, ਪਟਿਆਲਾ, ਦਿੱਲੀ ਆਦਿ ਤੋਂ ਬਿਨਾਂ ਕੈਨੇਡਾ ਤੇ ਇੰਗਲੈਂਡ ਤੋਂ ਵੀ ਆਏ ਹੋਏ ਸਨ। ਪਾਕਿਸਤਾਨ ਤੋਂ ਇਕ ਲੇਖਕਾ ਰਬੀਨਾ ਰਾਜਪੂਤ ਆਈ ਹੋਈ ਸੀ। ਉਸ ਨੇ ਵੀ ਦੂਜੇ ਦਿਨ ਪੰਜਾਬੀ ਵਿਦਿਆਰਥੀ ਵਰਗ ਨੂੰ ਪੜ੍ਹਨ ਤੇ ਪੜ੍ਹਾਉਣ ਦੀ ਅਹਿਮੀਅਤ ਬਾਰੇ ਪਰਚਾ ਪੜ੍ਹਿਆ। ਦੂਜੇ ਦਿਨ ਦਿੱਲੀ ਤੋਂ ਗਈ ਹੋਈ ਡਾ. ਵਨੀਤਾ ਨੇ ਪਰਵਾਸੀ ਪੰਜਾਬੀ ਕਹਾਣੀ, ਸੁਨੀਤਾ ਧੀਰ ਨੇ ਰੰਗਮੰਚ ਵਿਚ ਪੰਜਾਬੀ ਔਰਤਾਂ ਦਾ ਯੋਗਦਾਨ 'ਤੇ ਪਰਚੇ ਪੇਸ਼ ਕੀਤੇ। ਪੰਜਾਬੀ ਯੂਨੀਵਰਸਿਟੀ ਤੋਂ ਗਏ ਰਜਿਸਟਰਾਰ ਡਾ. ਦੇਵਿੰਦਰ ਸਿੰਘ ਨੇ ਪੰਜਾਬੀ ਵਿਕੀਪੀਡੀਆ ਬਾਰੇ ਵਿਲੱਖਣ ਜਾਣਕਾਰੀ ਦਿੱਤੀ। ਸਿੱਧੂ ਦਮਦਮੀ ਮੰਚ ਸੰਚਾਲਨ ਵਾਲੇ ਸੈਸ਼ਨ ਵਿਚ ਦਲਜੀਤ ਸਰਾ ਤੇ ਕੈਨੇਡਾ ਤੋਂ ਆਈ ਜਤਿੰਦਰ ਰੰਧਾਵਾ ਨੇ ਵੀ ਆਪਣੇ ਪਰਚੇ ਪੜ੍ਹੇ। ਪਸ਼ੌਰਾ ਸਿੰਘ ਢਿੱਲੋਂ ਨੇ ਪਰਵਾਸੀ ਸਾਹਿਤਕਾਰਾਂ ਬਾਰੇ ਤੇ ਪਹਿਲਾਂ ਲੁਧਿਆਣਾ ਯੂਨੀਵਰਸਿਟੀ ਰਹਿ ਚੁੱਕੇ, ਹੁਣ ਅਮਰੀਕਾ ਵਿਚ ਦਸ ਹਜ਼ਾਰ ਏਕੜ ਭੂਮੀ ਤੇ ਸਫ਼ਲ ਕਿਰਸਾਨੀ ਕਰ ਰਹੇ ਡਾ. ਲਖਵਿੰਦਰ ਸਿੰਘ ਨੇ ਪੰਜਾਬ ਤੋਂ ਗਏ ਹੋਏ ਕਿਸਾਨਾਂ, ਉਨ੍ਹਾਂ ਨੇ ਆਪਣੇ ਖੇਤਰ ਵਿਚ ਜੋ ਜੋ ਮੱਲਾਂ ਮਾਰੀਆਂ, ਸੰਬੰਧੀ ਜਾਣਕਾਰੀ ਭਰਪੂਰ ਪਰਚਾ ਪੜ੍ਹਿਆ। ਫਿਰ ਕੈਨੇਡਾ ਤੋਂ



ਬਖਸ਼ਿੰਦਰ ਦੁਆਰਾ ਬਣਾਈ ਫ਼ਿਲਮ ਦਾ ਇਕ ਹਿੱਸਾ ਵੀ ਦਿਖਾਇਆ ਗਿਆ।

ਕਾਨਫ਼ਰੰਸ ਦੌਰਾਨ ਸਹਿਜ ਸੁਭਾ ਹੀ ਤਕਰੀਬਨ ਸਾਢੇ ਕੁ ਤਿੰਨ ਮਹੀਨੇ ਪਹਿਲਾਂ ਚੰਡੀਗੜ੍ਹ ਵਿਚ ਕੇਂਦਰੀ ਲੇਖਕ ਸਭਾ ਵੱਲੋਂ ਆਯੋਜਿਤ ਕੀਤੀ ਗਈ ਆਲਮੀ ਪੰਜਾਬੀ ਕਾਨਫ਼ਰੰਸ ਦੇ ਦ੍ਰਿਸ਼ ਵੀ ਨਾਲ ਨਾਲ ਚੱਲਦੇ ਰਹੇ ਕਿਉਂਕਿ ਅਜੇ ਸਮਾਂ ਥੋੜ੍ਹਾ ਹੀ ਹੋਇਆ ਸੀ ਤੇ ਯਾਦਾਂ ਧੁੰਦਲੀਆਂ ਨਹੀਂ ਸਨ ਪਈਆਂ। ਇਸ ਕਾਨਫ਼ਰੰਸ ਵਿਚ ਵੀ ਕੈਨੇਡਾ, ਇੰਗਲੈਂਡ ਤੋਂ ਸਾਹਿਤਕਾਰ ਸ਼ਾਮਿਲ ਹੋਏ ਸਨ। ਇਕ ਅਮਰੀਕਾ ਤੋਂ ਤੇ ਇਕ ਡੁਬਈ ਵਿਚ ਪੰਜਾਬੀ ਸਕੂਲ ਚਲਾਉਣ ਵਾਲੀ ਔਰਤ ਵੀ ਸੀ। ਆਰੰਭਕ ਭਾਸ਼ਣ ਬੇਬਾਕ ਬੁਲਾਰੇ ਵੀਰ ਭਾਰਤ ਤਲਵਾਰ ਦਾ ਸੀ ਜੋ ਦੇਸ਼ ਵਿਚ ਅਜੋਕੇ ਚਰਚਿਤ ਮੁੱਦੇ ਅਸਹਿਨਸ਼ੀਲਤਾ ਬਾਰੇ ਜਾਣਕਾਰੀ ਭਰਪੂਰ ਵਿਖਿਆਨ ਸਾਬਤ ਹੋਇਆ। ਬਾਅਦ ਵਿਚ ਵੱਖ ਵੱਖ ਵਿਦਵਾਨਾਂ ਵੱਲੋਂ ਪੰਜਾਬੀ ਸਾਹਿਤ, ਭਾਸ਼ਾ ਤੇ ਭਾਸ਼ਾਈ ਮਸਲਿਆਂ, ਉਕਾਈਆਂ, ਵਿਸੰਗਤੀਆਂ ਬਾਰੇ ਵੀ ਪਰਚੇ ਪੜ੍ਹੇ ਗਏ। ਪੰਜਾਬੀ ਸਾਹਿਤ ਬਾਰੇ ਵੀ ਵਿਚਾਰ ਵਟਾਂਦਰੇ ਹੋਏ। ਇਹ ਗੱਲ ਖ਼ਾਸ ਤੌਰ 'ਤੇ ਉਤਸ਼ਾਹ ਤੇ ਖ਼ੁਸ਼ੀ ਦੇਣ ਵਾਲੀ ਸੀ ਕਿ ਸਮੁੱਚੀ ਕਾਨਫ਼ਰੰਸ ਵਿਚ ਪੰਜਾਬੀ ਸਾਹਿਤ ਦੇ ਵੱਖ ਵੱਖ ਖੇਤਰਾਂ ਤੋਂ ਆਏ ਵਿਦਵਾਨਾਂ ਦੀ ਭਰਵੀਂ ਹਾਜ਼ਰੀ ਸੀ, ਜਿਸ ਨੇ ਸਹੀ ਅਰਥਾਂ ਵਿਚ ਕਾਨਫ਼ਰੰਸ ਨੂੰ ਅਰਥ ਭਰਪੂਰ ਬਣਾਇਆ। ਪਰ ਇਕ ਅਫ਼ਸੋਸ ਦੀ ਗੱਲ ਇਹ ਰਹੀ ਕਿ ਪਾਕਿਸਤਾਨ, ਜਿਥੇ ਅੱਠ ਕਰੋੜ ਲੋਕਾਂ ਦੀ ਮਾਂ ਬੋਲੀ ਪੰਜਾਬੀ ਹੈ, ਤੋਂ ਕੋਈ ਵੀ ਨੁਮਾਇੰਦਾ ਵੀਜ਼ਾ ਨਾ ਮਿਲਣ ਕਾਰਨ ਨਹੀਂ ਸੀ ਆ ਸਕਿਆ।

ਦੂਸਰੇ ਦਿਨ ਢਾਡੀ ਦੇਸ ਰਾਜ ਲਚਕਾਨੀ ਨੇ ਦੋ ਘੰਟੇ ਵਾਰਾਂ, ਕਲੀਆਂ, ਦੋਹਰੇ ਤੇ ਛੰਦ ਸੁਣਾ ਕੇ ਅਲੋਪ ਹੁੰਦੀ ਜਾ ਰਹੀ ਲੋਕ ਗਾਇਕੀ ਦਾ ਰੰਗ ਵੀ ਪੇਸ਼ ਕੀਤਾ ਤੇ ਇਸ ਕਾਨਫ਼ਰੰਸ ਨੂੰ ਸਾਰਥਕਤਾ ਪ੍ਰਦਾਨ ਕੀਤੀ। ਪਰ ਜਿਵੇਂ ਅਕਸਰ ਦੇਖਿਆ ਜਾਂਦਾ ਹੈ, ਕਾਨਫ਼ਰੰਸਾਂ ਵਿਚ ਪਰਚੇ ਪੜ੍ਹਨ ਵਾਲੇ ਵਿਦਵਾਨ ਕਈ ਕਈ ਦਿਨ ਲਾ ਕੇ ਕਈ ਕਿਤਾਬਾਂ ਦੀ ਮਦਦ ਲੈ ਕੇ ਪਰਚੇ ਲਿਖ ਕੇ ਲਿਆਉਂਦੇ ਹਨ ਪਰ ਸਾਹਮਣੇ ਬੈਠੇ ਸਾਹਿਤਕਾਰ, ਅਕਸਰ ਕੁਝ ਦੇਰ ਪਿੱਛੋਂ ਇਧਰ ਉਧਰ ਬਾਹਰ ਨਿਕਲ ਕੇ ਆਪਸੀ ਮੇਲ ਵਿਚ ਰੁੱਝ ਜਾਂਦੇ ਹਨ। ਇਹ ਵਰਤਾਰਾ ਚੰਡੀਗੜ੍ਹ ਵਿਚ ਵੀ ਤੇ ਫਰੈਜ਼ਨੋ ਵਿਚ ਵੀ ਵੇਖਣ ਨੂੰ ਮਿਲਿਆ। ਸਭਿਆਚਾਰ ਜੋ ਇਕੋ ਹੋਇਆ।

ਦੂਜੇ ਪਾਸੇ ਪੇਪਰ ਪੜ੍ਹਨ ਵਾਲੇ ਕੁਝ ਬੁਲਾਰੇ ਵੀ ਇਸ ਤਰ੍ਹਾਂ ਦੇ ਨਿੱਤਰ ਹੀ ਆਉਂਦੇ ਹਨ ਜੋ ਪ੍ਰਬੰਧਕਾਂ ਦੇ ਬਾਰ ਬਾਰ ਡਾਇਸ 'ਤੇ ਭਾਸ਼ਣ ਦਾ ਸਮਾਂ ਖ਼ਤਮ ਹੋਣ ਦੀਆਂ ਪਰਚੀਆਂ ਰੱਖਣ ਦੇ ਬਾਵਜੂਦ ਭਾਸ਼ਣ ਨੂੰ ਸੰਖੇਪ ਕਰਨ ਦੀ ਕੋਸ਼ਿਸ਼ ਨਹੀਂ ਕਰਦੇ। ਇਸ ਤਰ੍ਹਾਂ ਕਾਨਫ਼ਰੰਸ ਦਾ ਅਨੁਸ਼ਾਸਨ ਭੰਗ ਤਾਂ ਹੁੰਦਾ ਹੀ ਹੈ, ਸਾਰਾ ਪ੍ਰੋਗਰਾਮ ਹੀ ਪ੍ਰਭਾਵਿਤ ਹੋ ਜਾਂਦਾ ਹੈ। ਇਹ ਵਰਤਾਰਾ ਵੀ ਦੋਹੀਂ ਥਾਈਂ ਵੇਖਣ ਨੂੰ ਮਿਲਿਆ।

ਚੰਡੀਗੜ੍ਹ ਦੀ ਆਲਮੀ ਕਾਨਫ਼ਰੰਸ ਬਾਰੇ ਆਪਣੇ ਪ੍ਰਭਾਵ ਅੰਕਿਤ ਕਰਦੀਆਂ ਕੈਨੇਡਾ ਤੋਂ ਆਏ ਕਹਾਣੀਕਾਰ ਮੇਜਰ ਮਾਂਗਟ ਨੇ ਚਿਰਾਗ਼ ਵਿਚ ਲਿਖਿਆ ਹੈ ਕਿ ਇਥੇ ਪੰਜਾਬੀ ਲੇਖਕ ਆਪਣੇ ਪਰਿਵਾਰਾਂ ਨੂੰ ਸਾਹਿਤਕ ਸਮਾਗਮਾਂ ਵਿਚ ਨਾਲ ਲੈ ਕੇ ਨਹੀਂ ਆਉਂਦੇ ਪਰ ਕੈਨੇਡਾ ਦੇ ਲੇਖਕਾਂ ਦੇ ਪਰਿਵਾਰ ਅਜਿਹੇ ਸਮਾਰੋਹਾਂ 'ਤੇ ਸਿਰਫ਼ ਸ਼ਾਮਿਲ ਹੀ ਨਹੀਂ ਹੁੰਦੇ ਸਗੋਂ ਸਾਰਾ ਪ੍ਰਬੰਧ ਵੀ ਕਰਦੇ ਹਨ। ਪਰ ਪੰਜਾਬ ਵਿਚ ਇਸ ਤਰ੍ਹਾਂ ਨਹੀਂ ਹੁੰਦਾ। ਅਮਰੀਕਾ ਵਿਚ ਵੀ ਬਹੁਤ ਘੱਟ ਸਾਹਿਤਕਾਰਾਂ ਦੇ ਪਰਿਵਾਰ ਨਜ਼ਰ ਆਏ।

ਅਮਰੀਕਾ ਵਿਚ ਸਿਰਫ਼ ਓਹੀ ਲੋਕ ਪੰਜਾਬੀ ਭਾਸ਼ਾ ਦੇ ਫ਼ਿਕਰ ਤੇ ਇਸ ਸੰਬੰਧੀ ਪ੍ਰੋਗਰਾਮ ਨਾਲ ਜੁੜੇ ਹੁੰਦੇ ਹਨ ਜੋ ਕਿਸੇ ਵੀ ਉਮਰੇ ਪੰਜਾਬ ਤੋਂ ਗਏ ਹੁੰਦੇ ਹਨ। ਅਗਲੀ ਪੀੜ੍ਹੀ ਨੇ ਤਾਂ ਅਮਰੀਕੀ ਸਭਿਆਚਾਰ ਵਿਚ ਢਲ਼ ਜਾਣਾ ਹੁੰਦਾ ਹੈ, ਜੋ ਉਨ੍ਹਾਂ ਦੀ ਮਜਬੂਰੀ ਵੀ ਹੁੰਦੀ ਹੈ।

ਪੰਜਾਬ ਵਿਚ ਵੀ ਤਾਂ ਅਗਲੀ ਪੀੜ੍ਹੀ ਦੇ ਉਹੀ ਲੋਕ ਸ਼ਾਮਲ ਹੁੰਦੇ ਹਨ ਜੋ ਖ਼ੁਦ ਲੇਖਕ ਹੋਣ। ਪਰਿਵਾਰ ਪ੍ਰਤੱਖ ਰੂਪ ਵਿਚ ਸ਼ਾਮਲ ਨਹੀਂ ਹੁੰਦੇ ਪਰ ਅਦਿੱਖ ਰੂਪ ਵਿਚ ਉਨ੍ਹਾਂ ਦਾ ਸਹਿਯੋਗ ਤਾਂ ਸ਼ਾਮਲ

ਹੁੰਦਾ ਹੀ ਹੈ।

ਚੰਡੀਗੜ੍ਹ ਵਿਚ ਜਦੋਂ ਲੇਖਕ ਕਾਨਫ਼ਰੰਸ ਹਾਲ ਤੋਂ ਬਾਹਰ ਮਿਲਦੇ ਤਾਂ ਰਸਮੀ ਦੁਆ ਸਲਾਮ ਪਿੱਛੋਂ ਗੱਲਬਾਤ ਤੁਰ ਪੈਂਦੀ, ਇਕ ਦੂਜੇ ਨੂੰ ਪੁੱਛਣ ਦੀ ਕਿ ਕੀ ਪੜ੍ਹਿਆ ਜਾਂ ਪੜ੍ਹ ਰਹੇ ਹੋ, ਕੀ ਲਿਖ ਰਹੇ ਹੋਰ ਨਵਾਂ ? ਆਦਿ ਪਰ ਅਮਰੀਕਾ ਵਿਚ ਹੈਰਾਨਗੀ ਹੋਈ ਕਿ ਜਿੰਨੇ ਵੀ ਲੋਕ ਮਿਲ਼ੇ, ਇਥੋਂ ਤਕ ਕਿ ਕਾਨਫ਼ਰੰਸ ਵਿਚ ਅਮਰੀਕਾ ਵਾਲ਼ੇ ਤੇ ਖ਼ਾਸ ਕਰਕੇ ਮਰਦ ਸਾਹਿਤਕਾਰ ਪੁੱਛਦੇ ਰਹੇ, 'ਫਿਰ ਕੌਣ ਆ ਰਿਹਾ ਹੁਣ ? ਜਾਂ ਕਿਸ ਨੂੰ ਲਿਆ ਰਹੇ ਹੋ, ਇਸ ਵਾਰ ?' ਯਾਨਿ ਸਰਕਾਰ ਕਿਸ ਦੀ ਬਣੇਗੀ।

ਸਮਝ ਨਹੀਂ ਸੀ ਆ ਰਹੀ ਇਹ ਦੂਰ ਬੈਠੇ ਪੰਜਾਬੀਆਂ ਦਾ ਭੂ-ਹੇਰਵਾ ਹੈ, ਫ਼ਿਕਰ ਜਾਂ ਜ਼ਿੰਮੇਵਾਰੀ ਦਾ ਅਹਿਸਾਸ ਹੈ, ਆਪਣੇ ਪਿੱਛੇ ਛੱਡ ਗਏ ਮੁਲਕ ਪ੍ਰਤੀ ਜੋ ਉਹ ਏਨਾ ਫ਼ਿਕਰ ਕਰ ਰਹੇ ਸਨ ਤੇ ਇਹ ਫ਼ਿਕਰ ਸਾਡੇ ਨਾਲੋਂ ਵੀ ਕਿਤੇ ਵਧੇਰੇ ਸੀ। ਅਸੀਂ ਜਿਨ੍ਹਾਂ ਨੇ ਹਾਲਾਤ, ਮਨਾਂ ਤੇ ਪਿੰਡਿਆਂ 'ਤੇ ਹੰਢਾਏ ਹਨ ਤੇ ਅੱਗੋਂ ਵੀ ਹੰਢਾਉਣੇ ਹਨ, ਇਸ ਰੁਝਾਨ ਦੇ ਪੰਜਾਬ ਨੂੰ ਫ਼ਾਇਦੇ ਤੇ ਨੁਕਸਾਨ ਦੋਵੇਂ ਹੰਢਾਉਣੇ ਪੈਂਦੇ ਹਨ।

*ਫ਼ੋਨ : 98153-02081*

# ਦਲਿਤ ਵਿਹੜਿਆਂ ਦਾ ਪਵਿੱਤਰੀਕਰਨ

*ਡਾ. ਰੌਣਕੀ ਰਾਮ*

ਭਾਰਤ ਵਿਚ ਦਲਿਤਾਂ ਦੇ ਦਾਅਵੇ ਦੇ ਤੱਥ ਨੂੰ ਅਕਸਰ ਦਲਿਤਾਂ ਦੀ ਸਮਾਜਿਕ ਗਤੀਸ਼ੀਲਤਾ ਦੇ ਦੋ ਮਾਡਲਾਂ ਦੇ ਪ੍ਰਤੀਬਿੰਬਾਂ ਦੁਆਰਾ ਸਮਝਿਆ ਗਿਆ ਹੈ। ਧਰਮ ਬਦਲੀ ਅਤੇ ਸੰਸਕ੍ਰਿਤੀਕਰਨ। ਆਮ ਤੌਰ ਤੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਦਲਿਤ ਜਾਤੀ ਅਧਾਰਤ ਵਖਰੇਵੇਂ ਤੋਂ ਬਚਣ ਲਈ ਦੋਹਾਂ ਵਿਚੋਂ ਇਕ ਢੰਗ ਅਪਨਾਉਂਦੇ ਹਨ। ਪਰ ਅਜੋਕੇ ਪੰਜਾਬ ਵਿਚ ਇਹ ਦੋਵੇਂ ਢੰਗ ਦਲਿਤਾਂ ਦੀ ਸਮਾਜਿਕ ਗਤੀਸ਼ੀਲਤਾ ਦੇ ਵਖਰੇ ਨਮੂਨੇ ਨੂੰ ਬਿਆਨ ਕਰਨ ਵਿਚ ਅਸਫਲ ਰਹੇ ਹਨ। ਰਾਜ ਵਿਚ ਦਲਿਤਾਂ ਦੀ ਬਹੁਗਿਣਤੀ ਨਾ ਤਾਂ ਮੁੱਖ ਧਾਰਾਈ ਧਰਮ ਵਿਚ ਬਦਲੀ ਹੈ ਅਤੇ ਨਾ ਹੀ ਉਸ ਨੇ ਭਾਰੂ ਜਾਤਾਂ ਦੇ ਵਿਸ਼ੇਸ਼ ਸਭਿਆਚਾਰਕ ਗੁਣਾਂ ਨੂੰ ਅਪਨਾਇਆ ਹੈ। ਉਹ ਆਪਣੀ ਮੌਲਿਕ ਧਾਰਮਿਕ ਪਛਾਣ ਬਣਾਈ ਰੱਖਣ ਦੇ ਜ਼ਿਆਦਾ ਚਾਹਵਾਨ ਹਨ, ਜੋ ਨੀਵੀਆਂ ਜਾਤਾਂ ਦੇ ਨੇੜਲੀਆਂ ਵਖਰੀਆਂ ਹੱਦਾਂ ਵਿਚ ਕੈਦ, ਵੱਖਰੀ ਦਲਿਤ ਪਛਾਣ ਦੇ ਤਾਣੇ ਪੇਟੇ ਦੀ ਦਲੀਲ ਵਿਚੋਂ ਉਗਮੀ ਹੈ। ਵੱਖਰੀ ਦਲਿਤ ਪਛਾਣ ਜਾਤੀ ਤਜਰਬਿਆਂ ਨੂੰ ਬਿਆਨਣ, ਰਾਜਨੀਤਕ ਚੇਤਨਾ ਜਗਾਉਣ ਅਤੇ ਦਲਿਤਾਂ ਦੇ ਵਿਹੜਿਆ ਵਿਚ ਸਮਾਜਿਕ ਗਤੀਸ਼ੀਲਤਾ ਨੂੰ ਸੁਖਿਆਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਹ ਉਹਨਾਂ ਨੂੰ ਆਪਣੇ ਧਰਮ ਵਿਰੋਧੀ ਢਾਂਚੇ ਦੀ ਉਸਾਰੀ ਲਈ ਪਲੋਸਦਿਆਂ ਦਲਿਤ ਲਹਿਰ ਦੇ ਉਠਾਣ ਲਈ ਗਤੀ ਨਿਸ਼ਚਿਤ ਕਰਦੀ ਹੈ। ਵਿਦਵਤਾਪੂਰਨ ਦਲਿਤ ਸਾਹਿਤ ਵਿਚ ਵੀ ਇਸ ਗੱਲ ਵੱਲ ਪੂਰੀ ਤਰ੍ਹਾਂ ਧਿਆਨ ਨਹੀਂ ਦਿੱਤਾ ਗਿਆ ਕਿ ਇਹਨਾਂ ਵਿਹੜਿਆਂ ਦੇ ਵਾਸੀ ਜਾਤੀ-ਆਧਾਰਤ ਜਬਰੀ ਢਾਂਚੇ ਨੂੰ ਚਣੌਤੀ ਦੇਣ ਲਈ ਸਮਾਜਿਕ ਤੌਰ ਤੇ ਨਖੇੜਿਆਂ ਲਈ ਲੋੜੀਂਦੀ ਦਲਿਤ ਚੇਤਨਾ ਕਿਵੇਂ ਪੈਦਾ ਕਰਨ ਅਤੇ ਉਹਨਾਂ ਨੂੰ ਸਸ਼ਕਤ ਕਿਵੇਂ ਕਰਨ ? ਇਸ ਪਰਚੇ ਵਿਚ ਪੰਜਾਬ ਦੇ ਵੱਖਰੇ ਦਲਿਤ ਵਿਹੜਿਆਂ ਵਿਚ ਦਲਿਤ ਦਾਅਵਿਆਂ ਦੇ ਉਭੱਰ ਰਹੇ ਤਰੀਕਿਆਂ ਨੂੰ ਖੋਜਦਿਆਂ ਤੇਜ਼ੀ ਨਾਲ ਫੈਲ ਰਹੇ ਜਾਤੀ/ਦਲਿਤ ਅਧਿਐਨ ਵਿਚ ਰਹਿ ਗਈਆ ਕਮੀਆਂ ਨੂੰ ਦੂਰ ਕਰਨ ਦਾ ਯਤਨ ਕੀਤਾ ਗਿਆ ਹੈ।

1950 ਤੱਕ, ਦੇਸ਼ ਦੇ ਕਿਸੇ ਹੋਰ ਹਿੱਸੇ ਦੀ ਤਰ੍ਹਾਂ ਪੇਂਡੂ ਪੰਜਾਬ ਵਿਚ ਦਲਿਤਾਂ ਦਾ ਇਕ ਵੱਖਰਾ ਵਿਹੜਾ ਹੋਇਆ ਕਰਦਾ ਸੀ, ਜਿਸ ਦੇ ਵਾਸੀਆਂ ਦੀ ਹਾਲਤ ਤਾਬੇਦਾਰਾਂ ਵਾਲੀ ਹੁੰਦੀ ਸੀ। ਉਹ ਦੁੱਖੀ, ਨਿਰਭਰ ਅਤੇ ਬੇਆਸਰਾ ਹੁੰਦੇ ਸਨ। ਜੇ ਉੱਚੀ ਜਾਤ ਦੁਆਰਾ ਕੀਤੀ ਗਈ ਦਰਜਾਬੰਦੀ ਦਲਿਤਾਂ ਨੂੰ



ਸਭ ਤੋਂ ਹੇਠਲੇ ਦਰਜੇ ਵਿਚ ਧੱਕ ਦਿੰਦੀ ਤਾਂ ਉਹਨਾਂ ਦੀ ਵੱਖਰੀ ਥਾਂ ਹੋਰ ਵੀ ਨੁਕਰੇ ਲੱਗ ਜਾਂਦੀ। ਖੇਤੀ ਦੀ ਪੇਂਡੂ ਆਰਥਿਕਤਾ ਦੇ ਬੇਮੇਲ ਢਾਂਚਿਆ ਵਿਚ ਤਾਂ ਦਲਿਤਾਂ ਦੀ ਥਾਂ ਵਿਸ਼ੇਸ਼ ਅਧਿਕ੍ਰਿਤ ਮੁੱਖ-ਧਾਰਾ ਵਾਲੇ ਪਿੰਡਾਂ ਦੇ ਨੇੜੇ-ਤੇੜੇ ਹੀ ਨਹੀਂ ਸੀ ਹੁੰਦੀ। ਸਕੂਲਾਂ, ਕਾਲਜਾਂ, ਡਾਕਖਾਨਿਆਂ, ਬੈਂਕਾਂ, ਸਿਹਤ ਕੇਂਦਰਾਂ, ਆਂਗਣਵਾੜੀਆਂ, ਰਾਸ਼ਨ ਡੀਪੂਆਂ, ਪੰਚਾਇਤ ਅਤੇ ਸਹਿਕਾਰੀ ਸਭਾ ਦੇ ਦਫ਼ਤਰਾਂ ਆਦਿ ਵਰਗੇ ਲੋਕ-ਭਲਾਈ ਦੇ ਸਾਰੇ ਕੇਂਦਰ ਮੁੱਖਧਾਰਾ ਦੇ ਪਿੰਡਾਂ ਦੀਆਂ ਖੁੱਲ੍ਹੀਆਂ ਹੱਦਾਂ ਵਿਚ ਪੂਰੀ ਸੁਰੱਖਿਆ ਹੇਠ ਸਥਾਪਤ ਹੁੰਦੇ ਸਨ। ਨਤੀਜੇ ਦੇ ਤੌਰ 'ਤੇ ਦਲਿਤ ਵਿਹੜਿਆ ਦੇ ਵਾਸੀ ਲੋਕਾਂ ਦੀਆ ਜ਼ਰੂਰੀ ਲੋੜਾਂ ਪੂਰੀਆ ਕਰਨ ਵਾਲੀਆਂ ਸਹੂਲਤਾਂ ਤੋਂ ਵਾਂਝੇ ਰਹਿ ਜਾਂਦੇ ਸਨ। ਇਹਨਾਂ ਸਾਰੀਆਂ ਸਹੂਲਤਾਂ ਲਈ ਉਹਨਾਂ ਨੂੰ ਮੁੱਖਧਾਰਾਈ ਪਿੰਡਾਂ ਵਿਚ ਜਾਣਾ ਪੈਂਦਾ ਸੀ, ਜਿੱਥੇ ਉਹਨਾਂ ਦੇ ਨੀਵੀਆਂ ਜਾਤਾਂ ਵਿਚ ਜੰਮੇਂ ਹੋਣ ਕਰਕੇ ਆਪਣੇ ਵੱਖਰੇ ਵਿਹੜਿਆ ਦੇ ਵਾਸੀ ਹੋਣ ਕਾਰਨ, ਉਹਨਾਂ ਦਾ ਸੁਆਗਤ ਨਹੀਂ ਸੀ ਹੁੰਦਾ।

ਪੰਜਾਬ ਵਿਚ ਦਲਿਤ ਇਤਿਹਾਸਕ ਤੌਰ 'ਤੇ ਹੀ ਜ਼ਮੀਨ ਮਾਲਕੀ ਦੇ ਅਧਿਕਾਰਾਂ ਤੋਂ ਵਾਂਝੇ ਸਨ। (1900 ਦਾ ਜ਼ਮੀਨੀ ਇੰਤਕਾਲ ਦਾ ਕਾਨੂੰਨ) । ਪ੍ਰਚੱਲਿਤ ਤੌਰ ਤੇ ਰਜ਼ਤ ਨਾਮੇ ਵਜੋਂ ਜਾਣੇ ਜਾਂਦੇ ਬਕਾਇਦਾ ਸਥਾਨਕ ਰਵਾਇਤੀ ਕਾਨੂੰਨ ਅਨੁਸਾਰ ਤਾਂ ਦਲਿਤ ਵਿਹੜਿਆਂ ਦਾ ਪਲਾਟ ਵੀ , ਜਿੱਥੇ ਉਹਨਾਂ ਨੂੰ ਸਿਰਫ਼ ਕੱਚੇ ਘਰ ਉਸਾਰਨ ਦੀ ਆਗਿਆ ਸੀ , ਕਾਨੂੰਨੀ ਤੌਰ 'ਤੇ ਭਾਰੂ ਕਿਸਾਨੀ ਜਾਤਾਂ ਦੇ ਬੰਦਿਆ ਦੇ ਨਾਂ ਹੀ ਰਜਿਸਟਰ ਹੁੰਦੇ ਸਨ। ਜਿਸ ਜ਼ਮੀਨ 'ਤੇ ਦਲਿਤਾਂ ਦੇ ਵਿਹੜੇ ਉਸਾਰੇ ਹੋਏ ਹੁੰਦੇ ਸਨ ਉਹ ਭਾਰੂ ਕਿਸਾਨੀ ਜਾਤਾਂ ਨੂੰ ਵਿਰਾਸਤ ਵਿਚ ਮਿਲੀ ਜਾਇਦਾਦ ਹੁੰਦੀ ਸੀ( ਖੇਤਾਂ ਦੇ ਮਾਲਕਾਂ ਦੇ ਨਾਵਾਂ ਅਨੁਸਾਰ) ਪਿੰਡ ਦੀ ਜ਼ਮੀਨ ਬਹੁਤਾ ਕਰਕੇ ਖੇਤੀ ਕਰਨ ਵਾਲੀਆਂ ਜਾਤਾ ਵਿਚ ਹੀ ਵੰਡੀ ਹੁੰਦੀ ਸੀ। ਕਿਉਂਕਿ ਦਲਿਤ ਵਰਗ ਦੇ ਲੋਕ ਵੱਖਰੀਆਂ ਰਹਾਇਸ਼ੀ ਥਾਵਾਂ ਵਿਚ ਹੀ ਫਸੇ ਰਹਿੰਦੇ ਸਨ, ਇਸ ਲਈ ਉਹਨਾਂ ਨੂੰ ਪਿੰਡਾਂ ਦੀ ਮੁੱਖ-ਧਾਰਾ ਦਾ ਹਿੱਸਾ ਨਹੀਂ ਸੀ ਮੰਨਿਆਂ ਜਾਂਦਾ। ਬੇਸ਼ਕ ਬੀਥ ਆਰਥ ਅੰਬੇਦਕਰ ਦੇ ਲਗਾਤਾਰ ਯਤਨਾਂ ਸਦਕਾ ਰਜ਼ਤਨਾਮੇਂ ਅਤੇ ਪੰਜਾਬ ਦਾ ਜ਼ਮੀਨੀ ਇੰਤਕਾਲ ਕਾਨੂੰਨ ਜੋ 1900 ਵਿਚ ਰੱਦ ਹੋ ਗਿਆ ਸੀ, ਦਲਿਤ ਤਾਂ ਜ਼ਮੀਨਾ ਤੋਂ ਵਿਰਵੇ ਹੀ ਰਹੇ।

ਬੇਸ਼ਕ ਪੰਜਾਬ ਦੀ ਵਸੋਂ ਵਿਚ ਦਲਿਤਾਂ ਦਾ ਬਹੁਤ ਵੱਡਾ ਹਿੱਸਾ ਹੈ, (31.94% ਬਨਾਮ 16.64% ਭਾਰਤ ਦੀ ਕੁਲ ਵਸੋਂ ਦਾ, 2011 ਦੀ ਮਰਦਮਸ਼ਮਾਰੀ ਅਨੁਸਾਰ) ਫਿਰ ਵੀ ਉਹਨਾਂ ਦਾ ਜ਼ਮੀਨ ਦੀ ਮਾਲਕੀ ਵ੍ਰਿਚ ਹਿੱਸਾ ਨਾਂ ਮਾਤਰ ਹੀ ਹੈ। ਰਾਜ ਦੇ ਕਾਰਜਖੇਤਰੀ ਖਾਤਿਆਂ ਦੀ ਕੁੱਲ ਗਿਣਤੀ ਵਿਚੋਂ ਤਾਂ ਉਨ੍ਹਾਂ ਕੋਲ 5.98% ਹਨ, ਪਰ ਖੇਤੀ ਅਧੀਨ ਕੁੱਲ ਰਕਬੇ ਦਾ ਸਿਰਫ਼ 3.20% ਹਿੱਸਾ ਹੀ ਉਹਨਾਂ ਦੇ ਕਬਜ਼ੇ ਵਿਚ ਹੈ। ਪੰਜਾਬ ਦੀ ਤਰ੍ਹਾਂ ਚਾਰ ਹੋਰ ਰਾਜਾ ਵਿਚ ਵੀ ਦਲਿਤਾਂ ਦੀ ਪ੍ਰਤੀ ਸੈਂਕੜਾ ਗਿਣਤੀ ਜ਼ਿਆਦਾ ਹੈ। ਉਦਾਹਰਣ ਵਜੋਂ ਹਿਮਾਚਲ ਪ੍ਰਦੇਸ਼ ਵਿਚ ਦਲਿਤ ਕੁੱਲ ਗਿਣਤੀ ਦਾ 25.19% ਹਨ। ਉਹਨਾਂ ਕੋਲ ਕੁੱਲ ਕਾਰਜਕਖੇਤਰੀ ਖਾਤਿਆਂ ਵਿਚੋਂ 22.06% ਹਿੱਸਾ ਹੈ ਅਤੇ ਖੇਤੀ ਅਧੀਨ ਕੁੱਲ ਰਕਬੇ ਦਾ 13.2 ਹਿੱਸਾ ਹੈ। ਇਸੇ ਤਰ੍ਹਾਂ ਪੱਛਮੀ ਬੰਗਾਲ ਅਤੇ ਉੱਤਰ ਪ੍ਰਦੇਸ਼ ਵਿਚ ਉਹ ਕੁੱਲ ਵਸੋਂ ਦਾ 23.51% ਅਤੇ 20.70% ਹਨ। ਉਹਨਾਂ ਕੋਲ ਕਾਰਜਖੇਤਰੀ ਖਾਤਿਆਂ ਵਿਚੋਂ 24.86% ਅਤੇ 17.24% ਹਿੱਸਾ ਹੈ ਅਤੇ ਖੇਤੀ ਅਧੀਨ ਕੁੱਲ ਰਕਬੇ ਦਾ ਕਰਮਵਾਰ 20.31% ਅਤੇ 11.70% ਹਿੱਸਾ ਹੈ।

ਪੰਜਾਬ ਵਿਚ ਖੇਤੀਬਾੜੀ ਵਾਲੀ ਜ਼ਮੀਨ ਦੀ ਮਾਲਕੀ ਨਾ ਹੋਣ ਕਰਕੇ ਦਲਿਤਾਂ ਕੋਲ ਆਪਣਾ ਸਮਾਜਿਕ ਦਰਜਾ ਵਧਾਉਣ ਲਈ ਧਾਰਮਿਕ ਟਕਰਾਅ ਵਾਲੀ ਸੰਸਥਾ ਰਾਹੀਂ ਕਾਰਜਸ਼ੀਲ ਹੋਣ ਤੋਂ ਬਿਨਾਂ ਕੋਈ ਚਾਰਾ ਹੀ ਨਹੀਂ ਸੀ ਰਹਿ ਗਿਆ। ਰਾਜ ਵਿਚ ਸਭਿਆਚਾਰ ਤੇ ਸਿੱਖ ਧਰਮ ਦਾ ਦਾਬਾ ਅਤੇ ਦਲਿਤਾਂ ਦੇ ਕਾਫ਼ੀ ਕੇਂਦ੍ਰਿਤ ਹੋਣ ਕਰਕੇ, ਟੱਕਰ ਦੇਣ ਵਾਲੀ ਧਾਰਮਿਕ ਦਲਬੰਦੀ ਦੀ ਕਾਰਜਨੀਤੀ ਦੀ ਅਲੋਚਨਾਤਮਕ ਮਹੱਤਤਾ ਹੋ ਗਈ । ਇਸ ਦਾ ਨਤੀਜਾ ਇੱਕ ਵੱਖਰਾ ਦਲਿਤ ਧਰਮ (ਰਵੀਦਾਸੀਆ ਧਰਮ) ਹੋਂਦ ਵਿਚ ਆ ਗਿਆ ਹੈ ਜਿਸ ਨੇ ਦਲਿਤ ਵਿਹੜਿਆ ਦਾ ਪਵਿਤ੍ਰੀਕਰਨ ਕਰ ਦਿੱਤਾ ਹੈ। ਰਾਜ ਦੇ ਦਲਿਤਾਂ, ਵਿਸ਼ੇਸ ਤੌਰ ਤੇ ਚਮਾਰਾਂ ਨੇ, ਜਿਹਨਾਂ ਨੇ ਕਈਆਂ ਸਾਲਾਂ ਵਿਚ ਚਮੜੇ ਦੇ ਵਪਾਰ, ਹਾਂਮੁਖੀ

ਕਾਰਜ ਪ੍ਰਦੇਸੀਂ ਵਸਦੇ ਆਪਣੇ ਭਰਾਵਾਂ ਦੀ ਮਾਲੀ ਸਹਾਇਤਾ ਨਾਲ ਆਪਣੀ ਆਰਥਿਕ ਹਾਲਤ ਸੁਧਾਰ ਕੇ, ਬਹੁਤ ਸਾਰੀਆਂ ਗੁਰੂ ਰਵੀਦਾਸ ਸਭਾਵਾਂ ਸੰਗਠਿਤ ਕੀਤੀਆਂ ਹਨ ਅਤੇ ਆਪਣੇ ਵੱਖਰੇ ਵਿਹੜਿਆਂ ਅੰਦਰ ਵੱਡੀ ਗਿਣਤੀ ਵਿਚ ਰਵੀਦਾਸ ਡੇਰੇ ਸਥਾਪਿਤ ਕੀਤੇ ਹਨ। ਰਵੀਦਾਸ ਡੇਰਿਆਂ ਦੀਆਂ ਸ਼ਾਨਦਾਰ ਇਮਾਰਤਾਂ ਨੇ ਦਲਿਤ ਵਿਹੜਿਆਂ ਦੀ ਸ਼ਾਨ ਵਿਚ ਵਾਧਾ ਕੀਤਾ ਹੈ ਅਤੇ ਹੁਣ ਇਹ ਵਿਹੜੇ ਰਾਜ ਵਿਚ ਵੱਧ ਰਹੇ ਦਲਿਤ ਦਾਅਵੇ ਦੇ ਉਭਰ ਰਹੇ ਨਕਸ਼ਾਂ ਨੂੰ ਦਰਸਾਉਂਦੇ ਹਨ।

ਇਸ ਲੇਖ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਦਲਿਤ ਵਿਹੜਿਆਂ ਅਤੇ ਪਿੰਡ ਦੇ ਹੋਰ ਵੱਖਰੇ ਵਸੇਬਿਆ ਦੇ ਨਸਲ ਸ਼ਾਸਤਰੀ ਵਖਰੇਵੇਂ ਨੂੰ ਬਿਆਨਦਿਆਂ ਦਲਿਤਾਂ ਦੇ ਵਿਹੜੇ ਦੇ ਤੱਥਾਂ ਦੀਆਂ ਸਚਾਈਆਂ ਦੀਆਂ ਸਮੱਸਿਆਵਾਂ ਦੱਸੀਆਂ ਗਈਆਂ ਹਨ। ਦੂਸਰੇ ਭਾਗ ਵਿਚ ਇਹ ਬਿਆਨਿਆ ਗਿਆ ਹੈ ਕਿ ਦਲਿਤਾਂ ਦੇ ਵਿਹੜੇ ਗਰੀਬੀ, ਬਿਮਾਰੀ ਅਤੇ ਗੰਦ ਦੀਆਂ ਘਿਰਣਤ ਥਾਵਾਂ ਤੋਂ ਦਲਿਤਾਂ ਦੀ ਦਾਅਵੇਦਾਰੀ ਦੀਆਂ ਥਾਵਾਂ ਵੱਜੋਂ ਕਿਵੇਂ ਉਭਰ ਰਹੇ ਹਨ। ਇਹ ਅਧਿਐਨ ਇਸ ਗੱਲ 'ਤੇ ਅਧਾਰਤ ਹੈ ਕਿ ਇਹਨਾਂ ਵਿਹੜਿਆਂ ਨੇ ਆਪਣੀਆਂ ਵੱਖਰੀਆ ਥਾਵਾਂ ਆਪਣੇ ਨਾਇਕਾਂ ਅਤੇ ਆਤਮਿਕ ਮੁਰਸ਼ਿਦਾ ਤੋਂ ਉਤਸ਼ਾਹਤ ਹੋ ਕੇ ਸਮਾਜਿਕ ਦਬਾਅ ਵਾਲੇ ਪਰੰਪਰਿਕ ਢਾਂਚਿਆਂ ਨੂੰ ਚਣੌਤੀ ਹੀ ਨਹੀਂ ਦਿੱਤੀ, ਇਹਨਾਂ ਨੇ ਤਾਂ ਦੁੱਖ ਦੇਣ ਵਾਲਿਆਂ ਦਾ ਸਾਹਮਣਾ ਕਰਨ ਲਈ ਦਲਿਤਾਂ ਨੂੰ ਸ਼ਕਤੀਸ਼ਾਲੀ ਬਣਾਉਣ ਦੇ ਰਸਤੇ ਵੀ ਲੱਭ ਲਏ ਹਨ। ਤੀਸਰੇ ਭਾਗ ਵਿਚ ਇਹ ਲੱਭਿਆ ਗਿਆ ਹੈ ਕਿ ਅਜੋਕੇ ਪੰਜਾਬ ਦੇ ਵਿਹੜਿਆਂ ਦੇ ਦਲਿਤਾਂ ਦੀ ਜਦੋਂ-ਜਹਿਦ ਹੋਰ ਮੁੱਖ ਧਾਰਾਵਾਂ ਨਾਲੋਂ ਅਤੇ ਦਲਿਤਾਂ ਦੀਆਂ ਹੋਰ ਕੋਸ਼ਿਸਾਂ, ਵਿਸ਼ੇਸ ਤੌਰ ਤੇ ਧਰਮ ਬਦਲੀ ਅਤੇ ਸਭਿਆਚਾਰਕ ਰੇਲਵੇ ਨਾਲੋਂ ਕੀ ਫਰਕ ਹੈ।

### 1: ਪਿੰਡ ਦੀ ਫਿਰਨੀ ਦੇ ਸਾਂਚੇ ਦਾ ਸਮੱਸਿਆਕਰਨ

ਇਸ ਲੇਖ ਵਿਚ ਦਲਿਤਾਂ ਫਿਰਨੀਆਂ ਦਾ ਭਾਵ ਦਲਿਤਾਂ ਦੇ ਵਿਹੜੇ/ ਆਂਢ-ਗੁਆਂਢ ਤੋਂ ਹੈ ਜੋ ਅਕਸਰ ਭਾਰਤ ਦੇ ਪੇਂਡੂ ਇਲਾਕਿਆ ਵਿਚ ਪਿੰਡਾਂ ਦੇ ਦੱਖਣ-ਪੱਛਮੀ ਪਾਸੇ 'ਤੇ ਸਥਿਤ ਹੁੰਦੇ ਹਨ। ਹਵਾਵਾਂ ਇਸੇ ਪਾਸੇ ਨੂੰ ਵਗਦੀਆਂ ਹਨ ਅਤੇ ਪਿੰਡਾਂ ਦਾ ਗੰਦਾ ਪਾਣੀ ਵੀ ਇਧਰ ਨੂੰ ਹੀ ਵਗਦਾ ਹੈ। ਪਿੰਡ ਅਕਸਰ ਦੋ ਹਿੱਸਿਆਂ ਵਿੱਚ ਵੰਡੇ ਹੋਏ ਹੁੰਦੇ ਹਨ: ਉੱਚੀਆਂ ਜਾਤਾਂ ਦਾ ਅਤੇ ਨੀਵੀਆਂ ਜਾਤਾਂ ਦਾ, ਜਿਹਨਾਂ ਨੂੰ ਕਰਮਵਾਰ ਪਿੰਡ ਅਤੇ ਵਿਹੜੇ ਕਹਿੰਦੇ ਹਨ। ਅਜੋਕੇ ਪੰਜਾਬ ਵਿਚ ਇਹਨਾਂ ਵਿਹੜਿਆ ਨੂੰ ਘਿਰਣਾ ਨਾਲ ਚਮਾੜਲੀਆਂ ਅਤੇ ਠੱਠੀਆ ਵੀ ਕਿਹਾ ਜਾਂਦਾ ਹੈ। ਤਾਮਿਲਨਾਡੂ ਵਿਚ ਇਹਨਾਂ ਨੂੰ ਸੈਰਿਸ ਅਤੇ ਪਿੰਡਾਂ ਨੂੰ ਯੂਰਸ (ਓਚਗਤ) ਕਿਹਾ ਜਾਦਾ ਹੈ। ਦਲਿਤਾਂ ਦੀਆਂ ਰਿਹਾਇਸ਼ੀ ਥਾਵਾਂ ਨੂੰ ਜ਼ਾਤੀ ਮੁਹੱਲੇ, ਬਸਤੀਆਂ ਜਾਂ ਵਸਤੀਆਂ ਆਪਣੇ-ਆਪਣੇ ਪਿੰਜਰੇ-ਜਾਤੀ ਪਛਾਣ ਦੀਆਂ ਨਿਰਧਾਰਤ ਜੇਲ੍ਹਾਂ ਦਲਿਤ ਵਿਹੜੇ, "ਸ਼ੂਦਰਾਂ" ਵਿਹੜੇ ਹੁਲਗੇੜੀਆਂ, ਮਹਾਰ ਵਿਹੜੇ, ਚਮਾਰ ਟੋਲੇ ਅਤੇ ਹਰੀਜਨ ਵਿਹੜੇ ਵੀ ਕਿਹਾ ਜਾਂਦਾ ਹੈ। ਗੁਪਾਲ ਗੁਰੂ ਨੇ ਇਹਨਾਂ ਨੂੰ ਪੁਰਸਕਰਤ ਭਾਰਤ - ਮੱਧਵਰਗੀ ਵਿਸ਼ੇਸ਼ ਅਧਿਕ੍ਰਿਤ ਹਿੰਦੂ ਭਾਈਚਾਰੇ ਨਾਲ ਮੋਚਦਿਆਂ ਅਤੇ ਵਿਰੋਧਦਿਆਂ, ਬਹਿਸ਼ਕਰੱਤ ਕਿਹਾ ਹੈ। ਪਿੰਡ ਅਤੇ ਵਿਹੜੇ ਦੋ ਵੱਖ-ਵੱਖ ਥਾਈਂ ਸਥਿਤ ਬਸਤੀਆਂ ਹਨ। ਉਹਨਾਂ ਦੇ ਆਪੋ ਆਪਣੇ ਵਿਚਾਰਾਂ ਅਤੇ ਪ੍ਰਵਚਨਾਂ ਦੀਆ ਜੜ੍ਹਾਂ ਰਾਜ ਦੀ ਪੇਂਡੂ ਰਾਜਨੀਤਕ ਆਰਾਥਿਕਤਾ ਵਿਚ ਹੁੰਦਿਆਂ ਹੋਇਆਂ, ਉਹਨਾਂ ਦੇ ਸਮਾਜਿਕ ਖੇਤਰ ਵੱਖਰੇ ਵੱਖਰੇ ਹਨ। ਕਿੱਤੇ, ਪਾਣੀ ਦੇ ਸੋਮੇ (ਖੂਹ ਅਤੇ ਨਲਕੇ), ਪੂਜਾ-ਸਥਾਨ, ਯਾਤਰਾ-ਕੇਂਦਰ, ਜਿਵੇ, ਚੌਪਾਲਾਂ ਅਤੇ ਆਮ ਗੱਲਾਂ ਬਾਤਾਂ/ਪ੍ਰਵਚਨ ਉਹਨਾਂ ਨੂੰ ਇਕ ਦੂਸਰੇ ਤੋਂ ਵੱਖ ਕਰਦੇ ਹਨ। ਬੋਲ-ਚਾਲ ਦੀਆਂ ਬੋਲੀਆਂ, ਮੇਲੇ, ਗੀਤ, ਮਜ਼ਾਕ , ਨਾਇਕ , ਦੇਵਤੇ ਅਤੇ ਦੇਵੀਆਂ, ਤਮੀਜ਼ ਅਤੇ ਬਦ-ਤਮੀਜ਼ੀ ਦੇ ਮਾਪਦੰਡ, ਖਾਣ-ਪੀਣ ਦੀਆਂ ਆਦਤਾਂ, ਵਿਸ਼ਵਾਸ ਅਤੇ ਧਰਮ ਵੀ ਵੱਖਰੇ ਹਨ। ਉਹਨਾਂ ਦੇ ਇਹ ਵਖਰੇਵੇਂ ਵਧੇਰੇ ਉਹਨਾਂ ਦੀਆਂ ਆਪੋ-ਆਪਣੀਆ ਰਿਹਾਇਸ਼ੀ ਥਾਵਾਂ ਦੀ ਆਪਣੀ-ਆਪਣੀ ਵੱਖਰੀ ਤਰ੍ਹਾਂ ਦੀ ਕਿਸਮ ਕਰਕੇ ਹਨ।

ਭਾਰਤੀ ਸਮਾਜਿਕ ਜੀਵਨ ਦੀ ਮੁਢਲੀ ਇਕਾਈ ਪਿੰਡਾਂ ਨੂੰ ਅਕਸਰ "ਸਵੈ-ਨਿਰਭਰ" "ਸੰਪੂਰਨ



ਸਵਰਾਜ" ਦਾ ਨਾਂ ਦਿੱਤਾ ਜਾਂਦਾ ਹੈ। ਇਹ ਸੰਪਰਦਾਇਕ ਏਕਤਾ ਵਾਲੇ ਜੀਵਨ ਵਜੋਂ ਜਾਣੇ ਜਾਂਦੇ ਹਨ। ਇਹ ਪਹਿਲਾਂ ਵੀ ਸਨ ਅਤੇ ਹੁਣ ਵੀ ਹਨ। ਇਹਨਾਂ ਨੂੰ ਅੰਬੇਦਕਰ ਅਨੁਭੂਤੀ ਅਨੁਸਾਰ "ਸਥਾਨਕਵਾਦ ਦਾ ਛੱਪੜ , ਅਗਿਆਨਤਾ ਦਾ ਘੁਰਨਾ, ਤੰਗ ਮਜਾਜ਼ੀ ਅਤੇ ਸੰਪਰਦਾਇਕਤਾ" ਕਹਿੰਦੇ ਸਨ। ਅੰਬੇਦਕਰ ਲਈ ਇਹ ਹਿੰਦੂ ਸਮਾਜਿਕ ਸੰਗਤ ਦਮਾਗੀ ਮਸ਼ੀਨ ਹੈ। ਜਿਸ ਤੋਂ ਪਤਾ ਲੱਗ ਸਕਦਾ ਹੈ ਕਿ ਹਿੰਦੂ ਸਮਾਜਿਕ ਸੰਗਠਨ ਪੂਰੇ ਜ਼ੋਰ ਨਾਲ ਕੰਮ ਕਰ ਰਿਹਾ ਹੈ," ਪਿੰਡਾਂ ਅਤੇ ਵਿਹੜਿਆ ਦੇ ਫਰਕਾਂ ਬਾਰੇ ਦਲੀਲ ਦਿੰਦੀਆਂ, ਉਸ ਨੇ ਜ਼ੋਰ ਦਿੱਤਾ ਕਿ ਦੂਸਰੀ ਧਿਰ ਕੋਈ ਸਮਾਜਿਕ ਵਖਰੇਵਾਂ ਨਹੀਂ ਹੈ। ਇਹ ਤਾਂ ਕੁਝ ਸਮੇਂ ਲਈ ਸਿਰਫ ਸਮਾਜਿਕ ਮੇਲ-ਜੋਲ ਦਾ ਰੁਕਣਾ ਹੈ। ਇਹ ਤਾਂ ਇਲਾਕਾਈ ਵਖਰੇਵੇਂ ਅਤੇ ਗੰਦ-ਮੰਦ ਵਾਲੀ ਥਾਂ ਹੁੰਦੀ ਹੈ ਜਿਸ ਦੇ ਗਿਰਦ ਕੰਡਿਆਂ ਵਾਲੀ ਤਾਰ ਲਾ ਕੇ ਇਕ ਪਿੰਜਰਾ ਜਿਹਾ ਬਣ ਜਾਂਦਾ ਹੈ ਅਤੇ ਇਸ ਵਿਚ ਅਪਵਿੱਤਰ ਲੋਕਾਂ ਨੂੰ ਵਾੜ ਦਿੱਤਾ ਜਾਂਦਾ ਹੈ।" ਦਲਿਤਾਂ ਲਈ ਪਿੰਡ ਤਾਂ ਰੋਹਬਦਾਰ/ਦਬਾਅ ਵਾਲੇ 'ਬਿਗਾਨੇ' ਹਨ। ਪਿੰਡਾਂ ਦੇ ਬਾਸ਼ਿੰਦੇ ਘੱਟ ਗਿਣਤੀ ਵਿਚ ਹੋਣ ਦੇ ਬਾਵਜੂਦ "ਮੁੱਖ ਭਾਈਚਾਰਾ" ਸਮਝੇ ਜਾਂਦੇ ਸਨ। ਜਦਕਿ ਵਿਹੜਿਆ ਦੇ ਵਾਸੀਆਂ ਨੂੰ ਬਹੁਤ ਵੱਡੀ ਗਿਣਤੀ ਵਿਚ ਹੋਣ 'ਤੇ ਵੀ "ਛੋਟਾ/ਘਟੀਆ ਭਾਈਚਾਰਾ ਸਮਝਿਆ ਜਾਂਦਾ। ਪੇਂਡੂ ਜੀਵਨ ਦੀ ਨੈਤਿਕ ਪਰੰਪਰਾ ਅਨੁਸਾਰ ਪਿੰਡਾਂ ਦੇ ਵਾਸੀ ਆਪਣੇ ਵਡੇਰਿਆਂ ਦਾ ਸਿਆਣੇ ਮਰਦਾਂ / ਔਰਤਾਂ ਵਜੋਂ ਸਤਿਕਾਰ ਕਰਦੇ ਸਨ। ਪਰ ਇਹ ਨੈਤਿਕ ਮਰਿਆਦਾ ਦਲਿਤ ਵਿਹੜਿਆਂ ਦੇ ਵਡੇਰਿਆਂ ਤੇ ਲਾਗੂ ਨਹੀਂ ਸੀ ਹੁੰਦੀ। ਇਹਨਾਂ ਨੂੰ ਨਾ ਤਾਂ ਪਿੰਡ ਦੇ ਵਡੇਰਿਆਂ ਦੇ ਬਰਾਬਰ ਸਮਝਿਆ ਜਾਂਦਾ ਸੀ ਅਤੇ ਨਾ ਹੀ ਸਮਝਿਆ ਜਾਂਦਾ ਹੈ। ਪਿੰਡਾਂ ਦੇ ਮਕਾਨ ਮਾਲਕਾਂ ਦੇ ਬੱਚੇ ਵੀ ਵਿਹੜਿਆਂ ਦੇ ਦਲਿਤਾਂ ਦੇ ਵੱਡਿਆਂ ਨੂੰ ਉਹਨਾਂ ਦੇ ਕੁਨਾਂ ਨਾਲ ਹੀ ਬਲਾਉਂਦੇ ਹਨ। ਓਮ ਪ੍ਰਕਾਸ਼ ਬਾਲਮੀਕੀ ਦੀ ਸਵੈ-ਜੀਵਨੀ "ਜੂਠਣ" ਤੋਂ ਜਾਣਕਾਰੀ ਦੇ ਅਧਾਰ ਤੇ ਵੱਲੇਰੀਅਨ ਰੌਡਰਿਗਜ਼ ਲਿਖਦਾ ਹੈ ਕਿ "ਨਾਂ ਸੱਪਸ਼ਟ ਤੌਰ 'ਤੇ ਤੋੜਿਆ ਮਰੋੜਿਆ ਜਾਂਦਾ ਸੀ, ਜਿਵੇਂ ਕਿ ਕਿਰਨ ਕਿੰਨੇ" ਅਤੇ ਰਾਧਾ ਦੇਵੀ ਰਲੀਆ ਬਣ ਗਈਆਂ।

ਪਿੰਡਾਂ ਦੇ ਵਾਸੀ ਇਹ ਨਹੀਂ ਸੀ ਚਾਹੁੰਦੇ ਕਿ ਵਿਹੜਿਆਂ ਦੇ ਦਲਿਤਾਂ ਦੇ ਨੀਵੇਂ ਭਾਈਚਾਰੇ ਰੁਤਬੇ ਅਤੇ ਮਾਣ ਵਜੋਂ ਉਹਨਾਂ ਦਾ ਮੁਕਾਬਲਾ ਕਰਨ ਵਿਹੜਿਆਂ ਦੇ ਦਲਿਤਾਂ ਨਾਲ ਨਿੱਜੀ ਗੱਲਬਾਤ ਤੇ ਅਧਾਰਤ। ਪਿੰਡਾਂ ਦਾ 'ਮੁੱਖ ਭਾਈਚਾਰਾ' ਹੀ ਵਿਹੜਿਆਂ ਦੇ ਦਲਿਤਾਂ ਦੇ ਸਮਾਜਿਕ ਵਿਹਾਰ ਦੇ ਨਿਯਮ ਨਿਰਧਾਰਤ ਕਰਦਾ ਸੀ। ਕੀ ਖਾਣਾ ਅਤੇ ਪਹਿਨਣਾ ਹੈ ਅਤੇ ਕੀ ਨਹੀਂ ਖਾਣਾ ਅਤੇ ਨਹੀਂ ਪਹਿਨਣਾ, ਦਲਿਤਾਂ ਨੇ ਸਰੀਰਕ ਤੌਰ 'ਤੇ ਵੀ ਉੱਚੀਆਂ/ਰੋਅਬਦਾਰ ਜਾਤਾਂ ਤੋਂ ਦੂਰੀ ਤੇ ਰਹਿਣਾ ਹੈ; ਉਹਨਾਂ ਨੇ ਕਿਸ ਤਰ੍ਹਾਂ ਦੇ ਘਰ ਬਣਾਉਣੇ ਹਨ; ਅਤੇ ਜਾਂ ਕਿਸ ਤਰ੍ਹਾ ਦੀ ਬੋਲੀ ਵਿਚ ਉਹਨਾਂ ਨੇ ਗੱਲ-ਬਾਤ ਕਰਨੀ ਹੈ; ਅਤੇ ਨਾਂ ਕਿਸ ਤਰ੍ਹਾਂ ਦੇ ਰੱਖਣੇ ਹਨ ? ਵਿਹਾਰ ਦੇ ਸਮਾਜਿਕ ਨਿਯਮ ਐਨੇ ਸਖ਼ਤ ਸਨ ਕਿ ਦੇਸ਼ ਦੀ ਆਜ਼ਾਦੀ ਤੋਂ 68 ਸਾਲ ਬਾਅਦ ਅਜੇ ਵੀ ਪਿੰਡਾਂ ਅਤੇ ਵਿਹੜਿਆਂ ਵਿਚਕਾਰ ਆਮ ਜਿਹੇਸਮਾਜਿਕ ਸਬੰਧਾਂ ਦਾ ਹੋਣਾ ਇਕ ਦੂਰ ਦਾ ਸੁਪਨਾ ਹੀ ਜਾਪਦਾ ਹੈ। ਇਸੇ ਕਰਕੇ ਹੀ ਪਿੰਡ ਅਤੇ ਵਿਹੜੇ-ਜਾਤ ਆਧਾਰਤ ਵਖਰੇਵੇਂ ਵਾਲੇ ਗੁਆਂਢ ਵੀ ਦੋ ਵੱਖਰੇ ਅਤੇ ਆਪਸੀ ਵਿਰੋਧ ਵਾਲੇ ਸਮਾਜਿਕ ਸੰਗਠਨਾਂ ਵਜੋਂ ਹੋਂਦ ਵਿਚ ਆਏ।

### 1.1: ਸਰੀਰਕ ਕਾਮੇਂ

ਪਿੰਡ ਦੀ ਪਛਾਣ ਜ਼ਮੀਨ, ਧਨ ਅਤੇ ਮਾਣ ਦੀ ਮਾਲਕੀ ਹੈ। ਇਹ ਉਹਨਾਂ ਨੂੰ ਹੀ ਮਿਲਦੀ ਹੈ ਜਿਹੜੇ ਪਿੰਡ ਦੀ ਹੱਦ ਵਿਚਲੀ ਜ਼ਮੀਨ ਦੇ ਮਾਲਕ ਹਨ। ਪਿੰਡਾਂ ਦੇ ਪੇਂਡੂ ਭਾਈਚਾਰੇ ਵਿਚ ਜ਼ਮੀਨ ਦੀ ਮਾਲਕੀ ਅਤੇ ਸਮਾਜਕ ਪੱਧਰ ਇੱਕੋ ਜਿਹੇ ਹੀ ਹਨ। ਜਿਸ ਕੋਲ ਜ਼ਮੀਨ ਦੀ ਮਾਲਕੀ ਨਹੀਂ ਹੁੰਦੀ ਉਹ ਅਸਲੀ ਪਿੰਡ ਵਾਲਾ ਹੋਣ ਦਾ ਹੱਕਦਾਰ ਨਹੀਂ ਹੁੰਦਾ। ਬੇਸ਼ਕ ਦਲਿਤਾਂ ਦੇ ਵਿਹੜੇ ਪਿੰਡਾ ਦੀ ਮੁੱਖ-ਧਾਰਾ ਦੀਆਂ ਕਾਨੂੰਨੀ ਹੱਦਾਂ ਵਿਚ ਸਥਿਤ ਹੁੰਦੇ ਹਨ ਫੇਰ ਵੀ ਜ਼ਮੀਨ ਦੀ ਮਾਲਕੀ ਤੋਂ ਵਾਂਝਿਆਂ ਨੂੰ ਅਸਲੀ

ਪਿੰਡ ਵਾਲੇ ਨਹੀਂ ਸੀ ਸਮਝਿਆ ਜਾਂਦਾ।ਬੇਸ਼ਕ ਕੁਝ ਜ਼ਮੀਨ ਮਾਲਕੀ ਤੋਂ ਬਿਨਾਂ ਜਾਤਾਂ ਨੂੰ ਪਿੰਡਾਂ ਦੀਆਂ ਸੁਰੱਖਿਅਤ ਅਤੇ

ਖੁਲੀਆਂ ਹੱਦਾਂ ਦੇ ਅੰਦਰ ਵਸਣ ਦੀ ਆਗਿਆ ਸੀ ਪਰ ਉਹ ਸਿਰਫ਼ ਸਹਾਇਕ ਜਾਤਾਂ ਹੀ ਸਨ ਜੋ ਪਰੰਪਰਿਕ ਤੌਰ ਤੇ ਜ਼ਮੀਨ ਮਾਲਕੀ ਵਾਲੀਆਂ ਜਾਤਾਂ ਨਾਲ ਜੁੜੀਆਂ ਹੋਈਆਂ ਸਨ। ਇਹ ਦਸਤਕਾਰ ਜਾਤਾਂ (ਤਰਖਾਣ, ਲੁਹਾਰ , ਘੁਮਿਆਰ, ਨਾਈ, ਝੀਰ ਅਤੇ ਛੀਂਬੇ) ਜਿਹਨਾਂ ਨੂੰ ਘਿਰਣਾ ਨਾਲ ਨਿੱਕੀ-ਮਿਨੀ ਜਾਤ ਜਾਂ ਕੰਮੀਂ-ਕਮੀਨ ਕਿਹਾ ਜਾਂਦਾ ਸੀ, ਇਤਿਹਾਸਕ ਤੌਰ ਤੇ ਪਿੰਡ ਦੀ ਜ਼ਮੀਨ ਵਿਚ ਪੈਦਾ ਹੋਣ ਵਾਲੀਆਂ ਫਸਲਾਂ ਵਿੱਚੋਂ ਅੱਧਾ ਹਿੱਸਾ ਲੈਂਦੀਆਂ ਸਨ ਪਰ ਇਹਨਾਂ ਨੂੰ ਦੂਸਰੇ ਦਰਜੇ ਦੇ ਵਾਸੀ ਮੰਨਿਆਂ ਜਾਂਦਾ ਸੀ। ਗ੍ਰਾਮ ਪੰਚਾਇਤਾਂ ਦੀ ਪਰੰਪਰਿਕ ਇਨਸਾਫ਼ ਵਿਧੀ ਬਹੁਤ ਹੀ ਪੱਖਪਾਤੀ ਸੀ। ਗ੍ਰਾਮ ਪੰਚਾਇਤਾਂ 'ਤੇ ਪਿੰਡਾਂ ਦੇ ਪ੍ਰਭਾਵੀ ਪਰਿਵਾਰ ਹਾਵੀ ਸਨ। ਮੁਢਲੀਆਂ ਸੰਸਥਾਵਾਂ ਤੇ ਉੱਚੀਆਂ ਜਾਤਾਂ ਦੇ ਭਾਰੂ ਹੋਣ ਕਰਕੇ ਵਿਹੜਿਆਂ ਦੇ ਦਲਿਤਾਂ ਨੂੰ ਆਮ ਤੌਰ 'ਤੇ ਇਨਸਾਫ਼ ਨਹੀਂ ਸੀ ਮਿਲਦਾ।ਇਸ ਲਈ ਅਸਲੀਅਤ ਇਹ ਹੀ ਸੀ ਕਿ ਵਿਹੜਿਆਂ ਦੇ ਵਾਸੀਆਂ ਅਤੇ ਕਾਫ਼ੀ ਹੱਦ ਤੱਕ ਕਾਰੀਗਰ ਜਾਤਾਂ ਨੂੰ ਆਪਣੇ ਪਿੰਡਾਂ ਦੇ ਜ਼ਮੀਨ ਮਾਲਕ ਭਾਈਚਾਰਿਆਂ ਤੇ ਹੀ ਨਿਰਭਰ ਹੋਣਾ ਪੈਂਦਾ ਸੀ। ਬੇਸ਼ਕ ਕਾਰੀਗਰ ਅਤੇ ਦਲਿਤ ਦੋਵੇਂ ਹੀ ਜਾਤਾਂ ਜ਼ਿਮੀਦਾਰਾਂ 'ਤੇ ਨਿਰਭਰ ਸਨ, ਇਤਿਹਾਸਕ ਤੌਰ ਤੇ ਦਲਿਤਾਂ ਨੂੰ ਪਿੰਡਾਂ ਤੋਂ ਬਾਹਰ ਕੱਢਿਆ ਗਿਆ ਸੀ ਅਤੇ ਅੱਜ ਵੀ ਇਹ ਹੀ ਸਥਿਤੀ ਹੈ। ਪਿੰਡਾਂ ਦੇ ਵਾਸੀਆਂ ਨਾਲ ਉਹਨਾਂ ਦਾ ਰਿਸ਼ਤਾ ਸਿਰਫ ਸਰੀਰਕ ਕਾਮਿਆਂ ਵਾਲਾ ਹੀ ਸੀ। ਪਿੰਡਾਂ ਦੇ ਵਾਸੀਆਂ ਦੇ ਬੱਚੇ ਵੀ ਦਲਿਤ ਵਿਹੜਿਆਂ ਦੇ ਵਾਸੀਆਂ ਦੇ ਬੱਚਿਆਂ ਨਾਲ ਮਿਲਦੇ ਜੁਲਦੇ ਨਹੀਂ ਸਨ। ਬ੍ਰਾਹਮਣ ਵਾੜਿਆਂ ਅਤੇ ਸ਼ੂਦਰ ਵਾੜਿਆਂ ਦਾ ਫਰਕ ਦਰਸਾਉਂਦਿਆਂ ਇਲਾਈਆਹ (ਜ਼; ਲਿਖਦਾ ਹੈ ਕਿ ਦਲਿਤ ਬਹੁਜਨਾਂ ਅਤੇ ਬ੍ਰਾਹਮਣਾਂ ਦੇ ਬੱਚਿਆਂ ਵਿਚ ਦੋਸਤੀ ਨਿੰਦਣਯੋਗ ਅਤੇ ਕਲੰਕ ਸੀ। ਉਸ ਦੇ ਸ਼ਬਦਾਂ ਵਿਚ: "ਉੱਚੀਆ ਜਾਤਾਂ ਦਲਿਤ ਬਹੁਜਨਾਂ ਨੂੰ 'ਬਦਸੂਰਤ' ਕਹਿੰਦੀਆਂ ਹਨ। 'ਸ਼ੂਦਰ' ਅਪਮਾਨਜਨਕ ਸ਼ਬਦ ਹੈ; 'ਚੰਡਾਲ' ਇਸ ਤੋਂ ਕਿਤੇ ਵੱਧ ਅਪਮਾਨਜਨਕ ਸ਼ਬਦ ਹੈ। 'ਉੱਚੀ' ਜਾਤ ਦੇ ਬੱਚਿਆਂ ਨੂੰ ਦਲਿਤ ਬਹੁਜਨ ਬੱਚਿਆਂ ਨਾਲੋਂ ਵੱਖਰੀ ਤਰ੍ਹਾਂ ਰਹਿਣਾ-ਬਹਿਣਾ ਸਿਖਾਇਆ ਜਾਂਦਾ ਹੈ, ਜਿਵੇਂ ਕਿ ਉਹਨਾਂ ਨੂੰ ਦਲਿਤ ਬੱਚਿਆਂ ਨੂੰ ਘਿਰਣਾ ਕਰਨ ਅਤੇ ਪਰ੍ਹੇ ਰੱਖਣਾ ਪੜ੍ਹਾਇਆ ਜਾਂਦਾ ਹੈ।

ਦਲਿਤਾਂ ਦਾ ਪਿੰਡਾਂ ਦੇ ਵਾਸੀਆਂ ਨਾਲ ਮੇਲ-ਜੋਲ ਸਿਰਫ ਸਰੀਰਕ ਮਿਹਨਤ ਦੀ ਉਜਰਤ ਲੈਣ ਤੱਕ ਹੀ ਸੀ। ਇਲਾਈਆਹ (ਜ਼; ਅਨੁਸਾਰ: "ਦਲਿਤ ਬਹੁਜਨ ਉੱਚੀ ਜਾਤ ਦੀਆਂ ਗਲੀਆਂ ਅਤੇ ਕਲੋਨੀਆਂ ਵਿਚ ਸਿਰਫ਼ ਨੌਕਰਾਂ , ਦੋਧੀਆਂ , ਸਬਜ਼ੀ ਵੇਚਣ ਵਾਲਿਆਂ, ਮਿਸਤਰੀਆਂ, ਤਰਖਾਣਾਂ ਆਦਿ ਵਜੋਂ ਹੀ ਜਾ ਸਕਦੇ ਸਨ। ਉਹ ਆਪਣੇ ਕੰਮ ਦੀ ਕੁਸ਼ਲਤਾ ਦੇ ਵਿਕਰੇਤਾ ਸਨ ਅਤੇ ਉੱਚੀਆਂ ਜਾਤਾਂ ਦੇ ਕਹੇ ਜਾਣ ਵਾਲੇ, ਜੋ ਹੱਥੀਂ ਕੰਮ ਕਰਨ ਵਿਚ ਕੁਸ਼ਲ ਨਹੀਂ ਸਨ, ਖਪਤਕਾਰ ਸਨ।ਬਹੁਤੇ ਦਲਿਤ ਬਹੁਜਨ ਝੌਂਪੜੀਆਂ ਵਿਚ ਹੀ ਰਹਿੰਦੇ ਸਨ। ਉਹਨਾਂ ਨੂੰ ਅਜਿਹੇ ਕੰਮਾਂ ਤੋਂ ਵਿਰਵੇ ਰੱਖਿਆ ਗਿਆ ਸੀ ਜਿਹਨਾਂ ਨਾਲ ਉਹਨਾਂ ਦੀ ਸਮਾਜਿਕ-ਆਰਥਿਕ ਸਥਿਤੀ ਚੰਗੀ ਬਣ ਸਕੇ ਅਤੇ ਉਹ ਬ੍ਰਾਹਮਣਾਂ-ਬਾਣੀਆਂ ਦੇ ਬਰਾਬਰ ਹੋ ਸਕਣ। ਹੋਰ ਤਾਂ ਹੋਰ ਦਲਿਤਾਂ ਨੂੰ ਆਪਣੇ ਕੰਮ ਦੇ ਮਿਹਨਤਾਨੇ ਦੀਆਂ ਦਰਾਂ ਨਿਰਧਾਰਤ ਕਰਨ ਵਿਚ ਵੀ ਕੋਈ ਭੂਮਿਕਾ ਨਿਭਾਉਣ ਦੀ ਆਗਿਆ ਨਹੀਂ ਸੀ। ਉਹਨਾਂ ਨੂੰ ਜ਼ਮੀਨ ਮਾਲਕੀ ਵਾਲੀਆਂ ਜਾਤਾਂ ਦੁਆਰਾ ਮਨਮਰਜ਼ੀ ਨਾਲ ਨਿਰਧਾਰਤ ਕੀਤੇ ਗਏ ਮਿਹਨਤਾਨੇ ਹੀ ਪ੍ਰਵਾਨ ਕਰਨੇ ਪੈਂਦੇ ਸਨ। ਇਸੇ ਕਰਕੇ ਹੀ ਜਦੋਂ ਕਾਮੇਂ ਚੰਗੇ ਮਿਹਨਤਾਨੇ ਅਤੇ ਸ਼ਕਤੀ ਦੇ ਸਥਾਈ ਢਾਂਚਿਆਂ ਵਿਚ ਬਰਾਬਰ ਦਾ ਹਿੱਸਾ ਮੰਗਦੇ ਤਾਂ ਪਿੰਡ ਅਤੇ ਵਿਹੜੇ ਵਿਚ ਆਹਮੋ ਸਾਹਮਣੇ ਖੁਲ੍ਹਾ ਟਕਰਾਅ ਹੋ ਜਾਂਦਾ। ਅਜੋਕੇ ਪੰਜਾਬ ਦੇ ਕਈਆਂ ਪਿੰਡਾਂ ਦੀਆ ਜ਼ਮੀਨ ਮਾਲਕੀ ਵਾਲੀਆਂ ਸ਼ਕਤੀਸਾਲੀ ਜਾਤਾਂ ਵੱਲੋਂ ਜੋ ਹੁਣ ਦਲਿਤਾਂ ਦੇ ਸਮਾਜਿਕ ਬਾਈਕਾਟ ਦਾ ਹੜ੍ਹ ਆਇਆ ਹੈ, ਉਸ ਦਾ ਕਾਰਨ ਇਹ ਹੀ ਹੈ।



ਅਸਲ ਵਿਚ ਦਲਿਤ ਵਿਹੜਿਆਂ ਦਾ ਪਿੰਡਾਂ ਤੇ ਨਿਰਭਰ ਹੋਣ ਦਾ ਕਾਰਨ ਇਹ ਹੀ ਹੈ ਕਿ ਪਿੰਡ ਉਹਨਾਂ ਦੇ ਆਰਥਿਕ , ਧਾਰਮਿਕ ਅਤੇ ਸਭਿਆਚਾਰਕ ਜੀਵਨ 'ਤੇ ਕਬਜ਼ਾਧਾਰੀ ਬਣੇ ਰਹੇ ਸਨ। ਵਿਹੜਿਆਂ ਦੇ ਦਲਿਤਾਂ ਨੂੰ ਨਾ ਮਾਤ੍ਰ ਜ਼ਮੀਨ ਦੀ ਮਾਲਕੀ ਦੇ ਅਧਿਕਾਰ ਦੀ ਆਗਿਆ ਨਹੀਂ ਸੀ। ਇਸ ਦੇ ਨਾਲ ਹੀ ਪਿੰਡ ਵਾਲਿਆਂ ਦੇ ਆਰਾਮ ਲਈ ਉਹਨਾਂ ਨੂੰ ਆਪਣੇ ਪਿਤਾ ਪੁਰਖੇ ਕਿਤਿਆਂ ਵਿਚ ਹੀ ਸਖ਼ਤ ਮਿਹਨਤ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ, ਜਿਵੇਂ ਕਿ ਮਰੇ ਪਸ਼ੂਆਂ ਦੀਆਂ ਲੋਥਾਂ ਨੂੰ ਚੁੱਕਣਾ, ਚੰਮ ਲਾਹੁਣਾ ਅਤੇ ਚਮੜੇ ਦੇ ਕੰਮਾਂ ਲਈ ਓਹਲੇ ਤਿਆਰ ਕਰਨਾ, ਉੱਚੀਆ ਜ਼ਾਤਾਂ ਦੇ ਆਂਢ-ਗੁਆਂਢ ਦੀਆ ਗਲੀਆਂ ਸਾਫ਼ ਕਰਨਾਂ, ਪਸ਼ੂਆਂ ਦਾ ਗੋਹਾ ਅਤੇ ਮਨੁੱਖਾਂ ਦਾ ਮਲ ਚੁੱਕਣਾ, ਨਵ-ਜਨਮੇ ਬੱਚਿਆ ਦੇ ਨਾੜੂ ਕੱਟਣੇ, ਵੱਖ-ਵੱਖ ਮੌਕਿਆਂ ਤੇ ਢੋਲ ਵਜਾਉਣਾ, ਸਸਕਾਰ ਦੀ ਤਿਆਰੀ ਕਰਨਾ, ਝਾੜੂ ਬਣਾਉਣਾ, ਕੱਪੜੇ ਬੁਣਨੇ ਅਤੇ ਧੋਣੇ, ਮੱਘਦੇ ਸੂਰਜ ਹੇਠ ਕਪਾਹ ਚੁਗਣਾ ਅਤੇ ਰੋਹਬਦਾਰ ਜਾਤਾਂ ਦੇ ਖੇਤਾਂ ਵਿਚ ਭਾਰੀ ਸਰੀਰਕ ਕੰਮ ਕਰਨੇ।

ਦਲਿਤਾਂ ਦੁਆਰਾ ਉੱਪਰ ਬਿਆਨੇ ਸਖ਼ਤ ਮਿਹਨਤ ਵਾਲੇ ਸਰੀਰਕ ਕੰਮ ਸਰਪ੍ਰਸਤ-ਗਾਹਕ ਰਿਸ਼ਤੇ ਦੀ ਪ੍ਰਣਾਲੀ ਅਧੀਨ ਕੀਤੇ ਜਾਂਦੇ ਸਨ ਜੋ ਆਮ ਤੌਰ 'ਤੇ ਜਜਮਾਨੀ ਵਜੋਂ ਜਾਣੀ ਜਾਂਦੀ ਹੈ। ਇਸ ਅਧੀਨ ਦਲਿਤ ਪੱਕੇ ਤੌਰ ਤੇ ਜਜਮਾਨਾਂ ਨਾਲ ਸੀਰੀਆਂ/ਸੇਪੀਆਂ ਵਜੋਂ ਜੁੜੇ ਰਹਿੰਦੇ ਸਨ ਅਤੇ ਉਹਨਾਂ ਨੂੰ ਹਰ ਵਾਢੀ ਤੇ ਅਨਾਜ ਦਾ ਨਿਰਧਾਰਤ ਤੋਲ, ਮਿਹਨਤਾਨੇ ਵਜੋਂ ਦਿੱਤਾ ਜਾਂਦਾ ਸੀ। ਉਹਨਾਂ ਨੇ ਜ਼ਮੀਨ-ਮਾਲਕਾਂ ਦੇ ਫਾਰਮਾਂ ਵਿਚ ਸਖ਼ਤ ਮਿਹਨਤ ਹੀ ਨਹੀਂ ਸੀ ਕਰਨੀ ਹੁੰਦੀ , ਇਸ ਦੇ ਨਾਲ ਜੁੱਤੀਆਂ ਅਤੇ ਖੇਤੀ ਦੇ ਕੰਮਾਂ ਵਿਚ ਕੰਮ ਆਉਣ ਵਾਲੇ ਚਮੜੇ ਦੇ ਔਜ਼ਾਰ ਵੀ ਬਣਾਉਣੇ ਹੁੰਦੇ ਸਨ।

ਦਲਿਤ ਔਰਤਾਂ ਨੂੰ ਗਾਵਾਂ ਦੇ ਕੋਠੇ ਸਾਫ਼ ਕਰਨੇ ਪੈਂਦੇ ਸਨ ਅਤੇ ਉਹ ਮਾਲਕਾਂ ਦੇ ਘਰਾਂ ਲਈ ਗੋਹੇ ਦੀਆਂ ਪਾਥੀਆਂ ਵੀ ਪੱਥਦੀਆਂ ਸਨ। ਇਵਜ਼ਾਨੇ ਵਜੋਂ ਉਹਨਾਂ ਨੂੰ ਰੋਟੀਆ, ਲੱਸੀ ਅਤੇ ਉਹਨਾਂ ਦੇ ਆਪਣੇ ਪਸ਼ੂਆਂ ਲਈ ਕੁਝ ਚਾਰਾ ਹੀ ਦਿੱਤਾ ਜਾਂਦਾ ਸੀ। ਇਹ ਇਵਜ਼ਾਨਾ ਨਾ ਮਾਤਰ ਹੀ ਹੁੰਦਾ ਸੀ। ਜਿਹੜੀ ਗੱਲ ਸਭ ਤੋਂ ਵੱਧ ਦੁਖਦਾਈ ਸੀ, ਉਹ ਸੀ ਉਹਨਾਂ ਦੀ ਸਥਿਰਤਾ, ਜਿਸ ਕਰਕੇ ਉਹਨਾਂ ਨੂੰ ਰੋਜ਼ਗਾਰ ਦੇ ਹੋਰ ਮੌਕੇ ਨਹੀਂ ਸੀ ਮਿਲਦੇ। ਇਸ ਤਰ੍ਹਾਂ ਦੀ ਸਖ਼ਤ ਪ੍ਰਨਾਲੀ ਅਧੀਨ ਦਲਿਤਾਂ ਨੂੰ ਦੂਸਰੇ ਪਿੰਡਾਂ ਦੇ ਜ਼ਮੀਨ-ਮਾਲਕਾਂ ਦੇ ਨਾਲ ਕੰਮ ਕਰਨ ਦੀ ਆਗਿਆ ਵੀ ਨਹੀਂ ਸੀ ਦਿੱਤੀ ਜਾਂਦੀ। ਇਉਂ ਉਹ ਵਧੇਰੇ ਅਵਜ਼ਾਨੇ ਲਈ ਸੌਦੇਬਾਜ਼ੀ ਕਰਨ ਦੇ ਲਾਭ ਤੋਂ ਵੀ ਵਾਂਝੇ ਰਹਿ ਜਾਂਦੇ ਸਨ। ਪਿੰਡ ਦੇ ਵਿਚ ਵੀ ਉਹਨਾਂ ਨੂੰ ਆਪਣੇ ਪੱਕੇ ਜਜ਼ਮਾਨਾ ਦਾ ਹੀ ਕੰਮ ਕਰਨਾ ਪੈਂਦਾ ਸੀ। ਜਿਹੜੇ ਕਦੇ ਉਹਨਾਂ ਦੇ ਜਜ਼ਮਾਨ ਨਹੀਂ ਸਨ ਰਹੇ, ਉਹਨਾਂ ਦੇ ਕੰਮ ਕਰਨ ਦੀ ਇਜਾਜ਼ਤ ਵੀ ਨਹੀਂ ਸੀ ਦਿੱਤੀ ਜਾਂਦੀ। ਦੂਸਰੇ ਸ਼ਬਦਾਂ ਵਿਚ ਇਹ ਦਲਿਤ ਮਜ਼ਦੂਰਾਂ ਦੇ ਕੰਮ ਦੀ ਵਾਧੂ ਕੀਮਤ ਨੂੰ ਹਜ਼ਮ ਕਰ ਲੈਣ ਦੀ ਚੁਸਤ ਵਿਧੀ ਸੀ, ਜਿਸ ਨਾਲ ਉਹਨਾਂ ਨੂੰ ਗੁਲਾਮ ਮਜ਼ਦੂਰ ਬਣਾ ਲਿਆ ਜਾਂਦਾ ਸੀ।

ਪਿੰਡ-ਵਿਹੜੇ ਦੇ ਸਾਂਚੇ ਬਾਰੇ ਇਕ ਹੋਰ ਮਜ਼ੇਦਾਰ ਗੱਲ ਇਹ ਹੈ ਕਿ ਦੋਹਾਂ ਵੱਖਰੇ ਗੁਆਢਾਂ ਨੂੰ ਇਕ ਪਤਲੀ ਜਿਹੀ ਭੂਗੋਲਕ ਲਕੀਰ ਵੱਖ ਕਰਦੀ ਹੈ। ਜਿੱਥੇ ਉੱਚੀ ਅਤੇ ਭਾਰੂ ਜਾਤ ਵਾਲਿਆਂ ਦੇ ਘਰ ਮੁਕਦੇ ਹਨ ਉੱਥੋਂ ਵਿਹੜੇ ਆਰੰਭ ਹੋ ਜਾਂਦੇ ਹਨ। ਉੱਚੀਆਂ/ਭਾਰੂ ਜਾਤਾਂ ਦਲਿਤਾਂ ਨਾਲ ਆਪਣੀਆਂ ਰੀਤਾਂ , ਰਸਮਾਂ ਅਤੇ ਭਾਈਚਾਰੇ ਦੇ ਹੋਰ ਮੇਲੇ-ਮਸਾਵੇ ਸਾਂਝੇ ਨਹੀਂ ਕਰਦੇ। ਉਹ ਆਪਣੇ ਪਿੰਡ ਵਿਚ ਹੋਣ ਵਾਲੇ ਵਿਆਹਾਂ ਅਤੇ ਹੋਰ ਸਮਾਜਿਕ ਇਕੱਠਾਂ ਵਿਚ ਵੀ ਉਹਨਾਂ ਨੂੰ ਨਹੀਂ ਬੁਲਾਉਂਦੇ। ਦਲਿਤਾਂ ਅਤੇ ਉਹਨਾਂ ਦੇ ਵਿਹੜਿਆਂ ਨੂੰ ਉੱਚੀਆਂ ਜਾਤਾਂ ਦੇ ਆਮ ਵਿਚਾਰ-ਵਟਾਂਦਰਿਆਂ ਅਤੇ ਗੀਤਾਂ ਵਿਚ ਤੁੱਛ ਸਮਝਿਆ ਜਾਂਦਾ ਹੈ ਅਤੇ ਉਹਨਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ। ਦਲਿਤ ਦੇ ਅਬੌਧਿਕ ਅਤੇ ਉਤਸ਼ਾਹਤ ਕਰਨ ਵਾਲੇ ਸ਼ਬਦ-ਵਰਗਾਂ ਵਾਲੇ ਨਾਂ ਅਤੇ ਉੱਚੀਆਂ ਜਾਤਾਂ ਦੀ ਗੱਲ-ਬਾਤ ਦੀ ਬੋਲੀ ਵਿਚ ਵਰਤੇ ਜਾਂਦੇ ਵਿਸ਼ੇਸ਼ਣ ਇਹਨਾਂ ਨੂੰ ਬਿਲਕੁਲ ਨਿੰਕਮੇ ਦਰਸਾਉਂਦੇ ਸਨ। ਦਲਿਤ ਵਿਹੜਿਆਂ ਦੇ ਆਪਣੇ ਵਿਚਾਰ-ਵਟਾਂਦਰੇ ਵੀ ਵੱਖਰੀ ਕਿਸਮਾਂ ਦੇ ਹੁੰਦੇ ਹਨ। ਇਤਿਹਾਸਕ ਵਖਰੇਵਿਆਂ ਦੀਆਂ

ਦੁਖਦਾਈ ਯਾਦਾਂ ਦੇ ਚੌਗਿਰਦੇ ਬੁਣੇ ਹੋਣ ਕਰਕੇ, ਇਹ ਲਿਖਤੀ ਰੂਪ ਵਿਚ ਘੱਟ ਹੀ ਬਿਆਨੇ ਗਏ ਸਨ। ਇਹ ਤਾਂ ਜ਼ੁਬਾਨੀ ਹੀ ਚੱਕਰ ਖਾਂਦੇ ਰਹੇ। ਬੇਸ਼ਕ ਲੇਖਕਾਂ ਦੀ ਬਹੁਤ ਹੀ ਜ਼ਿਆਦਾ ਘਾਟ ਕਾਰਨ ਇਹ ਉਹਨਾਂ ਤੱਕ ਬਹੁਤ ਥੋੜਾ ਪੁੱਜੇ। ਇਲਾਈਆਹ ਦੀ ਦਲੀਲ ਹੈ ਕਿ ਭੂਤਪੂਰਵ ਅਛੂਤਾਂ ਦੀਆ ਯਾਦਾਂ ਵਿਚ ਵਸੇ ਵਿਹੜਿਆਂ ਦੇ ਪ੍ਰਵਚਨ ਸਾਨੂੰ ਹੈਰਾਨ ਕਰ ਦਿੰਦੇ ਹਨ। ਉਹ ਪਿੰਡਾਂ ਅਤੇ ਵਿਹੜਿਆਂ ਵਿਚ ਆਮ ਤੌਰ ਤੇ ਵਿਰੋਧੀ ਰਿਸ਼ਤੇ ਦਰਸਾਉਂਦੇ ਹਨ। ਇਹ ਚੀਜ਼ ਹੁਣ ਅਜੋਕੇ ਪੰਜਾਬ ਵਿਚ ਦਲਿਤ ਗੀਤਾਂ ਅਤੇ ਉਕਰੀਆਂ ਜਾ ਰਹੀਆਂ ਲਿਖਤਾਂ ਵਿਚ ਫੜੀ ਜਾ ਰਹੀ ਹੈ।

ਦਲਿਤ ਵਿਹੜੇ ਵਰਨ ਵਿਚਾਰਧਾਰਾ ਦੀ ਪੂਰਤੀ ਕਰਦੇ ਹਨ, ਜਿਸ ਨੇ ਬੇਬਸ ਦਲਿਤਾਂ ਤੇ ਬ੍ਰਾਹਮਣਵਾਦੀ ਸਮਾਜਿਕ ਢਾਂਚੇ ਦੀ ਜਾਤੀ ਚੌਧਰ ਨੂੰ ਜਾਰੀ ਰੱਖਣਾ ਆਸਾਨ ਬਣਾਇਆ। ਵਰਨ ਵਿਚਾਰਧਾਰਾ ਦੇ ਵਰਤਾਓ ਦੇ ਸਮਾਜਿਕ ਨਿਯਮਾਂ ਨੇ ਉਹਨਾਂ ਨੂੰ ਸਥਾਨਕ ਸ਼ਕਤੀ-ਢਾਂਚੇ ਵਿਚ ਹਿੱਸੇ ਦਾ ਦਾਅਵਾ ਕਰਨ ਦੀ ਆਗਿਆ ਨਹੀਂ ਸੀ ਦਿੱਤੀ। ਇਹ ਤਾਂ ਸਿਰਫ਼ ਹੁਣੇ ਹੀ ਕੁਝ ਦਲਿਤਾਂ ਨੇ ਆਪਣੇ ਵਿਹੜਿਆਂ ਨੂੰ ਦਲਿਤ ਦਾਅਵੇ ਦੀਆਂ ਗਰਮਖਿਆਲੀ ਥਾਵਾਂ ਵਿਚ ਬਦਲਣਾ ਆਰੰਭ ਕੀਤਾ ਹੈ। ਜਿਹੜੇ ਬਹੁਤ ਸਾਰੇ ਦਲਿਤ ਆਪਣੇ ਆਪ ਨੂੰ ਖੇਤੀਬਾੜੀ ਦੀ ਸਰੀਰਕ ਮੁਸ਼ੱਕਤ ਦੇ ਭਾਰੂ ਜਜਮਾਨੀ ਪ੍ਰਬੰਧ ਤੋਂ ਬਚਾ ਸਕੇ ਸਨ, ਉਹ ਬਹੁਤ ਸਾਰੇ ਗੈਰ-ਖੇਤੀ ਪੇਸ਼ਿਆਂ ਵਿਚ ਚਲੇ ਗਏ। ਉਹਨਾਂ ਦੇ ਸਰਕਾਰੀ ਨੌਕਰੀਆਂ ਤੇ ਲਗੱਣ, ਰਾਜਾਂ ਅਤੇ ਕੇਂਦਰ ਦੀਆ ਵਿਧਾਨ ਸਭਾਵਾਂ ਵਿਚ ਸ਼ਾਮਲ ਹੋਣ ਅਤੇ ਕੁਝ ਦੇ ਵਪਾਰਕ ਕਾਰਪੋਰੇਸ਼ਨਾਂ ਵਿਚ ਜਾਣ ਨੇ ਦਲਿਤ ਵਿਹੜਿਆਂ ਰੂਪ ਰੰਗ ਬਦਲ ਦਿੱਤਾ ਹੈ। ਦਲਿਤਾਂ ਦੇ ਵਿਹੜੇ ਹੁਣ ਗਾਰੇ ਦੇ ਬਣੇ ਘਰਾਂ ਅਤੇ ਛਪਰੈਲਾਂ ਦੇ ਝੌਂਪੜੇ ਨਹੀਂ ਰਹੇ, ਜਿਹੜੇ ਮਿੱਟੀ -ਘੱਟੇ ਅਤੇ ਗੰਦ ਨਾਲ ਭਰੇ ਹੁੰਦੇ ਸਨ। ਇਸ ਦੀ ਥਾਂ ਹੁਣ ਇਹਨਾਂ ਨੂੰ ਮਨਭਾਉਂਦੇ ਅਤੇ ਖੁਲ੍ਹੇ ਘਰਾਂ ਨੇ ਸਜਾਇਆ ਹੋਇਆ ਹੈ। ਬਾਹਰਲੇ ਦੇਸ਼ਾ ਨੂੰ ਗਏ ਹੋਏ ਦਲਿਤਾਂ ਵੱਲੋਂ ਭੇਜੀਆ ਗਈਆਂ ਖੁਲ੍ਹੀਆਂ ਰਕਮਾਂ ਨੇ ਵੀ ਵਿਹੜਿਆਂ ਦੇ ਰਹਾਇਸ਼ੀ ਹਾਲਾਤਾਂ ਵਿਚ ਬਹੁਤ ਹੀ ਜ਼ਿਆਦਾ ਸੁਧਾਰ ਕੀਤਾ ਹੈ। ਹੁਣ ਵਿਹੜਿਆਂ ਦਾ ਆਲਾ ਦੁਆਲਾ ਗੰਦ ਅਤੇ ਮਿੱਟੀ ਘੱਟੇ ਦੇ ਢੇਰਾਂ ਹੇਠ ਨਹੀਂ ਦੱਬਿਆ ਹੋਇਆ। ਗਲੀਆਂ ਪੱਕੀਆਂ ਬਣ ਗਈਆਂ ਹਨ; ਬਹੁਤ ਸਾਰੇ ਘਰਾਂ ਵਿੱਚ ਗੁਸਲਖਾਨੇ ਬਣ ਗਏ ਹਨ। ਪਾਣੀ ਦੇ ਨਿਕਾਸ ਅਤੇ ਪਾਣੀ ਪ੍ਰਾਪਤ ਕਰਨ ਦੀਆਂ ਸਹੂਲਤਾਂ ਵੀ ਹਨ। ਆਵਾਜਾਈ ਦੇ ਨਿੱਜੀ ਅਤੇ ਸਰਕਾਰੀ ਸਾਧਨ ਉਹਨਾਂ ਨੂੰ ਕਸਬਿਆਂ ਅਤੇ ਸ਼ਹਿਰਾਂ ਨਾਲ ਜੋੜਦੇ ਹਨ।

ਅਜੋਕੇ ਸਮਿਆਂ ਵਿਚ ਪਿੰਡ ਅਤੇ ਵਿਹੜੇ ? ਜੱਦੋ ਜਹਿਦ ਦੇ ਦੌਰ ' ਵਿਚ ਆਏ ਜਾਪਦੇ ਹਨ। ਦਲਿਤ ਲਹਿਰ ਦੇ ਇਸ ਦੌਰ ਦੇ ਵੱਖਰਾ ਅਤੇ ਨਵਾਂ ਹੋਣ ਦਾ ਕਾਰਨ ਇਸ ਦਾ ਅਹਿੰਸਕ ਹੋਣਾ ਹੈ। 1920 ਦੇ ਆਰੰਭ ਦੀ ਆਦਿ-ਧਰਮ ਲਹਿਰ, 1940 ਦੇ ਆਰੰਭ ਦੀ ਅੰਬੇਦਕਰ ਲਹਿਰ ਅਤੇ ਇਸ ਤੋਂ ਬਾਅਦ 1980 ਵਿਆਂ ਦੌਰਾਨ ਹੋਂਦ ਵਿਚ ਆਈ ਬਹੁਜਨ ਸਮਾਜ ਪਾਰਟੀ ਨੇ ਮਿਲ ਕੇ ਸ਼ਕਤੀਆਂ ਦੀਆਂ ਸਥਾਨਕ ਸੰਸਥਾਵਾਂ ਵਿਚੋਂ ਆਪਣਾ ਬਣਦਾ ਹਿੱਸਾ ਲੈਣ ਲਈ ਦਲਿਤ ਵਿਹੜਿਆਂ ਦੇ ਸ਼ਾਂਤੀਪੂਰਨ ਰਾਜਨੀਤੀਕਰਨ ਦੀ ਮਹੱਤਵਪੂਰਨ ਭੂਮਿਕਾ ਨਿਭਾਈ। ਕੁਝ ਕੁ ਹਿੰਸਕ ਘਟਨਾਵਾਂ ਹੋਈਆਂ ਪਰ ਸਮੁੱਚੇ ਤੌਰ ਤੇ ਪੰਜਾਬ ਵਿਚ ਇਹ ਲਹਿਰ ਸ਼ਾਂਤੀਪੂਰਨ ਹੀ ਰਹੀ, ਆਪਣੀ ਸੌ ਵਰ੍ਹਿਆ ਦੀ ਹੋਂਦ ਦੌਰਾਨ ਰਾਜ ਵਿਚਲੀ ਦਲਿਤ ਲਹਿਰ ਨੇ ਅਸ਼ਾਂਤ ਢੰਗਾਂ ਦੀ ਥਾਂ ਸੰਵਿਧਾਨਕ ਤਰੀਕਿਆਂ ਨੂੰ ਪਹਿਲ ਦਿੱਤੀ ਅਤੇ ਸੰਵਿਧਾਨਕ ਸਥਿਤੀ ਨੂੰ ਲਗਾਤਾਰ ਬਣਾਈ ਰੱਖਣ ਤੇ ਸਖ਼ਤੀ ਨਾਲ ਪਹਿਰਾ ਦਿੱਤਾ। ਅਗਲਾ ਹਿੱਸਾ ਰਾਜ ਵਿਚਲੀ ਦਲਿਤ ਲਹਿਰ ਦੇ ਸ਼ਾਂਤੀਪੂਰਨ ਸੁਭਾਅ ਦੀ ਉਤਪਤੀ ਨੂੰ ਅਤੇ ਵਿਹੜਿਆਂ ਵਿਚ ਇਸ ਲਹਿਰ ਦੁਆਰਾ ਉਠਾਏ ਗਏ ਬੁਨਿਆਦੀ ਦਲਿਤ ਦਾਅ ਲਈ ਨਿਭਾਈ ਗਈ ਨਾਜ਼ਕ ਭੂਮਿਕਾ ਨੂੰ ਬਿਆਨ ਕਰਦਾ ਹੈ।

### 2. ਰਵੀਦਾਸ ਅਤੇ ਦਲਿਤ ਵਿਹੜਿਆਂ ਦਾ ਦਾਅਵਾ

ਅਜੋਕੇ ਪੰਜਾਬ ਦੇ ਵੱਖਰੇ ਦਲਿਤ ਵਿਹੜਿਆਂ ਵਿਚ ਦਲਿਤ ਲਹਿਰ ਦੇ ਅਮਨਦਾਇਕ ਹੋਣ ਦਾ



ਬਹੁਤ ਵੱਡਾ ਸਿਲਾ ਰਵੀਦਾਸ ਦੇ ਆਤਮਿਕ ਅਤੇ ਸਮਾਜਿਕ ਦਰਸ਼ਨ ਨੂੰ ਜਾਂਦਾ ਹੈ। ਵਿਹੜਿਆਂ ਵਿਚ ਵੱਡੀ ਵਿਣਤੀ ਦੇ ਘਰਾਂ, ਵਿਸ਼ੇਸ਼ ਤੌਰ ਤੇ ਰਵੀਦਾਸੀਆ ਭਾਈਚਾਰੇ, ਦੀਆਂ ਕੰਧਾਂ ਤਾਂ ਰਵੀਦਾਸ ਦੀਆਂ ਤਸਵੀਰਾਂ ਵਾਲੇ ਕਲੰਡਰਾਂ ਨਾਲ ਸਜੀਆਂ ਹੁੰਦੀਆਂ ਹਨ। ਉਹਨਾਂ ਲਈ ਰਵੀਦਾਸ ਉਹੀ ਹੈ ਜੋ ਹਿੰਦੂਆਂ ਲਈ ਬ੍ਰਹਮਾਂ, ਵਿਸ਼ਨੂੰ ਅਤੇ ਮਹੇਸ਼ ਹਨ। ਉਸ ਦੀ ਆਤਮਕ ਅਤੇ ਸਮਾਜਿਕ ਵਿਚਾਰਧਾਰਾ ਬਹੁਤ ਸਾਦੀ ਹੈ ਅਤੇ ਵਿਹੜਿਆਂ ਦੇ ਵਾਸੀਆਂ ਦੀ ਆਮ ਬੋਲੀ ਵਿਚ ਪੇਸ਼ ਕੀਤੀ ਗਈ ਹੈ। ਉਹਨਾਂ ਨੇ ਆਪਣਾ ਸਮਾਜਿਕ ਰੁਤਬਾ ਉੱਚਾ ਕਰਨ ਲਈ ਸਭਿਆਚਾਰਕ ਮਿਲਨ ਜਾਂ ਧਰਮ ਬਦਲੀ ਦੀ ਪੈਰਵੀ ਨਹੀਂ ਕੀਤੀ। ਇਸ ਦੀ ਥਾਂ ਉਹਨਾਂ ਨੇ ਆਪਣੀ ਜਾਤ, ਥਾਂ ਅਤੇ ਕਿੱਤੇ ਨੂੰ ਕਾਇਮ ਰੱਖਣ 'ਤੇ ਜ਼ੋਰ ਦਿੱਤਾ ਅਤੇ ਨਾਲ ਦੀ ਨਾਲ ਹੀ ਆਪਣੇ ਘਟੀਆ ਸਰੀਰਕ ਕੰਮ ਕਾਰਨ ਕੰਮੀਆਂ ਵਜੋਂ ਜਾਣੇ ਜਾਂਦੇ ਲੋਕਾਂ ਨੂੰ ਇਸ 'ਤੇ ਮਾਣ ਕਰਨ ਲਈ ਪ੍ਰੇਰਿਆ। ਉਹਨਾਂ ਨੇ ਬ੍ਰਾਹਮਣ ਪੁਜਾਰੀਆਂ ਦੁਆਰਾ ਮੰਦਰਾਂ ਵਿਚ ਸ਼ਾਨੋ ਸ਼ੌਕਤ ਨਾਲ ਕੀਤੀਆਂ ਜਾਂਦੀਆਂ ਰਸਮਾਂ ਵਿਰੁਧ ਸਰੀਰਕ ਮਿਹਨਤ ਦੀ ਮਹੱਤਤਾ ਨੂੰ ਰੁਸ਼ਨਾਇਆ। ਉਹਨਾਂ ਨੇ ਆਪਣੀ ਜੁੱਤੀਆਂ ਗੰਢਣ ਅਤੇ ਬਣਾਉਣ ਵਾਲੀ ਥਾਂ ਨੂੰ ਸਰਬ ਵਿਆਪਕ ਅਤੇ ਸਰਬ ਸ਼ਕਤੀਮਾਨ ਪ੍ਰਮਾਤਮਾ ਦਾ ਪੂਜਾ ਸਥਾਨ ਸਮਝਿਆ। ਉਹਨਾਂ ਨੇ ਨਾ ਤਾਂ ਰੱਬ ਦੀ ਪੂਜਾਂ ਜਾਂ ਅਰਾਧਨਾ ਲਈ ਕਿਸੇ ਵੱਖਰੀ ਥਾਂ ਦੀ ਲੋੜ ਸਮਝੀ ਅਤੇ ਨਾ ਹੀ ਰੱਬ ਅਤੇ ਅਰਾਧਕ ਦਰਮਿਆਨ ਕਿਸੇ ਵਿਚੋਲੇ (ਪੁਜਾਰੀ/ਬੁੱਤ) ਦੀ। ਉਹਨਾ ਲਈ ਆਪਣੀ ਨੂੰ ਇਮਾਨਦਾਰੀ ਅਤੇ ਹਰ ਕਿਸੇ ਪ੍ਰਤੀ ਬਿਨਾਂ ਵਖਰੇਵੇਂ ਦੇ ਵਰਤਓ ਕਰਨਾ, ਆਤਮਿਕਤਾ ਦਾ ਪਹਿਲਾ ਅਤੇ ਆਖਰੀ ਸਬਕ ਸੀ। ਉਹਨਾਂ ਦਾ ਪੱਕਾ ਵਿਸ਼ਵਾਸ ਸੀ ਕਿ ਕੋਈ ਜਨਮ ਤੋਂ ਉੱਚਾ ਜਾਂ ਨੀਵਾਂ ਨਹੀਂ ਹੁੰਦਾ, ਇਹ ਉਸ ਦੇ ਕਰਮ ਹੁੰਦੇ ਹਨ ਜੋ ਉਸ ਨੂੰ ਇਹ ਦਰਜਾ ਦਿੰਦੇ ਹਨ। ਉਸ ਦੇ ਰੋਜ਼ਾਨਾ ਹੋਂਦ ਵਾਲੇ ਜੀਵਨ ਦੀ ਅਣੋਖੀ ਸਮਾਜਿਕ ਆਤਮਿਕ ਰਸਾਇਣ ਅਤੇ ਉਸ ਦਾ ਜਾਤੀ ਰਹਿਤ ਸਮਾਜ ਅਤੇ ਬਰਾਬਰੀ ਦਾ ਦਰਸ਼ਨ ਵੱਖਰੇ ਦਲਿਤ ਵਿਹੜਿਆਂ ਦੇ ਲੰਮੇਂ ਸਮੇਂ ਤੋਂ ਨਿਕਾਰੇ ਅਤੇ ਪੱਖ-ਪਾਤ ਦਾ ਸ਼ਿਕਾਰ ਹੋਏ ਇਲਾਕਿਆਂ ਦੀ ਉਪਜਾਊ ਜ਼ਮੀਨ ਵਿਚ ਦਲਿਤਾਂ ਦੇ ਪ੍ਰਤੀਕਰਮ ਦੇ ਉਠਾਣ ਨੂੰ ਆਸਾਨ ਬਣਾਉਂਦਾ ਹੈ। ਉਸ ਦੀਆਂ ਨੈਤਿਕ ਅਤੇ ਸਮਾਜਿਕ ਸਿਖਿਆਵਾਂ ਤੇ ਅਧਾਰਤ ਗੀਤ ਹੁਣ ਦਲਿਤ ਵਿਹੜਿਆਂ ਦੀਆ ਵੱਡੀਆ ਅਤੇ ਛੋਟੀਆਂ ਗਲੀਆਂ ਵਿਚ ਗੂੰਜਦੇ ਹਨ। ਰਵੀਦਾਸ ਜੈਯੰਤੀ ਨੂੰ ਬੜੀ ਸ਼ਾਨੋ ਸ਼ੌਕਤ ਨਾਲ ਮਨਾਇਆ ਜਾਂਦਾ ਹੈ। ਉਹਨਾਂ ਨੂੰ ਸ਼ਰਧਾਂਜਲੀ ਪੇਸ਼ ਕਰਨ ਵਜੋਂ ਨੁੱਕੜ ਨਾਟਕ ਕੀਤੇ ਜਾਂਦੇ ਹਨ ਅਤੇ ਸਭਿਆਚਾਰਕ ਪ੍ਰੋਗਰਾਮਾਂ ਅਤੇ ਖੇਡ ਮੁਕਾਬਲਿਆਂ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਸਭ ਕੁਝ ਨੇ ਹੁਣ ਤੱਕ ਨਿਖੇੜੇ ਅਤੇ ਨਿਕਾਰੇ ਦਲਿਤ ਸਮਾਜ ਦਾ ਕੇਂਦ੍ਰੀਕਰਨ ਕਰ ਦਿੱਤਾ ਹੈ।

ਉਹਨਾਂ ਦਾ ਜਨਮ ਭਾਵੇਂ ਹੁਣ ਦੇ ਉਤੱਰ ਪ੍ਰਦੇਸ਼ ਵਿਚ ਹੋਇਆ ਸੀ, ਪਰ ਉਹ ਪੰਜਾਬ ਦੇ ਦਲਿਤ ਵਿਹੜਿਆ ਵਿਚ ਬਹੁਤ ਹੀ ਸਰਾਹੇ ਗਏ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਹ ਆਪਣੀਆਂ ਰਾਜਸਥਾਨ ਦੀਆਂ ਯਾਤਰਾਵਾਂ ਸਮੇਂ ਪੰਜਾਬ ਆਉਂਦੇ ਸਨ। ਉਹਨਾਂ ਦੀਆਂ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਨਾਲ ਹੋਈਆਂ ਮਿਲਣੀਆਂ ਅਤੇ ਉਹਨਾਂ ਦੇ ਅਜੋਕੇ ਪੰਜਾਬ ਦੇ ਦੁਆਬੇ ਵਿਚ ਸਥਿਤ ਖੁਰਾਲਗੜ੍ਹ ਸਾਹਿਬ ਅਤੇ ਚੱਕ ਹਕੀਮ ਦੇ ਦੌਰਿਆਂ ਦੀਆਂ ਗੱਲਾਂ ਰਾਜ ਦੇ ਦਲਿਤ ਵਿਹੜਿਆਂ ਦੇ ਲੋਕਾਂ ਵਿਚ ਬਹੁਤ ਪ੍ਰਚਲਿਤ ਹਨ। ਇਹਨਾਂ ਦੋਹਾਂ ਥਾਵਾਂ ਤੇ ਰਵੀਦਾਸ ਮੰਦਰਾਂ ਦੀ ਸ਼ਕਲ ਵਿਚ ਦੋ ਬਹੁਤ ਵੱਡੀਆਂ ਇਮਾਰਤਾਂ ਉਸਾਰੀਆਂ ਗਈਆਂ ਹਨ। ਵੱਖਰੇ ਕੀਤੇ ਦਲਿਤ ਵਿਹੜਿਆਂ ਦੇ ਨੀਵੀਂ ਜਾਤ ਦੇ ਵਾਸੀਆਂ ਲਈ ਰਵੀਦਾਸ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਗਈ ਬਾਣੀ ਦੇ ਵਿਸ਼ੇਸ਼ ਅਰਥ ਹਨ। ਉਹ ਅਕਸਰ ਇਹ ਕਹਿੰਦੇ ਹਨ ਕਿ ਗੁਰੂ ਸਾਹਿਬ ਵੱਲੋਂ ਇਹਨਾ ਦੀ ਬਾਣੀ ਨੂੰ ਐਨਾ ਸਤਿਕਾਰ ਦੇਣ ਦੇ ਬਾਵਜੂਦ ਭਾਰੂ ਕਿਸਾਨੀ ਜਾਤ ਵਾਲੇ ( ਜੱਟ) ਇਹਨਾਂ ਨੂੰ ਅਜੇ ਵੀ ਨੀਵੀਂ ਜਾਤ ਦੇ [illegible] ਸਮਝਦੇ ਹਨ ਅਤੇ ਜਾਤਾਂ ਦੇ ਨਾਂ ਤੇ ਉਹਨਾਂ ਨਾਲ ਵਖਰੇਵਾਂ ਕਰਦੇ ਹਨ। ਹਾਲਾਂਕਿ ਸਿੱਖ ਧਰਮ ਦਰਸ਼ਨ ਵਿਚ ਜਾਤ-

ਪਾਤ ਦੀ ਕੋਈ ਥਾਂ ਨਹੀਂ ਹੈ। ਉਹ ਤਾਂ ਰਵੀਦਾਸ ਨੂੰ ਭਗਤ ਦਾ ਰੁਤਬਾ ਦੇਣ ਤੋਂ ਵੀ ਵਰਜਦੇ ਹਨ, ਜਿਹਨਾਂ ਨੂੰ ਦਲਿਤ ਆਪਣੇ ਗੁਰੂ ਵਜੋਂ ਸਤਿਕਾਰਦੇ ਹਨ। ਮੁੱਖਧਾਰਾ ਵਾਲੇ ਸਿੱਖ ਧਰਮ ਦੀਆਂ ਪੱਕੀਆਂ ਜੜ੍ਹਾਂ ਬਰਾਬਰੀ ਦੇ ਦਰਸ਼ਨ ਵਿਚ ਹਨ ਪਰ ਇਸ ਵਿਚ ਸਮਾਜਿਕ ਬਖੇੜੇ ਦੀ ਗੁੱਝੀ ਹਾਜ਼ਰੀ ਨੇ ਵੱਡੇ ਦਲਿਤ ਭਾਈਚਾਰੇ ਦੇ ਕੁੱਝ ਹਿੱਸਿਆਂ ਨੂੰ ਵੱਖ-ਵੱਖ ਦਲਿਤ ਵਿਹੜਿਆ ਵਿਚ ਵੰਡ ਕੇ ਹੁਣੇ ਜਿਹੇ ਐਲਾਨੇ ਗਏ ਦਲਿਤ ਧਰਮ-ਰਵੀਦਾਸ ਧਰਮਾਂ ਦਾ ਆਸਰਾ ਲੈਣ ਲਈ ਮਜਬੂਰ ਕੀਤਾ ਹੈ।

ਅਜੋਕੇ ਪੰਜਾਬ ਵਿਚ ਧਰਮ ਰਾਜਨੀਤੀ ਦੇ ਬਹੁਤ ਹੀ ਵੱਡੇ ਮੁਕਾਬਲੇ ਦੇ ਖੇਤਰ ਵੱਲ ਖਿੱਚ ਪਾਉਂਦਾ ਹੈ। ਸਿੱਖ ਧਰਮ ਦੀਆਂ ਬਹੁਤ ਹੀ ਸ਼ਕਤੀਸ਼ਾਲੀ ਧਾਰਮਿਕ ਸੰਸਥਾਵਾਂ ਜਿਵੇਂ ਗੁਰਦੁਆਰੇ-ਇਸ ਗੱਲ ਦੀਆਂ ਗਵਾਹ ਹਨ। ਰਾਜ ਦੇ ਪਿੰਡਾਂ ਅਤੇ ਸ਼ਹਿਰੀ ਇਲਾਕਿਆਂ ਵਿਚ ਕੋਈ ਹੀ ਅਜਿਹੀ ਵਸੋਂ ਹੋਵੇਗੀ ਜਿੱਥੇ ਗੁਰਦੁਆਰਾ ਨਾ ਹੋਵੇ। ਉਹ ਸਿਰਫ਼ ਸ਼ਕਲ ਤੋਂ ਹੀ ਧਾਰਮਿਕ ਢਾਂਚੇ ਨਹੀਂ ਹਨ, ਇਹ ਪਸਰੇ ਹੋਏ ਅਧਿਆਤਮਕ ਅਸਰ ਅਤੇ ਸਿੱਖ ਧਰਮ ਦੀ ਖੁਲ੍ਹੀ ਪਹੁੰਚ ਅਤੇ ਇਸ ਦੀ ਰਾਜ ਦੀ ਰਾਜਨੀਤੀ ਤੇ ਪਕੜ ਦਾ ਤੱਤਸਾਰ ਵੀ ਦਸਦੇ ਹਨ। ਸ੍ਰੋਮਣੀ ਅਕਾਲੀ ਦਲ ਮੁੱਖ ਪਾਰਟੀਆਂ ਵਿਚੋਂ ਇਕ ਹੈ। ਇਸ ਨੇ ਰਾਜ ਵਿਚ ਹੁਣ ਲਗਾਤਾਰ ਦੋ ਵਾਰਾਂ ਰਾਜ ਕੀਤਾ ਹੈ। ਇਸ ਨੇ ਜੱਟ ਸਿੱਖਾਂ ਦੀ ਬਹੁ-ਗਿਣਤੀ ਦੇ ਆਧਾਰ ਨੂੰ ਮਾਣਿਆ ਹੈ। ਪੰਜਾਬ ਦੇ ਸਮੂਹ ਜੱਟ ਧਰਮ ਦੇ ਪੱਖੋਂ ਸਿੱਖ ਧਰਮੀਂ ਹੀ ਹਨ। ਸਿੱਖਾਂ ਦੀ ਮਹਾਨ ਧਾਰਮਿਕ ਸੰਸਥਾ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਵੀ ਇਹਨਾਂ ਦਾ ਹੀ ਕਬਜ਼ਾ ਹੈ । ਆਮ ਜਿਹੀ ਰਾਏ ਹੈ ਕਿ ਜਿਹਨਾਂ ਦਾ ਕਬਜ਼ਾ ਗੁਰਦੁਆਰਿਆਂ ਤੇ ਹੈ ਉਹਨਾ ਦਾ ਹੀ ਕਬਜ਼ਾ ਪੰਜਾਬ ਦੀ ਰਾਜਨੀਤੀ 'ਤੇ ਹੈ। ਜਿਹਨਾਂ ਪਿੰਡਾਂ ਵਿਚ ਗੁਰਦੁਆਰਿਆਂ ਦਾ ਸਭਿਆਚਾਰ ਜ਼ਿਆਦਾ ਫੈਲਿਆ ਹੈ ਅਤੇ ਭਾਰੂ ਹੈ, ਉਥੇ ਹੀ ਅਜੋਕੇ ਪੰਜਾਬ ਦੇ ਦਲਿਤ ਵਿਹੜਿਆ ਵਿਚ ਰਵੀਦਾਸ ਡੇਰੇ ਖੁੰਬਾਂ ਵਾਂਗ ਉੱਗ ਰਹੇ ਹਨ ਅਤੇ ਉਹ ਵਿਸ਼ੇਸ਼ ਮਹੱਤਤਾ ਪ੍ਰਾਪਤ ਕਰ ਚੁੱਕੇ ਹਨ।

ਰਵੀਦਾਸ ਡੇਰੇ: ਦਲਿਤ ਦਾਅਵੇ ਦਾ ਵਾਹਨ

ਪੰਜਾਬ ਵਿਚ ਡੇਰਿਆ ਦੀ ਉਤਪਤੀ ਤਾਂ ਭਾਰਤ ਵਿਚ ਨਾਥ-ਜੋਗੀ ਪਰੰਪਰਾ ਅਤੇ ਸੂਫ਼ੀਵਾਦ ਤੋਂ ਆਰੰਭ ਹੋਈ ਪਾਈ ਜਾਂਦੀ ਹੈ । ਪਰ ਰਵੀਦਾਸ ਡੇਰਿਆਂ ਦੀ ਹੋਂਦ ਤਾਂ ਵੀਹਵੀਂ ਸਦੀ ਦੇ ਆਰੰਭ ਵਿਚ ਹੀ ਉਜਾਗਰ ਹੋਈ। ਇਸ ਤਰ੍ਹਾਂ ਜਾਪਦਾ ਸੀ ਕਿ ਇਹ ਦਲਿਤਾਂ ਦੀ ਵੱਖਰੀ ਧਾਰਮਿਕ ਪਛਾਣ ਦੀ ਲੋੜ ਦੇ ਹੁੰਗਾਰੇ ਵਜੋਂ ਹੀ ਉਭਰੇ। ਦੂਸਰੇ ਸ਼ਬਦਾਂ ਵਿਚ ਡੇਰੇ ਦਲਿਤ ਪਛਾਣ ਬਣਾਉਣ ਦੀ ਕਿਰਿਆ ਦੀ ਚਾਲ ਦਾ ਨਤੀਜਾ ਹਨ ਅਤੇ ਇਹਨਾਂ ਨੇ ਲੰਘੇ ਸਾਲਾਂ ਦੌਰਾਨ ਦਲਿਤਾਂ ਦੇ ਮਾਣ-ਭਾਵ, ਸਮਾਜਿਕ ਇਨਸਾਫ਼ ਅਤੇ ਬਰਾਬਰੀ ਲਈ ਚਲ ਰਹੀ ਜੱਦੋਜਹਿਦ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ । ਇਹ ਕਹਿਣ ਵਿਚ ਕੋਈ ਖ਼ਤਰਾ ਨਹੀ ਕਿ ਇਹ ਡੇਰੇ ਸਿਰਫ਼ ਦਲਿਤਾਂ ਦੇ ਅਧਿਆਤਮਕ ਇਕੱਠਾਂ ਦੇ ਕੇਂਦਰਾਂ ਵਜੋਂ ਹੀ ਹੋਂਦ ਵਿਚ ਨਹੀਂ ਆਏ, ਇਹ ਤਾਂ ਬਹੁਤ ਛੇਤੀ ਹੀ ਦਲਿਤਾਂ ਦੇ ਅਹਿੰਸਕ ਵਿਰੋਧ ਦੇ ਭੂਚਾਲੀ ਕੇਂਦਰੀ ਸਥਾਨ ਬਣ ਗਏ। ਇਹ ਤਾਂ ਅਸਲ ਵਿਚ ਅਜੋਕੇ ਪੰਜਾਬ ਦੇ ਦਲਿਤ ਵਿਹੜਿਆਂ ਵਿਚ ਬਣ ਰਹੀ ਵੱਖਰੀ ਦਲਿਤ ਪਛਾਣ ਦੇ ਸਪਸ਼ਟ ਸਬੂਤ ਹਨ।

ਰਵੀਦਾਸ ਡੇਰਿਆਂ ਨੇ ਆਪਣੇ ਧਾਰਮਿਕ ਗ੍ਰੰਥ , ਧਾਰਮਿਕ ਨਿਸ਼ਾਨ, ਰਵਾਇਤਾਂ, ਅਰਦਾਸਾਂ , ਰਸਮਾਂ ਅਤੇ ਪੰਜਾਬ ਦੇ ਖੇਤੀਬਾੜੀ ਸਮਾਜ ਵਿਚ ਜਾਤੀ ਦਾਬੇ ਦੇ ਭਾਰੂ ਢਾਂਚਿਆਂ ਵਿਰੁੱਧ ਅਵਾਜ਼ ਉਠਾਣ ਲਈ ਸੁਨੇਹੇ ਤਿਆਰ ਕਰ ਲਏ ਹਨ। ਉਹਨਾਂ ਦੀ ਵੱਖਰਤਾ ਇਸ ਤੱਥ ਵਿਚ ਹੈ ਕਿ ਨਾ ਤਾਂ ਉਹ ਸਥਾਪਿਤ ਧਰਮ-ਸਾਸ਼ਤਰ ਦਾ ਆਸਰਾ ਲੈਂਦੇ ਹਨ ਅਤੇ ਨਾਂ ਹੀ ਉੱਚੀਆਂ ਜਾਤਾਂ ਦੇ ਸਮਾਜ ਦੀ ਦਾਬੇ ਵਾਲੀ ਸਮਾਜਕ - ਸਭਿਆਚਾਰਕ ਪ੍ਰਕਿਰਤੀ ਦੀ ਨਕਲ ਕਰਦੇ ਹਨ। ਇਸ ਦੇ ਉਲਟ ਉਹ ਆਪਣੇ ਆਪ ਨੂੰ ਮੁੱਖਧਾਰਾਈ ਧਾਰਮਿਕ ਪ੍ਰਬੰਧ ਨਾਲੋਂ ਵਖਰਿਆਉਂਦੇ ਹਨ ਅਤੇ ਉੱਚੀਆਂ ਜਾਤਾਂ ਦੇ ਗੁਆਢਾਂ ਦੀ ਦਲਿਤ ਵਿਹੜਿਆਂ 'ਤੇ ਚੌਧਰ ਦਾ ਵਿਰੋਧ ਕਰਦੇ ਹਨ। ਅਸਲ ਵਿਚ ਰਵੀਦਾਸ ਡੇਰੇ



ਦਲਿਤਾਂ ਨੂੰ ਸੰਵੇਦਨਸ਼ੀਲ ਬਣਾਉਣ ਅਤੇ ਉਹਨਾਂ ਦੇ ਸ਼ਕਤੀਕਰਨ ਨੂੰ ਆਸਾਨ ਕਰਨ ਲਈ ਪ੍ਰਚਾਰਕ ਮੰਡਲ ਵਾਂਗ ਕੰਮ ਕਰਦੇ ਰਹੇ ਹਨ। ਇਹਨਾਂ ਨੇ ਦਲਿਤ ਵਿਹੜਿਆਂ ਦੇ ਸ਼ਕਤੀਕਰਨ ਲਈ ਨਵੀਂ ਸਮਾਜਿਕ - ਸਭਿਆਚਾਰਕ ਲਹਿਰ ਦਾ ਰੂਪ ਧਾਰਨ ਕਰ ਲਿਆ ਹੈ।

ਰਵੀਦਾਸ ਡੇਰਿਆਂ ਵਿਚ ਧਾਰਮਿਕ (ਰਵੀਦਾਸ) ਅਤੇ ਰਾਜਨੀਤਕ (ਅੰਬੇਦਕਰ) ਹੈਸੀਅਤਾਂ ਵਿਚਕਾਰ ਕਿਸੇ ਕਿਸਮ ਦੀ ਲਕੀਰ ਨਹੀਂ ਹੁੰਦੀ। ਉਹ ਨਾਜ਼ੁਕ ਦਲਿਤ ਥਾਂ ਦੀ ਪ੍ਰੀਤਨਿਧਤਾ ਕਰਦੇ ਹਨ ਜਿਥੇ ਰਵੀਦਾਸ ਦੁਆਰਾ ਵਿਚਾਰ ਗੋਚਰੇ ਕੀਤੇ ਅਤੇ ਆਪ ਅਮਲ 'ਚ ਲਿਆਂਦੇ ਭਗਤੀ ਆਧਾਰਤ ਅਹਿੰਸਕ ਸਮਾਜਿਕ ਵਿਰੋਧ ਆਖੀਰ ਨੂੰ ਅੰਬੇਦਕਰ ਦੀ ਅਗਵਾਈ ਵਾਲੇ ਰਾਜਨੀਤਕ ਵਿਰੋਧਾਂ ਨਾਲ ਮਿਲ ਜਾਂਦੇ ਹਨ। ਰਵੀਦਾਸ ਡੇਰਿਆਂ ਵਿਚ ਰਵੀਦਾਸ ਦੇ ਕਾਲਪਨਿਕ ਸੁੱਖ ?ਬੇਗ਼ਮਪੁਰਾ' (ਆਦਰਸ਼ਕ ਦਲਿਤ ਲੋਕਰਾਜ) ਦੇ ਗੀਤ ਦੀ ਤਰੰਗ ਅਤੇ ਤਰਕ ਅੰਬੇਦਕਰ ਦੇ ਪ੍ਰਬੁੱਧ ਭਾਰਤ ਦੀਆਂ ਵਿਸ਼ਲੇਸ਼ਣੀ ਪ੍ਰਤੀ-ਧੁਨੀਆਂ ਨਾਲ ਪੂਰੀ ਤਰ੍ਹਾ ਮਿਲ ਜਾਂਦੇ ਹਨ। ਪ੍ਰਬੁੱਧ ਭਾਰਤ ਦਾ ਸੰਕਲਪ ਬਸਤੀਵਾਦੀ ਸਮੇਂ ਦੌਰਾਨ ਦਲਿਤ-ਬਹੁਜਨ ਬੁੱਧੀਜੀਵੀਆਂ ਅਤੇ ਜਾਤ-ਵਿਰੋਧੀ ਲਹਿਰ ਦੇ ਆਗੂਆਂ ਦੁਆਰਾ ਕਲਪਿਤ ਸੁਖਾਂ ਵਿੱਚੋਂ ਸਭ ਤੋਂ ਵੱਧ ਲੋਕ ਪ੍ਰਿਆ ਅਤੇ ਤਰਕ-ਅਧਾਰਤ ਸੀ। ਪੰਜਾਬ ਵਿਚ ਰਵੀਦਾਸ ਡੇਰਿਆਂ ਦੀ ਲਹਿਰ ਉਸ ਗੱਲ ਦੀ ਪ੍ਰਤੀਨਿਧਤਾ ਕਰਦੀ ਹੈ ਜਿਸ ਨੂੰ ਨਵ-ਬੁੱਧਵਾਦ ਦੀ ਇਕ ਜਾਣੀ ਪਛਾਣੀ ਸਖ਼ਸ਼ੀਅਤ ਜ਼ੋਹਨੈਘੱਸਂ ਬੈਲਟਜ਼, ੨ ਭਵਿੱਖ ਦੀ ਉਤੇਜਕ ਖੋਜ ਦਾ ਇਕ ਨਵਾਂ ਖੇਤਰ" ਵਜੋਂ ਬਿਆਨ ਕਰਦਾ ਹੈ। ਇਸ ਗੱਲ ਦੀ ਸੰਭਾਵੀ ਸ਼ਕਤੀ ਨੂੰ ਅਜੇ ਪੂਰੀ ਤਰ੍ਹਾਂ ਵਰਤਿਆਂ ਜਾਣਾ ਹੈ। ਇਸਨੇ ਵੱਖਰੇ ਦਲਿਤ ਵਿਹੜਿਆਂ ਦੇ ਵਾਸੀਆਂ ਵਿੱਚ ਹੌਂਸਲੇ ਦੀ ਚਿਣਗ ਮਘਾਈ ਹੈ ਅਤੇ ਉਹਨਾਂ ਨੂੰ ਆਪਣੀ ਪਹਿਲਾਂ ਗ੍ਰਹਿਣੀ ਹੋਈ ਦਲਿਤ ਪਛਾਣ ਨੂੰ ਮਾਣ ਦੇ ਨਾਲ ਪ੍ਰਦਰਸ਼ਤ ਕਰਨ ਦਾ ਮੌਕਾ ਪ੍ਰਦਾਨ ਕੀਤਾ ਹੈ। ਰਵੀਦਾਸ ਮੰਦਰਾਂ ਦੀ ਇਮਾਰਤਸਾਜ਼ੀ ਅਤੇ ਉਸ ਦੀਆਂ ਮੂਰਤੀਆਂ ਤੇ ਸੁਨਹਿਰੀ ਛਤਰਾਂ ਦੀ ਸਜਾਵਟ ਨੇ ਵਿਹੜਿਆਂ ਨੂੰ ਬਹੁਤ ਮਾਣ ਦਿੱਤਾ ਹੈ। ਇਹਨਾਂ ਮੰਦਰਾਂ ਦੀਆਂ ਵਿਸ਼ਾਲ ਇਮਾਰਤਾਂ ਦੀ ਹਾਜ਼ਰੀ ਨੇ ਦਲਿਤਾਂ ਦੀ ਸਮਾਜਿਕ ਪ੍ਰਤਿਸ਼ਤਾ ਵਿੱਚ ਬਹੁਤ ਵਾਧਾ ਕੀਤਾ ਹੈ। ਸਮਾਜਕ ਸੂਚਨਾ ਮਧਿਅਮਾਂ ਇੰਟਰਨੈੱਟ ਤੇ ਕੁਝ ਦਲਿਤਾਂ ਅਤੇ ਉੱਚੀ ਜਾਤ ਦੇ ਲੋਕਾਂ ਵਿਚਕਾਰ ਹੋ ਰਹੇ ਅਸਲ ਟਕਰਾਅ ਦਲਿਤ ਦਾਅਵੇਦਾਰੀ ਦੇ ਉਭਾਰ ਦੀ ਸਪਸ਼ੱਟ ਨਿਸ਼ਾਨੀ ਹਨ।

3ਥ ਲਹਿਰ ਅਤੇ ਇਸ ਦੀਆ ਵੰਗਾਰਾਂ - 24 ਮਈ ,2009 ਨੂੰ ਵੀਅਨਾ (ੜਜਕਅਅ ) ਦੇ ਇਕ ਰਵੀਦਾਸ ਮੰਦਰ ਵਿਚ ਰਵੀਦਾਸੀਆ ਭਾਈਚਾਰੇ ਦੇ ਉੱਚ-ਕੋਟੀ ਦੇ ਪੁਜਾਰੀਆਂ ਵਿਚੋਂ ਇਕ ਦੇ ਕਤਲ ਤੋਂ ਬਾਅਦ ਰਵੀਦਾਸ ਡੇਰਿਆਂ ਦੀ ਲਹਿਰ ਨੇ ਇਕ ਤਿੱਖਾ ਮੋੜ ਲਿਆ ਹੈ। ਇਸ ਤੋਂ ਬਾਅਦ ਮੁਢਲੇ ਤੌਰ ਤੇ ਡੇਰਾ ਸੱਚਖੰਡ ਬੱਲਾਂ (ਜਲੰਧਰ ਜ਼ਿਲ੍ਹੇ ਵਿਚ ਭੋਗਾਪੁਰ ਨੇੜੇ) ਦੀ ਅਗਵਾਈ ਵਿਚ ਰਵੀਦਾਸ ਡੇਰਿਆਂ ਨੇ 30 ਜਨਵਰੀ, 2010 ਨੂੰ ਰਵੀਦਾਸ ਧਰਮ- ਇੱਕ ਵੱਖਰਾ ਦਲਿਤ ਧਰਮ - ਦਾ ਜਨਤਕ ਤੌਰ 'ਤੇ ਐਲਾਨ ਕਰ ਦਿੱਤਾ। ਵੱਖਰੇ ਦਲਿਤ ਧਰਮ ਦੇ ਐਲਾਨ ਦੇ ਨਤੀਜੇ ਵਜੋਂ ਸਿੱਖ ਧਰਮ ਅਤੇ ਡੇਰਾ ਬੱਲਾਂ ਦੀ ਅਗਵਾਈ ਵਾਲੇ ਰਵੀਦਾਸ ਡੇਰਿਆਂ ਵਿਚ ਟਕਰਾ ਹੋਇਆ ਹੈ। ਝਗੜੇ ਦਾ ਮੁੱਖ ਸੋਮਾ ਦਲਿਤਾਂ ਦੀ ਵੱਖਰੀ ਪਛਾਣ ਦੇ ਉਭਾਰ ਦਾ ਸਰਬ-ਉੱਚ ਸਿੱਖ ਪਛਾਣ ਦੀ ਹੋਂਦ ਨੂੰ ਵੰਗਾਰਨਾ ਹੈ। ਦਲਿਤ ਡੇਰੇ ਪੰਜਾਬ ਵਿੱਚ ਧਰਮ ਦੀ ਰਾਜਨੀਤਕ ਆਰਥਿਕਤਾ 'ਤੇ ਇਸ ਤੋਂ ਵੀ ਡੂੰਘੇ ਪੱਧਰ ਦੀ ਸੱਟ ਮਾਰਦੇ ਹਨ। ਕਿਉਂਕਿ ਰਾਜ ਵਿਚ ਦਲਿਤਾਂ ਦੀ ਗਿਣਤੀ ਕੁੱਲ ਵਸੋਂ ਲੱਗ ਭੱਗ ਤੀਸਰਾ ਹਿੱਸਾ ਹੈ, ਇਸ ਲਈ ਇਹਨਾਂ ਦੀ ਗਿਣਤੀ ਵੀ ਬਹੁਤ ਵੱਡਾ ਫਰਕ ਪਾਉਂਦੀ ਹੈ। ਕਿਉਂਕਿ ਇਹਨਾ ਵਿੱਚੋ ਕੁਝ ਨੇ ਇੱਥੇ ਰਹਿੰਦਿਆਂ ਹੀ ਆਪਣੇ ਆਰਥਿਕ ਹਾਲਾਤ ਸੁਧਾਰ ਲਏ ਹਨ ਅਤੇ ਕਈਆਂ ਨੇ ਬਾਹਰਲੇ ਦੇਸ਼ਾ ਵਿਚ ਜਾ ਕੇ ਆਪਣੀ ਥਾਂ ਬਣਾ ਲਈ ਹੈ, ਇਸ ਲਈ ਧਰਮ ਦੀ ਰਾਜਨੀਤਕ ਆਰਥਿਕਤਾ ਦੇ ਪੱਖੋਂ ਉਹਨਾਂ ਦੀ ਗਿਣਤੀ-ਸ਼ਕਤੀ ਦਾ ਮਹੱਤਵ ਬਣਦਾ ਹੈ। ਇਸ ਗੱਲ ਦੀ ਗਵਾਹੀ ਪੰਜਾਬ ਦੇ ਅਤੇ ਬਾਹਰ ਦੇ

ਰਵੀਦਾਸ ਡੇਰਿਆਂ ਵਿਚ ਪ੍ਰਾਪਤ ਹੁੰਦੀ ਚੜ੍ਹਾਵੇ ਦੀ ਵੱਡੀ ਰਕਮ ਹੈ। ਰਵੀਦਾਸ ਡੇਰਿਆਂ ਦੀ ਐਨੇ ਵੱਡੇ ਪੱਧਰ ਦੀ ਪੈਰੋਕਾਰੀ ਕਾਰਨ ਪੰਜਾਬ ਦੀ ਧਰਮ ਭਾਰੂ ਚੋਣ-ਰਾਜਨੀਤੀ ਦੀਆਂ ਬਹੁਤ ਖਤਰਨਾਕ ਰਾਜਨੀਤਕ ਉਲਝਣਾਂ ਹੋ ਸਕਦੀਆਂ ਹਨ। ਇਸ ਤਰ੍ਹਾਂ ਨਿਖੜਵੇਂ ਦਲਿਤ ਵਿਹੜਿਆਂ ਦੀ ਵੱਧ ਰਹੀ ਆਬਾਦੀ ਵੱਖਰੀ ਦਲਿਤ ਪਛਾਣ ਦੇ ਦਾਅਵੇ ਦਾ ਚਿੰਨ੍ਹ ਹੀ ਨਹੀਂ, ਇਹ ਪਿੰਡਾਂ ਵਿਚ ਵਸ ਰਹੇ ਜ਼ਿਮੀਦਾਰ/ ਭਾਰੂ ਭਾਈਚਾਰੇ ਅਤੇ ਦਲਿਤ ਵਿਹੜਿਆਂ ਵਿਚ ਰਹਿ ਰਹੀਆਂ ਬੇਜ਼ਮੀਨੀਆਂ/ ਨੀਵੀਆਂ ਜਾਤਾਂ ਵਿੱਚਕਾਰ ਪਨਪਦੇ ਵਿਰੋਧਾਂ ਨੂੰ ਵੀ ਤਿੱਖਾ ਕਰ ਰਹੀ ਹੈ। ਇਹ ਇਸ ਪਰਿਵਰਤਨਸ਼ੀਲ ਸਬੰਧ ਵਿਚ ਹੈ ਕਿ ਰਵੀਦਾਸ ਦੁਆਰਾ ਲੱਭੇ ਭਗਤੀ ਆਧਾਰਤ ਅਹਿੰਸਕ ਸਮਾਜਿਕ ਵਿਰੋਧ ਨੇ ਨਾਜ਼ਕ ਮਹੱਤਤਾ ਪ੍ਰਾਪਤ ਕਰ ਲਈ ਹੈ। ਵੀਆਨਾ ਦੀ ਘਟਨਾ ਤੋਂ ਮਗਰੋਂ ਡੇਰਾ ਸੱਚਖੰਡ ਬੱਲਾਂ ਦੇ ਪੁਜਾਰੀਆਂ ਦੁਆਰਾ ਆਪਣੇ ਗੁਸਾਏ ਪੈਰੋਕਾਰਾਂ ਨੂੰ ਕੀਤੀ ਗਈ ਅਮਨ ਦੀ ਅਪੀਲ ਇਸ ਨੁਕਤੇ ਦੀ ਹੀ ਗੱਲ ਹੈ। ਰਵੀਦਾਸ ਡੇਰਿਆਂ ਵਿਚਲੀਆਂ ਸਮਾਜਿਕ-ਅਧਿਆਮਤਮਕ ਗਤੀਵਿਧੀਆਂ, ਰਵੀਦਾਸ ਦੀਆ ਸਿੱਖਿਆਂਵਾਂ ਅਨੁਸਾਰ ਹੋਣ ਕਰਕੇ ਵਿਸ਼ਵ ਪਿਆਰ ਅਤੇ ਅਮਨ ਵਿੱਚ ਪੂਰੀ ਤਰ੍ਹਾਂ ਭਿੱਜੀਆਂ ਹੋਈਆਂ ਹਨ, ਇਹ ਵਿਹੜਿਆਂ ਦੇ ਜੀਵਾਂ ਦੀ ਅਜ਼ਾਦੀ ਅਤੇ ਸਸ਼ਕਤੀਕਰਨ ਲਈ ਰਵੀਦਾਸੀਆਂ ਦੀ ਵੱਡੀ ਗਿਣਤੀ ਦੇ ਮਨਾਂ ਵਿੱਚ ਅਹਿੰਸਕ ਸਮਾਜਿਕ ਵਿਰੋਧ ਬਾਰੇ ਪੱਕੇ ਵਿਸ਼ਵਾਸ਼ ਦੀ ਭਾਵਨਾ ਭਰਦੀਆਂ ਹਨ।

ਭਾਵੇਂ ਦਲਿਤ ਜੱਦੋਜਹਿਦ, ਸਮਾਜਕ ਨਿਖੇੜੇ ਵਿਰੁੱਧ ਸਮਾਜਿਕ ਰੋਸ ਦੇ ਲੰਮੇਂ ਇਤਿਹਾਸ ਦੌਰਾਨ ਅਹਿੰਸਕ ਰਹੀ, ਇਸ ਦਾ ਨਾ ਤਾਂ ਗਾਂਧੀ ਵਾਲੇ ਸਤਿਆਗ੍ਰਹਿ ਦੀ ਜਦੋਜਹਿਦ ਨਾਲ ਕੋਈ ਸਬੰਧ ਹੈ ਅਤੇ ਨਾ ਹੀ ਇਸ 'ਤੇ (ਸੰਸਕ੍ਰਿਤੀਕਰਨ, ਦਲਿਤਾਂ ਦੇ ਸਮਾਜਿਕ ਤੌਰ ਤੇ ਉੱਚਾ ਉਠਣ ਦਾ ਇਕ ਹੋਰ ਅਹਿੰਸਕ ਤਰੀਕਾ) ਦੇ ਵਾਅਦਿਆਂ ਦਾ ਡੂੰਘਾ ਅਸਰ ਹੋਇਆ ਹੈ। ਅਗਲੇ ਹਿੱਸਿਆਂ ਵਿਚ ਅਹਿੰਸਕ ਦਲਿਤ ਜੱਦੋਜਹਿਦ ਦਾ ਸੁਭਾਅ ਜਾਂ ਕਿਰਦਾਰ ਨਿਸ਼ਚਿਤ ਕਰਨ ਦਾ ਯਤਨ ਕੀਤਾ ਗਿਆ ਹੈ ਕਿਉਂਕਿ ਇਹ ਪੰਜਾਬ ਦੇ ਪੇਂਡੂ ਇਲਾਕਿਆਂ ਦੇ ਵੱਖਰੇ ਦਲਿਤ ਵਿਹਿੜਿਆਂ ਤੋਂ ਸ਼ੁਰੂ ਕੀਤੀ ਗਈ ਹੈ। ਦੂਸਰੇ ਸ਼ਬਦਾਂ ਵਿੱਚ ਅਸੀਂ ਰਵੀਦਾਸ ਡੇਰਿਆਂ ਦੀ ਲਹਿਰ ਦੇ ਅਹਿੰਸਕ ਸਮਾਜਿਕ ਵਿਰੋਧ ਦੇ ਢੰਗ ਬਾਰੇ ਵਿਚਾਰ ਕਰਾਂਗੇ। ਇਹ ਵੀ ਵਿਚਾਰਾਂਗੇ ਕਿ ਇਸ ਦਾ ਸਤਿਅਗ੍ਰਹਿ ਅਤੇ ਸੰਸਕ੍ਰਿਤੀਕਰਨ ਨਾਲੋਂ ਕੀ ਫਰਕ ਹੈ। ਇਹਨਾਂ ਦੋਹਾਂ ਨੂੰ ਦੇਸ਼ ਵਿਚ ਦਲਿਤ ਜਦੋਜਹਿਦ ਦੇ ਵੱਖ-ਵੱਖ ਪੜਾਵਾਂ ਤੇ ਝਗੜੇ ਨਜਿੱਠਣ ਦੇ ਦੋ ਵੱਖ-ਵੱਖ ਅਹਿੰਸਕ ਸੰਦਾਂ ਵਜੋਂ ਵਰਤਿਆ ਗਿਆ ਹੈ।

### 3.1 ਭਗਤੀ ਬਨਾਮ ਸਤਿਆਗ੍ਰਹਿ

ਰਵੀਦਾਸ ਡੇਰਾ ਲਹਿਰ ਭਗਤੀ ਢੰਗ ਦਾ ਅਹਿੰਸਕ ਸਮਾਜਿਕ ਵਿਰੋਧਾਭਾਵ ਬਹੁਤਾ ਗਾਂਧੀ ਦੇ ਸਤਿਆਗ੍ਰਹਿ ਵਰਗਾ ਹੀ ਲਗਦਾ ਹੈ ਪਰ ਇਹ ਆਧੁਨਿਕ-ਯੁੱਗ ਤੋਂ ਪਹਿਲਾਂ ਦੇ ਬ੍ਰਾਹਮਣਵਾਦੀ ਸਮਾਜਿਕ ਢਾਂਚੇ ਦੇ ਸਦੀਆਂ ਪੁਰਾਣੇ ਸਮਾਜਿਕ ਨਿਖੇੜੇ ਅਤੇ ਦਾਬੇ ਦੇ ਢਾਂਚੇ ਨੂੰ ਸ਼ਾਂਤਮਈ ਤਰੀਕੇ ਨਾਲ ਵੰਗਾਰਨ ਲਈ ਬਿਲਕੁਲ ਹੀ ਵੱਖਰੇ ਪ੍ਰਸੰਗ ਵਿਚ ਵਿਉਂਤਿਆ ਗਿਆ ਸੀ। ਗਾਂਧੀ ਨੇ ਸਤਿਆਗ੍ਰਹਿ ਦੀ ਵਰਤੋਂ ਵਿਦੇਸ਼ੀ ਰਾਜ ਵਿਰੁੱਧ ਕੀਤੀ ਸੀ। ਰਵੀਦਾਸ ਨੇ ਹਿੰਦੂ ਸਮਾਜ ਵਿਚ ਬੜੇ ਲੰਮੇ ਸਮੇਂ ਤੋਂ ਖੁੱਭੇ ਜਾਤ ਅਤੇ ਛੂਤਛਾਤ ਦੇ ਦਾਬੂ ਢਾਂਚੇ ਵਿਰੁੱਧ ਸਤਿਆਗ੍ਰਹਿ ਦਾ ਆਪਣਾ ਹੀ ਤਰੀਕਾ ( ਭਗਤੀ ਢੰਗ ਦਾ ਅਹਿੰਸਕ ਵਿਰੋਧ) ਲਾਗੂ ਕੀਤਾ ਸੀ। ਅਜਿਹਾ ਉਸ ਸਮੇਂ ਕੀਤਾ ਗਿਆ ਜਦੋਂ ਸਤਿਆਗ੍ਰਹਿ ਦਾ ਕੋਈ ਹੋਰ ਅਜਿਹਾ ਸੁਪਨਾ/ਢਾਂਚਾ ਹੋਂਦ ਵਿਚ ਹੀ ਨਹੀਂ ਸੀ। ਇਕ ਹੋਰ ਵੱਖਰਾ ਪੱਖ ਜਿਹੜਾ ਰਵੀਦਾਸ ਦੇ ਅਹਿੰਸਕ ਸਮਾਜਿਕ ਵਿਰੋਧ ਦੇ ਢੰਗ ਨੂੰ ਗਾਂਧੀ ਦੇ ਢੰਗ ਨਾਲੋਂ ਵਖਰਿਆਉਂਦਾ ਹੈ ਉਹ ਇਹ ਸੀ ਕਿ ਉਸ ਨੇ ਇਸ ਨੂੰ ਇਕ ਰਾਜਨੀਤਕ ਚਾਲ ਵਜੋਂ ਵਾਪਸ ਲੈਣ ਦੇ ਇਵਜ਼ ਵਿਚ ਕੋਈ ਲਾਭ ਪ੍ਰਾਪਤ ਕਰਨ ਹਿੱਤ ਨਹੀਂ ਸੀ ਅਪਨਾਇਆ। ਉਸ ਨੇ ਸਾਧਾਰਨ ਤੌਰ 'ਤੇ ਲੋਕਾਂ ਨੂੰ ਇਹ ਦਿਖਾਉਣ ਲਈ ਇਸ ਦੀ



ਵਰਤੋਂ ਕੀਤੀ ਸੀ ਕਿ ਉਚੀਆਂ ਕਹਾਉਂਦੀਆਂ ਜਾਤਾਂ ਇਕੱਲੀਆਂ ਹੀ ਨਹੀਂ ਹਨ ਜੋ ਰੱਬ ਦੀ ਭਗਤੀ ਅਤੇ ਸ਼ਕਤੀ ਦੇ ਤਖ਼ਤ 'ਤੇ ਆਪਣਾ ਦਾਅਵਾ ਕਰ ਸਕਦੀਆਂ ਹੋਣ; ਦਲਿਤ ਵੀ ਇਹਨਾਂ ਦੀ ਪ੍ਰਾਪਤੀ ਲਈ ਬਰਾਬਰ ਦੀ ਯੋਗਤਾ ਰੱਖਦੇ ਹਨ। ਉਨ੍ਹਾਂ ਨੂੰ ਸਿਰਫ਼ ਦਲਿਤ ਵਿਹੜਿਆਂ ਦੀ ਆਪਣੀ ਵੱਖਰੀ ਥਾਂ ਨੂੰ ਮੁਕਾਬਲੇ ਦੀ ਨਾਜ਼ਕ ਥਾਂ ਵਿਚ ਬਦਲਣ ਦੀ ਲੋੜ ਹੈ।

ਗਾਂਧੀ ਦੇ ਉਲਟ ਰਵੀਦਾਸ ਨੇ ਧਰਨੇ ਨਹੀਂ ਲਾਏ, ਹੜਤਾਲਾਂ ਨਹੀਂ ਕੀਤੀਆਂ, ਜਲੂਸਾਂ ਦੀ ਅਗਵਾਈ ਨਹੀਂ ਕੀਤੀ ਜਾਂ ਲੰਮੇ ਪੈਂਡੇ ਨਾ ਕੀਤੇ। ਉਸ ਨੇ ਆਪਣੇ ਸਮੇਂ ਦੇ ਰਾਜਿਆਂ ਨੂੰ ਨਾ ਤਾਂ ਕੋਈ ਕਾਨੂੰਨੀ ਵਿਵਸਥਾਕਰਨ ਅਤੇ ਨਹੀਂ ਕਿਸੇ ਹੋਰ ਚੀਜ਼ ਲਈ ਕੋਈ ਅਪੀਲ ਹੀ ਕੀਤੀ ਸੀ। ਉਸ ਦਾ ਅਹਿੰਸਕ ਸਮਾਜਿਕ ਵਿਰੋਧ ਕਰਨ ਦਾ ਢੰਗ ਬਹੁਤ ਹੀ ਸਾਦਾ ਅਤੇ ਮਧਰੇ ਕੱਦ ਦਾ ਸੀ। ਉਹ ਰੱਬ ਦੀ ਆਰਾਧਨਾ ਕਰਦੇ ਪਰ ਮੰਦਰਾਂ ਵਿਚ ਦਾਖਲ ਹੋਣ ਤੇ ਜ਼ੋਰ ਦੇਣ ਤੋਂ ਬਿਨਾ ਉਹ ਉਚੀਆਂ ਜ਼ਾਤਾਂ ਵਾਲੇ ਕਪੜੇ ਪਾਉਂਦੇ, ਜਿਹਨਾਂ 'ਤੇ ਬੰਦਸ਼ ਹੁੰਦੀ, ਪਰ ਉਹਨਾਂ ਦੇ ਪਿੰਡਾਂ ਵਿਚ ਵੜਨ ਦੀ ਮੰਗ ਤੋਂ ਬਿਨਾਂ। ਉਹ ਉਹਨਾਂ ਦੇ ਪਵਿੱਤਰ ਕਹੇ ਜਾਂਦੇ ਕੰਮਾਂ ਵਿਚ ਵੀ ਕੋਈ ਰੁਚੀ ਨਹੀਂ ਸੀ ਲੈਂਦੇ। ਉਹ ਬੜੀ ਖ਼ੁਸ਼ੀ ਨਾਲ ਆਪਣੀ ਨੀਵੀਂ ਜਾਤ ਦੀ ਕਹੀ ਜਾਂਦੀ ਕਿਰਤ ਵਿਚ ਹੀ ਲੱਗੇ ਰਹਿੰਦੇ। ਉਸ ਦੇ ਅਹਿੰਸਕ ਸਮਾਜਿਕ ਵਿਰੋਧ ਦੇ ਨੀਵਨ ਢੰਗ ਦੀ ਵਧੀਆ ਨਿਸ਼ਾਨੀ ਇਹ ਹੈ ਕਿ ਉਹ ਆਪਣੇ ਹੀ ਕਿੱਤੇ ਨੂੰ ਉੱਪਰ ਚੁੱਕ ਕੇ ਸਮਾਜਿਕ ਮਾਣ ਪ੍ਰਾਪਤ ਕਰਦੇ। ਉਹੀ ਕਿੱਤਾ ਜਿਹੜਾ ਅਸਲੀਅਤ ਵਿਚ ਉਸ ਨੂੰ ਪਤਿਤ ਵਿਚ ਬਦਲ ਦਿੰਦਾ ਸੀ। ਉਸ ਨੇ ਕਦੇ ਉਚੀ ਜਾਤ ਵਾਲਿਆਂ ਨੂੰ ਆਪਣੀ ਜਾਤੀ ਦਰਜਾਬੰਦੀ ਬਾਰੇ ਮਾਨਸਿਕਤਾ ਨੂੰ ਬਦਲਣ ਲਈ ਮਨਾਉਣ ਦੇ ਵਿਚਾਰਾਂ ਵੱਲ ਵੀ ਧਿਆਨ ਨਹੀਂ ਸੀ ਦਿੱਤਾ। ਇਸ ਦੇ ਉਲਟ ਉਸ ਨੇ ਆਪਣੇ ਦੁੱਖ ਦੇਣ ਵਾਲਿਆਂ ਨੂੰ ਇਹ ਜਤਾ ਕੇ ਕਿ ਮਨੁੱਖ ਦੇ ਆਪ ਬਣਾਏ ਜਾਤੀਵਰਗਾਂ ਵਿਚ ਕੁਝ ਨੀਵਾਂ ਜਾਂ ਉੱਚਾ ਨਹੀਂ ਹੁੰਦਾ। ਉਸ ਨੇ ਆਪਣੇ ਨੀਵੀ ਜਾਤ ਦੇ ਕਹੇ ਜਾਂਦੇ ਬੰਦਿਆਂ ਦੀ ਕਾਬਲੀਅਤ ਸਾਬਤ ਕਰਨ ਦਾ ਯਤਨ ਕੀਤਾ। ਉਸ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਨੀਵੀਆਂ ਜਾਂਤਾ ਦੇ ਕਹੇ ਜਾਂਦੇ ਬੰਦੇ ਕਿਸੇ ਤੋਂ ਦੂਜੇ ਦਰਜੇ ਦੇ ਨਹੀਂ ਸਨ ਅਤੇ ਉਹਨਾਂ ਵਿਚ ਉਹ ਸਾਰੇ ਗੁਣ ਸਨ ਜਿਹੜੇ ਆਪਣੇ ਆਪ ਨੂੰ ਉਚੀਆਂ ਜਾਤਾਂ ਵਿਚੋਂ ਹੋਣ ਦਾ ਮਾਣ ਕਰਕੇ ਡੀਂਗਾਂ ਮਾਰਨ ਵਾਲਿਆਂ ਵਿਚ ਸਨ।

ਅੰਬੇਦਕਰ ਨੇ ਵੀ ਬਸਤੀਵਾਦ ਸਮੇਂ ਦੌਰਾਨ ਜਾਤ-ਪਾਤ ਦੇ ਖਾਤਮੇ ਲਈ ਕੀਤੀ ਗਈ ਜਦੋ-ਜਹਿਦ ਵਿਚ ਸਤਿਆਗ੍ਰਹਿ ਦੇ ਅਹਿੰਸਕ ਸਮਾਜਿਕ ਵਿਰੋਧ ਦਾ ਢੰਗ ਹੀ ਵਰਤਿਆ ਸੀ। ਉਸ ਨੇ ਇਸ ਨੂੰ ਆਪਣੀ ਮਸ਼ਹੂਰ ਜਦੋ-ਜਹਿਦ ਲਈ ਅਤੇ ਦਲਿਤਾਂ ਦੇ ਹਿੰਦੂ ਮੰਦਰਾਂ ਵਿਚ ਦਾਖਲੇ ਲਈ ਵੀ ਅਪਨਾਇਆ ਸੀ। ਪਰ ਅੰਬੇਦਕਰ ਅਤੇ ਰਵੀਦਾਸ ਦੇ ਅਹਿੰਸਕ ਸਮਾਜਿਕ ਵਿਰੋਧ ਦੇ ਤਰੀਕਿਆਂ ਵਿਚ ਫਰਕ ਹੈ। ਅੰਬੇਦਕਰ ਦੇ ਉਲਟ ਰਵੀਦਾਸ ਨੇ ਇਸ ਨੂੰ ਦਲਿਤਾਂ ਦੇ ਹਿੰਦੂ ਮੰਦਰਾਂ ਵਿਚ ਦਾਖਲੇ ਲਈ ਨਹੀਂ ਵਰਤਿਆ। ਉਸ ਨੇ ਦਲਿਤਾਂ ਨੂੰ ਆਪਣੇ ਨੀਵੇਂ ਮੰਨੇ ਜਾਂਦੇ ਪੇਸ਼ਿਆਂ ਨਾਲ ਜੁੜੇ ਰਹਿਣ ਤੇ ਹੀ ਪ੍ਰਤਿਸ਼ਠਾ ਲਈ ਉਕਸਾਇਆ। ਨਾਲ ਹੀ ਉਚੀ ਜਾਤ ਦੇ ਬ੍ਰਾਹਮਣਾਂ ਨੂੰ ਦੱਸਿਆ ਕਿ ਪ੍ਰਤਿਸ਼ਠਾ ਤਾਂ ਸਖਤ ਸਰੀਰਕ ਮਿਹਨਤ ਕਰਨ ਵਿਚ ਹੁੰਦੀ ਹੈ ਨਾ ਕਿ ਪੁਜਾਰੀਵਾਦ ਦੇ ਘਟੀਆ ਮਾਣ ਵਿਚ। ਕਾਫੀ ਲੰਮਾਂ ਸਮਾਂ ਸਤਿਆਗ੍ਰਹਿ ਦੀ ਵਰਤੋਂ ਕਰਨ ਬਾਅਦ ਅੰਬੇਦਕਰ ਇਸ ਤੋਂ ਭਰਮ-ਨਵਿਰਤ ਹੋ ਗਿਆ ਅਤੇ ਅੰਤ ਵਿਚ ਇਸ ਨੂੰ ਛੱਡ ਕੇ ਬੁੱਧ ਧਰਮ ਵਰਗੇ ਬਰਾਬਰੀ ਦੇ ਧਰਮ ਨੂੰ ਅਪਨਾਉਣ ਦੇ ਹੱਕ ਵਿਚ ਹੋ ਗਿਆ। ਬੇਸ਼ਕ ਅੰਬੇਦਕਰ ਨੇ ਦੱਬੇ-ਕੁਚਲਿਆਂ ਦੀ ਆਜ਼ਾਦੀ ਲਈ ਸਤਿਆਗ੍ਰਹਿ ਤਾਂ ਛੱਡ ਦਿੱਤਾ ਪਰ ਉਹ ਆਪਣੀ ਜ਼ਿੰਦਗੀ ਦੌਰਾਨ ਅਹਿੰਸਾ ਦੇ ਨਿਯਮ ਦੀ ਪਾਲਣਾ ਲਈ ਪ੍ਰਤੀਬੱਧ ਰਿਹਾ, ਜਿਸ ਨੂੰ ਅਸਾਨੀ ਨਾਲ ਭਗਤੀ ਲਹਿਰ ਦੇ ਦਲਿਤ ਸੰਤਾਂ ਦੀ ਵਿਰਾਸਤ ਕਿਹਾ ਜਾ ਸਕਦਾ ਹੈ। ਰਵੀਦਾਸ ਭਗਤੀ ਲਹਿਰ ਦੇ ਤਿੰਨ ਮੰਨੇ ਪ੍ਰਮੰਨੇ ਅਛੂਤ ਸੰਤਾਂ ਵਿਚੋਂ ਸਨ, ਜਿਸ ਨੂੰ ਅੰਬੇਦਕਰ ਨੇ ਆਪਣੀ ਪੁਸਤਕ 'ਅਛੂਤ' (1948) ਸਮਰਪਿਤ ਕੀਤੀ ਹੈ। ਦੂਸਰੇ ਦੋ ਨੰਦਾਨਰ (ਟ ਅਤੇ ਚੋਖਾਮੇਲਾ ਸਨ।

### 3:2: ਭਗਤੀ ਬਨਾਮ ਸੰਸਕ੍ਰਿਤੀਕਰਨ

ਭਗਤੀ ਨੂੰ ਅਹਿੰਸਕ ਸਮਾਜਿਕ ਵਿਰੋਧ ਦੇ ਢੰਗ ਵਜੋਂ ਅਪਨਾਉਂਦਿਆਂ ਰਵੀਦਾਸ ਨੇ ਦਲਿਤਾਂ ਦੀ ਆਜ਼ਾਦੀ ਦਾ ਇਕ ਬਦਲਵਾ ਮਾਡਲ ਦੇ ਦਿੱਤਾ ਸੀ। ਅਜਿਹਾ ਦਲਿਤ ਚਲਨਸ਼ੀਲਤਾ ਦੇ ਸਮਕਾਲੀ ਲੋਕਪ੍ਰਿਯ ਢੰਗਾਂ ਸੰਸਕ੍ਰਿਤੀਕਰਨ/ਸਭਿਆਚਾਰਕ ਰਲੇਵਾਂ ਅਤੇ ਧਰਮ ਬਦਲੀ/ਬੁਨਿਆਦੀ ਵੱਖਰਤਾ ਦੇ ਸਪਸ਼ਟ ਪ੍ਰਗਟਾਅ ਤੋਂ ਪਹਿਲਾਂ ਹੀ ਹੋ ਗਿਆ ਸੀ। ਉਹ ਦਲਿਤਾਂ ਦੀ ਹੌਂਸਲਾ ਅਫ਼ਜਾਈ ਕਰਦੇ ਸਨ ਕਿ ਉਹ ਜਾਤੀ ਦਰਜਾਬੰਦੀ ਦੇ ਨਾਂ ਤੇ ਉੱਚੀਆਂ ਜਾਤਾਂ ਵੱਲੋਂ ਉਹਨਾਂ 'ਤੇ ਲਾਈਆਂ ਸਭਿਆਚਾਰਕ ਬੰਦਸ਼ਾਂ ਦੀ ਪ੍ਰਵਾਹ ਨਾ ਕਰਨ। ਵੈਸੇ ਉਹਨਾਂ ਦਾ ਮੁੱਖ ਜ਼ੋਰ ਦੱਬੇ ਜਾ ਰਹੇ ਦਲਿਤਾਂ ਵਿਚ ਸਵੈ-ਵਿਸ਼ਵਾਸ਼ ਭਰਨ ਤੇ ਸੀ। ਉਸ ਦਾ ਸਮਾਜਿਕ ਚਲਣਸ਼ੀਲਤਾ ਦਾ ਢੰਗ ਸੰਸਕ੍ਰਿਤੀਕਰਨ ਤੋਂ ਵੱਖਰਾ ਹੈ। ਇਹ ਉੱਚੀਆਂ ਜਾਤਾਂ ਦੀਆਂ ਸਭਿਆਚਾਰਕ ਨਿਸ਼ਾਨੀਆਂ ਦੀ ਰੀਸ ਕਰਕੇ ਅਭਿਲਾਸ਼ੀ ਨੀਵੀਆਂ ਜਾਤਾਂ ਲਈ ਸਥਾਨਕ ਜਾਤੀ ਦਰਜਾਬੰਦੀ ਵਿਚ ਆਪਣੀ ਸਮਾਜਿਕ ਸਥਿਤੀ ਨੂੰ ਵਿਕਸਤ ਕਰਨਾ ਅਸਾਨ ਬਣਾਉਂਦਾ ਹੈ। ਹਿੰਦੂ ਸਮਾਜ ਵਿਚ ਜਾਤ ਨੂੰ ਇਕ ਸਮਾਜਿਕ ਦਰਜਾ ਦਿੱਤਾ ਗਿਆ ਹੈ ਜਿਸ ਨੂੰ ਮਨਮਰਜ਼ੀ ਨਾਲ ਬਦਲਿਆ ਨਹੀਂ ਜਾ ਸਕਦਾ। ਇਸ ਲਈ ਉੱਚੀ ਸਮਾਜਿਕ ਚੱਲਣਸ਼ੀਲਤਾਂ ਪ੍ਰਾਪਤ ਕਰਨ ਲਈ ਨੀਵੀਆਂ ਜਾਤਾਂ ਕੋਲ ਉਚੀਆਂ ਜਾਤਾਂ ਦੇ ਸਭਿਆਚਾਰਕ ਨਿਸ਼ਾਨਾਂ ਦੀ ਨਕਲ ਕਰਨ ਤੋਂ ਬਿਨਾਂ ਕੋਈ ਚਾਰਾ ਹੀ ਨਹੀਂ ਸੀ ਰਹਿ ਗਿਆ। ਰਵੀਦਾਸ ਦਾ ਪੂਰਾ ਜ਼ੋਰ ਜਾਤ ਅਤੇ ਧਰਮ ਦੀਆਂ ਹੱਦਾ ਉਲੰਘਣ ਤੋਂ ਬਿਨਾਂ ਹੀ ਸਮਾਜਿਕ ਮਾਣ ਪ੍ਰਾਪਤ ਕਰਨ ਤੇ ਸੀ। ਇਸੇ ਗੱਲ ਨੇ ਹੀ ਉਹਨਾਂ ਦੀ ਦਲਿਤਾਂ ਦੀ ਆਜ਼ਾਦੀ ਦੀ ਯੋਜਨਾ ਨੂੰ ਸੰਸਕ੍ਰਿਤੀਕਰਨ ਅਤੇ ਧਰਮ ਬਦਲੀ ਦੇ ਢੰਗ ਨਾਲੋਂ ਵੱਖਰਿਆਇਆ। ਉਸ ਨੇ ਸਮਾਜਿਕ ਰੋਹਬ ਵਿਰੁਧ ਆਪਣਾ ਵਿਰੋਧ ਉੱਚੀਆਂ ਜਾਤਾ ਵਾਲਿਆਂ ਦੇ ਕੱਪੜਿਆਂ ਵਰਗੇ ਕੱਪੜੇ ਪਾ ਕੇ ਪ੍ਰਗਟ ਕੀਤਾ ਪਰ ਇਸ ਦੇ ਨਾਲ ਆਪਣੇ ਬਦਨਾਮ ਕੀਤੇ ਗਏ ਚਮੜੇ ਦੇ ਕਿੱਤੇ ਤੋਂ ਵੀ ਮੂੰਹ ਨਹੀਂ ਮੋੜਿਆ। ਉੱਚੀਆਂ ਜਾਤਾਂ ਦੀ ਮੂਰਤ ਦੀ ਨਕਲ ਕਰਕੇ ਅਤੇ ਆਪਣੇ ਵਿਰਾਸਤੀ ਕਿੱਤੇ ਨਾਲ ਜੁੜੇ ਰਹਿ ਕੇ ਰਵੀਦਾਸ ਸ਼ਾਇਦ ਇਹ ਸੁਨੇਹਾ ਦੇਣਾ ਚਾਹੁੰਦੇ ਸਨ ਕਿ ਛੋਟੀਆਂ ਜਾਤਾਂ ਨੂੰ ਉਚੀਆਂ ਜਾਤਾਂ ਦੀ ਪੌੜੀ ਚੜ੍ਹਨ ਲਈ ਆਪਣੇ ਜਾਤੀ ਕਿੱਤੇ ਛੱਡਣ ਦੀ ਲੋੜ ਨਹੀਂ ਜਿਵੇਂ ਕਿ ਸੰਸਕ੍ਰਿਤੀਕਰਨ ਵਿਚ ਹੁੰਦਾ ਹੈ ਅਤੇ ਨਾ ਹੀ ਕੋਈ ਦੂਸਰਾ ਧਰਮ ਅਪਨਾਉਣ ਦੀ ਲੋੜ ਹੈ ਜਿਵੇ ਕਿ ਧਰਮਬਦਲੀ ਵਿਚ ਹੁੰਦਾ ਹੈ। ਉਹਨਾਂ ਨੂੰ ਤਾਂ ਆਪਣੀਆਂ ਆਪਣੀਆਂ ਜਾਤਾਂ ਦੇ ਗਰੋਹਾਂ ਵਿੱਚ ਪੱਕੇ ਰਹਿ ਕੇ, ਜਾਤੀ ਦਰਜਾਬੰਦੀ ਨੂੰ ਵੰਗਾਰਦਿਆਂ ਆਪਣੇ ਮਨੁੱਖੀ ਅਧਿਕਾਰਾਂ ਲਈ ਜੱਦੋਜਹਿਦ ਕਰਨੀ ਚਾਹੀਦੀ ਹੈ। ਉਹ ਚਾਹੁੰਦਾ ਸੀ ਕਿ ਨੀਵੀਆਂ ਜਾਤਾਂ ਬ੍ਰਾਹਮਣਾ ਦੇ "ਝੂਠੇ ਮਾਣ ਅਤੇ ਪਖੰਡ" ਦੇ ਤਰਸ ਤੇ ਨਿਰਭਰ ਨਾ ਹੋਣ ਕਰਕੇ ਹਿੰਦੂ ਵਰਣਆਸ਼ਰਮ (ਹਿੰਦੂ ਸਮਾਜ ਦੀ ਜਾਤੀ ਦਰਜਾਬੰਦੀ ਦੇ ਆਧਾਰ ਤੇ ਚਾਰ ਹਿੱਸਿਆਂ ਵਿਚ ਵੰਡ) ਦੀ ਪ੍ਰਣਾਲੀ ਨੂੰ ਖ਼ਤਮ ਕੀਤਾ ਜਾਵੇ।

ਭਾਵੇਂ ਹੁਣ ਕੁਝ ਸਮੇਂ ਤੋਂ ਨੀਵੀਂ ਜਾਤ ਦੀਆ ਲਹਿਰਾਂ ਦੇ ਹਵਾਲੇ ਨਾਲ ਸੰਸਕ੍ਰਿਤੀਕਰਨ ਦਾ ਸੰਕਲਪ ਵੰਗਾਰਿਆ ਗਿਆ ਹੈ ਅਤੇ ਰਵੀਦਾਸ ਦੇ ਦਲਿਤ ਸਮਾਜ ਦੀ ਚਲਣਸ਼ੀਲਤਾ ਦੇ ਬਦਲਵੇਂ ਮਾਡਲ ਨੂੰ ਵੀ ਸ਼ਾਇਦ ਮੌਲਿਕ ਦੇਣ ਨਾ ਸਮਝਿਆ ਜਾਵੇ। ਜਿਹੜਾ ਨੁਕਤਾ ਬਹੁਤ ਹੀ ਨਿਮਰਤਾ ਨਾਲ ਇਹ ਲੇਖ ਉਠਾਣਾ ਚਾਹੁੰਦਾ ਹੈ ਉਹ ਇਹ ਹੈ ਕਿ ਰਵੀਦਾਸ ਨੇ ਜੋ ਅਹਿੰਸਕ ਸਮਾਜਿਕ ਵਿਰੋਧ ਦਾ ਧਰਮ ਆਧਾਰਤ ਢੰਗ ਨਵੀਨਤਾ ਨਾਲ ਵਿਉਂਤਿਆ ਹੈ, ਉਸ 'ਤੇ ਸੰਸਕ੍ਰਿਤੀਕਰਨ ਦੇ ਅਜੋਕੇ ਸੰਕਲਪ ਵਿਚਲੇ ਬੁਨਿਆਦੀ ...

*(ਅਨੁਵਾਦ- ਡਾ. ਭੀਮ ਇੰਦਰ ਸਿੰਘ)*





# ਚਰਚਿਤ ਕਵੀ-ਬੋਰਸ ਪਾਸਤਰਨਾਕ (1890-1960)

*-ਹਰਭਜਨ ਸਿੰਘ ਹੁੰਦਲ*

(1)

ਬੋਰਸ ਪਾਰਸਤਰਨਾਕ ਅਜੀਬ ਕਵੀ ਸੀ। ਮੈਂ ਉਸਨੂੰ ਕਈ ਕਾਰਣਾਂ ਕਰਕੇ ਅਣਡਿੱਠ ਕਰਨਾ ਚਾਹੁੰਦਾ ਸੀ, ਪਰ ਉਹ ਬਾਰ ਬਾਰ ਮੇਰਾ ਰਾਹ ਮੱਲ ਖਲੋਂਦਾ ਤੇ ਆਖਦਾ "ਤੂੰ ਮੈਨੂੰ ਜਾਣ ਬੁੱਝ ਕੇ ਅਣਡਿੱਠ ਕਿਉਂ ਕਰ ਰਿਹਾ ਹੈ ? ਮੇਰਾ ਕਸੂਰ ਤਾਂ ਦੱਸ ਛੱਡ।'" ਮੈਂ ਗੱਲ ਸੁਣ ਕੇ ਸ਼ਰਮਿੰਦਾ ਹੋ ਜਾਂਦਾ ਹਾਂ। ਉਹ ਦੁਬਾਰਾ ਮੈਨੂੰ ਆਖਦਾ ਹੈ, "ਤੈਨੂੰ ਕੇਵਲ ਦੋ ਹੀ ਕਵੀ ਦਿਸਦੇ ਹਨ। ਇੱਕ ਮਾਇਆ ਕੌਣ ਸੀ ਤੇ ਦੂਸਰਾ ਬੈਸੇਨਿਨ।" ਇਹਨਾਂ ਬਾਰੇ ਤੂੰ ਕਾਫੀ ਪੜ ਚੁੱਕਾ ਹੈ। ਭਾਵੇਂ ਦੋਵੇਂ ਕਵੀ ਬਾਲਸ਼ਵਿਕਾਂ ਦੇ ਬੜੇ ਨੇੜੇ ਸਨ, ਪਰ ਤੂੰ ਵੇਖ ਲੈ, ਦੋਵੇਂ ਹੀ ਆਤਮ ਘਾਤ ਕਰ ਗਏ। ਮਾਇਆ ਕੋਵਸਕੀ 1930 ਵਿਚ ਤੇ ਬੇਸੇਨਿਨ 1925 ਵਿਚ। ਇਹ ਕਾਹਦੇ ਕਮਿਊਨਿਸਟ ਸਨ ? ਮਾੜੀ ਮੋਟੀ ਕਾਵਕ ਚੁਣੌਤੀ ਆਈ ਤੇ ਫਾਹ ਲੈ ਕੇ ਗਏ ਤੇ ਜਾਂ ਫਿਰ ਆਪਣੇ ਹੀ ਰੀਵਾਲਵਰ ਨਾਲ ਸਿਰ ਵਿੱਚ ਗੋਲੀ ਮਾਰ ਲਈ।"

ਸਾਰੀ ਗੱਲ ਸੁਣ ਕੇ ਮੈਂ ਸੋਚਾਂ ਵਿਚ ਪੈ ਜਾਂਦਾ ਹਾਂ। ਇਹਨਾਂ ਗੱਲਾਂ ਦਾ ਮੈਂ ਕੀ ਜਵਾਬ ਦਿੰਦਾ।

ਅਕਤੂਬਰ ਇਨਕਲਾਬ ਵੇਲੇ ਚਾਰ-ਪੰਜ ਕਵੀ ਰੂਸੀ ਸਾਹਿਤਕ-ਖਬਰ ਵਿਚ ਉਭਰੇ ਸਨ। ਬੋਰਸ ਪਾਰਸਤਰਨਾਕ ਤੇ ਅੰਨਾ-ਆਖਮਾਤੋਵ ਦੋਵੇਂ ਬਦਲਦੀਆਂ ਪ੍ਰਸਥਿਤੀਆਂ ਵਿਚ, ਰੂਸ ਵਿਚੋਂ ਭੱਜ ਕੇ ਯੋਰਪ ਦੇ ਦੇਸ਼ਾਂ ਵਿਚ ਨਹੀਂ ਗਏ ਸਨ ਤੇ ਨਾਂ ਹੀ ਸੋਵੀਅਤ-ਪ੍ਰਬੰਧ ਦੇ ਵਿਰੁੱਧ ਖੁੱਲੇ ਆਮ ਤੇ ਨਾ ਹੀ ਸਥਾਪਤੀ ਦੇ ਸਮਰਥਨ ਬਣੇ ਸਨ। ਜਿਵੇਂ ਕਿਵੇਂ ਵੀ, ਰੋਂਦੇ ਕੁਰਲਾਉਂਦੇ, ਦੋਵੇਂ ਹੀ ਦੇਸ਼ ਵਿਚ ਹੀ ਟਿਕੇ ਰਹੇ ਤੇ ਕਾਵਿ-ਰਚਨਾ ਕਰਦੇ ਰਹੇ।

ਮਾਇਆਕੋਵਸਵੀ ਤੇ ਸਰਗੇਲੀ ਬੈਸੇਨਿਨ, ਬਾਲਸਵਿਕ ਪਾਰਟੀ ਦੇ ਸਮਰਥਨ ਬਣ ਕੇ, ਬਦਲਦੀ ਸਥਿਤੀ ਨੂੰ ਸਮਝ ਨਹੀਂ ਕਾਵਿ ਦ੍ਰਿਸ਼ਟੀ ਅਨੁਸਾਰ ਕਵਿਤਾ ਲਿਖਦੇ ਰਹੇ ਤੇ ਚੰਗਾ ਨਾਮਣਾ ਖੱਟਿਆ। ਹੈਰਾਨੀ ਦੀ ਗੱਲ ਕਿ ਇਹਨਾਂ ਪੰਜਾਂ ਕਵੀਆਂ ਨੇ ਆਪਣੇ ਆਪਣੇ ਢੰਗ ਨਾਲ ਕਾਵਿ-ਖੇਤਰ ਵਿਚ ਨਵਾਂ ਰੰਗ ਭਰਿਆ। ਅਕਤੂਬਰ ਇਨਕਲਾਬ ਵੇਲੇ ਘਬਰਾ ਕੇ, ਡਰਦੇ ਮਾਰੇ ਬਹੁਤ ਸਾਰੇ ਲੇਖਕ ਯੋਰਪ ਦੇ ਦੇਸ਼ਾਂ ਨੂੰ ਭੱਜ ਗਏ ਹਨ। ਕਈ ਅਜੇਹੇ ਵੀ ਸਨ, ਜਿਹੜੇ ਦੋ ਚਾਰ ਸਾਲ ਬਾਅਦ, ਵਾਪਸ ਪਰਤ ਆਏ ਤੇ ਨਵੀਂ, ਰਾਜਸੀ ਸਥਿਤੀ ਸਮਝ ਕੇ ਆਪਣਾ ਆਪਣਾ ਰਾਹ ਤਲਾਸ਼ਣ ਲੱਗੇ। ਰੂਸ ਦੀ ਅਕਤੂਬਰ ਕਰਾਂਤੀ, ਵਿਸ਼ਵ ਪੱਧਰ ਉੱਤੇ ਬੜੀ ਵੱਡੀ ਇਤਿਹਾਸਕ ਘਟਨਾ ਸੀ। ਕਈ ਅਖੌਤੀ ਵਿਦਵਾਨ ਅਜੇ ਤੀਕ ਵੀ ਉਸ ਨੂੰ ਸਮਝ.ਨਹੀਂ ਸਕੇ ਤੇ ਇਸਨੂੰ ਲੈਨਿਨ ਦਾ "ਕਾਣਾ-ਮੀਣਾ" ਇਨਕਲਾਬ ਆਖ ਕੇ ਖੁਸ਼ ਹੁੰਦੇ ਹਨ। ਇਤਿਹਾਸਕ ਘਟਨਾਵਾਂ ਬਹੁਤ ਵਾਰ ਲੇਖਕਾਂ, ਕਲਾਕਾਰਾਂ ਤੇ ਚਿੰਤਕਾਂ ਲਈ ਵੱਡੀਆਂ ਚਣੌਤੀਆਂ ਬਣ ਕੇ ਆਉਂਦੀਆਂ ਹਨ ਤੇ ਸਿਆਣੇ-ਬਿਆਣੇ ਲੋਕਾਂ ਨੂੰ ਵੀ ਦੁਬਿਧਾ ਵਿਚ ਪਾ ਦਿੰਦੀਆਂ ਹਨ।

(2)

ਪਾਸਤਰਨਾਕ ਇਕ ਉੱਤੇ ਵਰਗ ਦੇ ਕਲਾਕਾਰ-ਜੋੜੇ ਦਾ ਪੁੱਤਰ ਸੀ। ਉਸ ਦਾ ਪਿਤਾ ਮਾਸਕੋ ਦੀ ਇਨਸਟੀਚਿਊਟ ਆਫ ਆਰਟ, ਸਕੱਲਪਚਰ ਅਤੇ ਅਰਟੀਟੈਕਚਰ ਵਿਚ ਉਸਤਾਦ ਸੀ ਅਤੇ ਉਸ ਦੀ ਮਾਤਾ ਰੋਸੀਲੀਆ ਆਈਸਾਡੋਰੋਵਨਾ ਪਿਆਨੋ ਦੀ ਸੁਪ੍ਰਸਿੱਧ ਕਲਾਕਾਰ ਸੀ, ਜਿਸ ਦੀ ਮਹਿਮਾ ਮਾਸਕੋ ਸ਼ਹਿਰ ਦੇ ਕਲਾਤਮਿਕ ਹਲਕਿਆਂ ਵਿਚ ਹਰ ਕਲਾ-ਪ੍ਰੇਮੀ ਦੀ ਜੀਭ ਉੱਤੇ ਸੀ। ਹੌਲੀ ਹੌਲੀ ਉਸਨੇ ਪਰਿਵਾਰ ਨੂੰ ਸੰਭਾਲਣ ਲਈ ਆਪਣੇ ਕਲਾਤਮਿਕ ਸ਼ੌਕਾਂ ਨੂੰ ਘਟਾ ਲਿਆ। ਉਨ੍ਹਾਂ ਦਾ ਘਰ ਸਭਿਆਚਾਰਕ ਸਰਗਰਮੀਆਂ ਦਾ ਉੱਘਾ ਕੇਂਦਰ ਬਣਿਆ ਹੋਇਆ ਸੀ, ਪਾਸਤਰਨਾਕ ਦਾ ਜਨਮ ਫਰਵਰੀ 10, 1890 ਨੂੰ ਹੋਇਆ, ਉਸਦਾ ਕਥਨ ਹੈ,

"ਮੈਂ ਇੱਕ ਕਲਾਕਾਰ ਦਾ ਪੁੱਤਰ ਹਾਂ ਤੇ ਮੈਂ ਆਪਣੇ ਆਰੰਭਕ ਦਿਨਾਂ ਤੋਂ ਹੀ ਮਹਾਨ ਕਲਾਂ ਤੇ ਮਹਾਨ ਲੋਕਾਂ ਨੂੰ ਪਾਰ ਵਿਚ ਵੇਖਦਾ ਰਿਹਾ। ਹਾਂ ਅਤੇ ਮੈਂ ਉੱਚੀ ਕਲਾ ਦੇ ਮਿਆਰਾਂ ਨੂੰ ਵੇਖਦਾ ਰਿਹਾ ਹਾਂ ਅਤੇ ਮੇਰੇ ਮੁੱਢਲੇ ਦਿਨਾਂ ਤੋਂ ਹੀ ਇਹ ਕਲਾ ਮੇਰੀ ਨਿੱਤ ਦੀ ਭਾਸ਼ਾ ਬਣ ਗਈ ਸੀ।"

ਉਸ ਘਰ ਤੇ ਪਰਿਵਾਰ ਦੀ ਰਵਾਇਤ ਸੀ ਕਿ ਹਰ ਮੈਂਬਰ ਦੀ ਰੋਜ਼ਾਨਾ ਪੇਸ਼ਾ ਵਰਾਨਾ ਕੰਮ ਕਰਨ ਦੀ ਆਦਤ ਪੱਕ ਗਈ ਸੀ। ਜਦ ਪਾਸਤਰਨਾਕ 70 ਸਾਲਾਂ ਦਾ ਹੋ ਗਿਆ ਤਾਂ ਉਸ ਨੇ ਬੜੇ ਭਰੋਸੇ ਨਾਲ ਆਖਿਆ ਸੀ ਕਿ ਮੈਂ ਆਪਣੇ ਜੀਵਨ ਦਾ ਇੱਕ ਦਿਨ ਵੀ ਅਜਾਈਂ ਨਹੀਂ ਗਵਾਇਆ।

"ਕੀ ਚੀਜ਼ ਹੈ ਜੋ ਇੱਕ ਕਲਾਕਾਰ ਨੂੰ ਯਥਾਰਥਵਾਦੀ ਬਣਾਉਂਦੀ ਹੈ। ਕੀ ਉਹ ਉਸ ਨੂੰ ਰਚਦਾ ਹੈ ? ਬਚਪਨ ਦੇ ਮੁਢਲੇ ਪ੍ਰਭਾਵ ਹੀ ਮੇਰੇ ਖਿਆਲ ਵਿੱਚ ਪਰਪੱਕਤਾ ਲਈ ਆਰੰਭਕ ਚੇਤਨਾ ਪੈਦਾ ਕਰਦੇ ਹਨ।"

ਇਸ ਤਰ੍ਹਾਂ ਪਾਸਤਰਨਾਕ ਦਾ ਬਚਪਨ ਇੱਕ ਅਮੀਰ ਤੇ ਕਲਾਤਮਿਕ ਪਰਿਵਾਰ ਵਿਚ ਅਨੁਸ਼ਾਸਨ-ਬੱਧ ਤਰੀਕੇ ਨਾਲ ਲੰਘਿਆ ਸੀ।

ਉਸਦੇ ਪਿਤਾ ਦੇ ਬਣਾਏ ਚਿਤਰ ਤੇ ਮਾਤਾ ਦੇ ਸੰਗੀਤ ਨੇ ਪਾਰਸਤਨਰਾਕ ਦੀਆਂ ਕਲਾਤਮਿਕ ਰੁਚੀਆਂ ਨੂੰ ਵਿਕਸਿਤ ਕਰਨ ਵਿਚ ਵੱਡਾ ਭਰਾ ਨਾਲ ਰਲ ਕੇ ਮੂਰਤਾਂ ਤੇ ਚਿਤਰ ਬਣਾਉਂਦੇ ਤੇ ਉਨ੍ਹਾਂ ਦੀ ਘਰ ਵਿਚ ਪਰਦਰਸ਼ਣੀ ਲਾਉਂਦੇ ਸਨ।

1903 ਵਿਚ ਇੱਕ ਵਾਰ ਘੋੜੇ ਤੋਂ ਡਿੱਗ ਕੇ ਉਸ ਨੇ ਸੱਟ ਲਵਾ ਲਈ ਤੇ ਉਸ ਨੇ ਚਲੇ ਦੀ ਹੱਡੀ ਟੁੱਟ ਗਈ। ਨਤੀਜੇ ਵਜੋਂ ਉਸ ਦੀ ਇੱਕ ਲੱਤ ਛੋਟੀ ਰਹਿ ਗਈ। ਇਸ ਘਾਟ ਕਾਰਨ ਜਵਾਨ ਹੋਣ ਉੱਤੇ ਉਸ ਨੂੰ ਜਬਰੀ ਫੌਜੀ ਭਰਤੀ ਤੋਂ ਛੁੱਟ ਮਿਲ ਗਈ।

ਪਾਸਤਰਨਾਕ ਨੇ ਯੂਨੀਵਰਸਿਟੀ ਤੀਕ ਉੱਚੀ ਸਿਖਿਆ ਪ੍ਰਾਪਤ ਕੀਤੀ। ਪਰਿਵਾਰਕ ਖੇਤਰ ਨੂੰ ਤਿਆਗ ਉਸ ਨੇ ਸਾਹਿਤ ਤੇ ਕਵਿਤਾ ਦਾ ਖੇਤਰ ਚੁਣ ਲਿਆ ਤੇ ਯੂਨੀਵਰਸਿਟੀ ਵਿੱਚੋਂ ਬਾਹਰ ਆਉਂਦੇ ਹੀ ਉਸ ਦੀਆਂ ਕਵਿਤਾਵਾਂ ਪੱਤਰਕਾਵਾਂ ਵਿੱਚ ਛਪਣ ਲੱਗ ਪਈਆਂ। ਇਹ ਪਹਿਲੀ ਵਿਸ਼ਵ-ਜੰਗ ਦੇ ਸਾਲ ਸਨ। ਅਰਥਾਤ 1914-18 ਦਾ ਸਮਾਂ। ਇਹਨਾਂ ਸਮਿਆਂ ਵਿਚ ਰੂਸੀ ਭਾਸ਼ਾ ਵਿਚ ਨਵੇਂ ਕਵੀਆਂ ਦੀ ਇੱਕ ਢਾਣੀ ਉਭਰ ਕੇ ਸਾਹਮਣੇ ਆਈ, ਜਿਨ੍ਹਾਂ ਵਿਚ ਅੰਨਾ ਅਖਮਾਤੋਵਾ, ਮਾਰੀਨਾ ਤਸਵੀਤਾਈਵਾ, ਮਾਇਆ ਕੋਵਸਨੀ ਅਤੇ ਮੈਂਡਲ ਸਟਾਮ ਮੁੱਖ ਤੌਰ ਤੇ ਜ਼ਿਕਰਯੋਗ ਹਨ।

ਇੱਕ ਪਾਸੇ ਦੇਸ਼ ਵਿਚ ਰਾਜਸੀ ਪੱਧਰ ਉੱਤੇ ਵੱਡੀਆਂ ਤੇ ਦੂਰ-ਰਸ ਤਬਦੀਲੀਆਂ ਦੇ ਸੰਕੇਤ ਮਿਲ ਰਹੇ ਸਨ। ਰੂਸੀ ਲੋਕ ਪਹਿਲੀ ਵਿਸ਼ਵ-ਜੰਗ ਵਿਚ ਫਸੇ ਮਾਰ ਖਾ ਰਹੇ ਸਨ ਤੇ ਨਾਲ ਦੀ ਨਾਲ ਬਾਲਸ਼ਵਿਕ ਪਾਰਟੀ ਦਾ ਪ੍ਰਭਾਵ-ਖੇਤਰ ਵਧ ਰਿਹਾ ਸੀ। ਉਕਤ ਕਵੀਆਂ ਉੱਤੇ ਇਹਨਾਂ ਘਟਨਾਵਾਂ ਦਾ ਵੱਖਰੀ ਵੱਖਰੀ ਤਰ੍ਹਾਂ ਪ੍ਰਭਾਵ ਪੈ ਰਿਹਾ ਸੀ। ਇਹਨਾਂ ਹੀ ਸਾਲਾਂ ਵਿਚ ਪਾਸਤਰਨਾਕ ਦੇ ਉੱਤੋ-ਜਿੱਤੀ ਦੋ ਤਿੰਨ ਮੁਢਲੇ ਕਾਵਿ-ਸੰਗ੍ਰਹਿ ਛਪੇ ਤੇ ਉਸਦੀ ਕਾਵਿ-ਖੇਤਰ ਵਿਚ ਚੰਗੀ ਚਰਚਾ ਹੋਣ ਲੱਗੀ।

ਪਰ ਉਸ ਦੀ ਇਹ ਕਵਿਤਾ ਸਮਕਾਲੀ ਕਵਿਤਾ ਨਾਲੋਂ ਵੱਖਰੀ-ਭਾਂਤ ਦੀ ਤੇ ਵਿਸ਼ੇਸ਼ ਤੌਰ ਤੇ ਜਟਿਲ ਅਤੇ ਪ੍ਰਯੋਗਵਾਦੀ ਝੁਕਾਵਾਂ ਵਾਲੀ ਸੀ। ਉਹ ਗੁੰਝਲਦਾਰ ਤੇ ਬੁਝਾਰਤਾਂ ਪਾਉਂਦੀ ਸੀ। ਅਜੀਬੋ-ਗਰੀਬ ਅਲੰਕਾਰ ਸਿਰਜਦੀ ਸੀ। ਪਾਠਕ ਭੰਬਲ-ਭੂਸੇ ਵਿਚ ਪੈ ਜਾਂਦਾ ਸੀ ਤੇ ਉਸ ਵਿਚੋਂ ਸਮਾਜਕ ਯਥਾਰਥ ਓਝਲ ਹੋ ਜਾਂਦਾ ਸੀ। ਉਂਝ ਪਾਠਕ ਚਕ੍ਰਿਤ ਜ਼ਰੂਰ ਹੋ ਜਾਂਦਾ ਸੀ। ਉਹ ਉਸ ਦੇ ਪੇਸ਼ ਭਾਵਕ-ਜਗਤ ਨਾਲ ਨੇੜ ਅਨੁਭਵ ਨਹੀਂ ਸੀ ਕਰਦਾ, ਇਹ ਚਾਰ ਪੰਜ ਕਵੀ ਇੱਕ ਦੂਸਰੇ ਨੂੰ ਸਮਰਪਿਤ ਕਵਿਤਾਵਾਂ ਵੀ ਲਿਖਦੇ ਸਨ। ਇਹ ਕਵੀ ਅੰਨਾ-ਅਖਮਾਤੋਵ ਓਸਪ ਮੈਡਲ ਸਟਾਮ, ਮਾਰੀਨਾ ਤਸਵੀਤਾਈਵਾ ਤੇ ਪਾਸਤਰਨਾਕ ਸਨ। ਇਹਨਾਂ ਦੇ ਉਹਨਾਂ ਵੇਲਿਆਂ ਦੇ ਸੰਗ੍ਰਹਿ ਪੜੀਏ ਤਾਂ ਇਸ ਦੂਜੇ ਬਾਰੇ ਲਿਖੀਆਂ ਕਵਿਤਾਵਾਂ ਵਧੇਰੇ ਹਨ। ਇਹ ਕਾਵਿਕ-ਦੌਰ 1905 ਦੇ ਇਨਕਲਾਬ ਦੇ ਦੌਰ ਤੇ ਆਰੰਭ ਹੋ ਕੇ 1920-25 ਠੀਕ ਚੱਲਦਾ ਰਿ ਹਾ।



ਇਹਨਾਂ ਦੇ ਟਾਕਰੇ ਉੱਤੇ ਅਕਤੂਬਰ 1917 ਦੇ ਇਨਕਲਾਬ ਤੋਂ ਪ੍ਰਭਾਵਤ ਕਵੀ ਮਾਇਕੋ ਵਸਕੀ ਅਤੇ ਸਰਗੇਈ ਬੈਸੇਨਿਸ ਵੱਖਰਾ ਮੁਹਾਵਰਾ ਲੈ ਕੇ ਕਾਵਿ-ਖੇਤਰ ਵਿਚ ਆਉਂਦੇ ਹਨ। ਅਕਤੂਬਰ ਇਨਕਲਾਬ ਵੇਲੇ ਵੀ ਸਥਿਤੀ ਸਪਸ਼ਟ ਨਹੀਂ ਸੀ। ਮੈਕਸਿਮ ਗੋਰਕੀ ਵੀ ਦੁਬਿਧਾ ਵਿਚ ਵਿਚਰ ਰਿਹਾ ਸੀ। ਦੋਸਤਾਂ ਦੇ ਲੈਨਿਨ ਨੂੰ ਸ਼ਿਕਾਇਤ ਕਰਨ ਉੱਤੇ ਗੱਲ ਸਪਸ਼ਟ ਹੋਈ ਤੇ ਗੋਰਕੀ ਦੀ ਦੁਬਿਧਾ ਖਤਮ ਹੋਈ। ਕਾਰਨ ਇਹ ਸੀ ਕਿ ਪੁਰਾਣਾ ਸਮਾਜ ਟੁੱਟ ਰਿਹਾ ਸੀ, ਨਵਾਂ ਬਣ ਰਿਹਾ ਜੀ। ਪੁਰਾਣੇ ਵਿੱਚੋਂ ਪੁੰਗਰ ਰਹੇ ਨਵੇਂ ਸਮਾਜ ਨੂੰ ਤੱਕਣਾ-ਇਹ ਕਾਰਜ ਔਖਾ ਸੀ। ਪਾਸਤਰਨਾਕ ਹੋਰਨਾਂ ਨਾਲੋਂ ਵਧੇਰੇ ਦੁਬਿਧਾ ਵਿਚ ਸੀ। 1905 ਦੇ ਇਨਕਲਾਬ ਵੇਲੇ ਜ਼ਾਰ ਦੇ ਮਹੱਲਾ ਸਾਹਮਣੇ ਲੋਕਾਂ ਉੱਤੇ ਚੱਲੀ ਅੰਨ੍ਹੇ-ਵਾਹ ਗੋਲੀ ਬਾਰੇ ਉਸ ਦੀ ਇਕ ਕਾਵਿਕ-ਟਿੱਪਣੀ ਹੈ, ਜਿਸ ਦਾ ਆਪ ਕਰਕੇ ਹਵਾਲਾ ਦਿੱਤਾ ਜਾਂਦਾ ਹੈ।

ਪੈ ਰਹੀ ਬਰਫ, ਰੂੰਗਦੇ ਲੋਕਾਂ ਦੀ
ਕੋਈ ਪ੍ਰਵਾਹ ਨਹੀਂ ਕਰਦੀ,
ਚੱਲਦੀ ਗੋਲੀ, ਬਰਫ ਨੂੰ
ਹੱਥ ਫੇਰ ਕੇ ਖਲੋਸਦੀ ਹੈ
ਗਲੀਆਂ ਪਹਿਲਾਂ ਵਾਂਗ ਹੀ ਨਿਰਛਲ ਹਾਂ
ਇੱਕ ਤਰਲਾ ਉਲੰਘ ਤੇ ਪਵਿੱਤਰ।

ਪਰ ਇਹ ਸਮੱਸਿਆ ਇਕੱਲੇ ਪਾਸਤਰਨਾਕ ਦੀ ਹੀ ਨਹੀਂ ਸੀ ਇਨਕਲਾਬੀ ਤਬਦੀਲੀਆਂ ਏਨੀ ਤੇਜ਼ੀ ਨਾਲ ਵਾਪਰ ਰਹੀਆਂ ਸਨ ਕਿ ਬਹੁਤੇ ਲੋਕ ਉਨ੍ਹਾਂ ਵਿੱਚੋਂ ਸਪਸ਼ਟ ਸੇਧ ਲੈਣ ਵਿਚ ਔਕੜ ਅਨੁਭਵ ਕਰ ਰਹੇ ਸਨ। ਪਾਸਤਰਨਾਕ ਨੂੰ ਅਕਤਬੂਰ ਕਰਾਂਤੀ ਨਾਲ ਕੋਈ ਹਮਦਰਦੀ ਨਹੀਂ ਸੀ। ਉਸਦਾ ਰਾਹ ਹਾਕਮ-ਜਮਾਤਾਂ ਵਾਲਾ ਰਾਹ ਸੀ। ਸੰਤੁਸ਼ਟ ਸ਼੍ਰੇਣੀ ਦਾ ਹੋਣ ਕਰਕੇ, ਉਹ ਦੁਬਿਧਾ ਦਾ ਵਧੇਰੇ ਸ਼ਿਕਾਰ ਸੀ। ਪਰ ਉਹ ਰਾਜਸੀ ਸਵਾਲਾਂ ਤੋਂ ਪੱਲਾ ਬਚਾ ਕੇ ਲੰਘਣ ਵਾਲਾ ਲੇਖਕ ਸੀ।

ਉਸਦੇ ਮਾਤਾ-ਪਿਤਾ ਦੇ ਬਾਕੀ ਪਰਿਵਾਰ ਪਹਿਲਾਂ ਹੀ ਦੇਸ਼ ਛੱਡ ਯੋਰਪ ਵਿਚ ਨਾ ਟਿੱਕੇ ਸਨ। ਜੇ ਪਾਸਤਰਨਾਕ ਚਾਹੁੰਦਾ ਤਾਂ ਉਸ ਲਈ ਆਪਣੇ ਪਰਿਵਾਰ ਕੋਲ ਬਾਰ ਜਾ ਕੇ ਰਹਿਣਾ ਕੋਈ ਔਖਾ ਨਹੀਂ ਸੀ। ਜਦੋਂ ਫਰਵਰੀ 1917 ਦੀ ਕਰਾਂਤੀ ਹੋਈ ਤਾਂ ਉਸ ਸਮੇਂ ਪਾਸਤਰਨਾਕ ਯੂਰਾਨ ਵਿੱਚ ਇੱਕ ਕਾਰਖਾਨੇ ਵਿਖੇ ਕਲਰਕ ਸੀ, ਜਿੱਥੋਂ ਉਹ ਵਾਪਸ ਪਰਤ ਆਇਆ। ਇਹਨਾਂ ਸਾਲਾਂ ਵਿਚ ਉਸ ਦੇ ਨਵੇਂ ਕਾਵਿ-ਸੰਗ੍ਰਹਿ ਛਪ ਰਹੇ ਸਨ ਤੇ ਕਾਵਿ-ਖੇਤਰ ਵਿਚ ਉਸ ਦੀ ਚੰਗੀ ਮਹਿਮਾ ਹੋ ਰਹੀ ਸੀ।

ਬਾਅਦ ਦੇ ਵਰ੍ਹਿਆਂ ਵਿਚ ਵੀ, ਉਸ ਨੂੰ ਨਵੇਂ ਹਾਲਾਤ ਵਿਚ, ਬਿਨਾਂ ਟਕਰਾਅ ਦੇ ਜੀਣਾ-ਥੀਣਾ ਆ ਗਿਆ ਸੀ ਉਹ ਗੰਭੀਰ ਭਾਂਤ ਦੇ ਰਾਜਸੀ ਸਵਾਲਾਂ ਤੋਂ ਬਚ ਕੇ ਤੇ ਪਾਸਾ ਵੱਟ ਕੇ ਆਰਾਮ ਨਾਲ ਲੰਘ ਜਾਂਦਾ ਸੀ। ਲੋੜ ਜਾਂ ਔਕੜ ਵੇਲੇ, ਉਹ ਕਿਸੇ ਵੀ ਆਗੂ ਨੂੰ ਆਸਾਨੀ ਨਾਲ ਬਿਨਾਂ ਝਿਜਕ ਦੇ ਮਿਲ ਸਕਦਾ ਸੀ। ਅਰਥਾਤ, ਮੌਕੇ ਅਨੁਸਾਰ ਉਹ ਆਪਣੇ ਆਪ ਨੂੰ ਢਾਲ ਸਕਦਾ ਸੀ।

(3)

ਇਹ ਵੀ ਸਪਸ਼ਟ ਸੀ ਕਿ ਨਵੇਂ ਉੱਠਦੇ ਕਵੀਆਂ ਵਿੱਚ ਉਸ ਦਾ ਆਪਣਾ ਇੱਕ ਵੱਖਰਾ ਸਰਕਲ ਸੀ। ਅੰਨਾ-ਅਖਮਾਤੋਵਾ, ਮਾਰੀਨਾਤ ਸਵੀਤਾਈਵਾ ਦੋਵਾਂ ਕਵਿਤਰੀਆਂ ਨਾਲ ਉਸ ਦੇ ਖੁਸ਼ਗਵਾਰ ਸਮਾਜਕ ਸਬੰਧ ਸਨ।

1934 ਵਿਚ ਉਸ ਨੇ ਕੁੱਲ ਸੋਵੀਅਤ ਰੂਸ ਦੀ ਲੇਖਕ-ਜਥੇਬੰਦੀ ਬਣਾਉਣ ਵਿਚ ਬਾਕਾਇਦਾ ਹਿੱਸਾ ਲਿਆ ਸੀ ਅਤੇ ਪਾਰਟੀ ਆਗੂ ਬੁਖਾਰਨ ਨੇ ਉਸ ਨੂੰ ਰੂਸ ਦਾ 'ਮਹਾਨ ਕਵੀ' ਆਖ ਕੇ ਵਡਿਆਇਆ ਸੀ।

1935 ਵਿਚ ਸੋਵੀਅਤ ਸਰਕਾਰ ਵਲੋਂ ਪਾਸਤਰਨਾਕ ਨੂੰ, ਨਾ ਚਾਹੁੰਦਿਆਂ ਵੀ, ਉਸ ਮਹੱਤਵਪੂਰਨ ਡੈਲੀਗੇਸ਼ਨ ਵਿਚ ਸ਼ਾਮਿਲ ਕੀਤਾ। ਜੋ ਫਰਾਂਸ ਦੇ ਸਿਰਕੱਢ ਲੇਖਕਾਂ ਵੱਲੋਂ, ਫਾਸ਼ਿਜ਼ਮ ਵਿਰੁੱਧ ਕੌਮਾਂਤਰੀ

ਇਕੱਠ ਕੀਤਾ ਜਾ ਰਿਹਾ ਸੀ ਅਤੇ 1936 ਵਿਚ ਸੋਵੀਅਤ ਲੇਖਕਾਂ ਦੀ ਇੱਕ ਮੀਟਿੰਗ ਵਿਚ ਪਾਸਤਰਨਾਕ ਨੇ ਸਮਾਜਵਾਦੀ ਯਥਾਰਥਵਾਦ ਵਿਰੁੱਧ ਬੜੀ ਸਖਤੀ ਨਾਲ ਆਪਣੇ ਵਿਚਾਰ ਪ੍ਰਗਟਾਏ ਸਨ ਤੇ ਕਿਹਾ ਸੀ।

"ਕਲਾਕਾਰੇ ਖਤਰਾ ਸਹੇੜਨ ਤੇ ਆਤਮਕ ਸਵੈ-ਕੁਰਬਾਨੀ ਬਿਨਾਂ ਸੋਚਿਆ ਵੀ ਨਹੀਂ ਜਾ ਸਕਦਾ-ਆਜ਼ਾਦੀ ਅਤੇ ਕਲਪਣਾ ਵੀ ਦਲੇਰੀ, ਅਭਿਆਸ ਨਾਲ ਪ੍ਰਾਪਤ ਕਰਨੀ ਪਵੇਗੀ। ਇਸ ਖੇਤਰ ਵਿਚ ਹੁਕਮਨਾਮੇ ਦੀ ਆਸ ਨਾ ਰੱਖਣ।" (ਹਵਾਲਾ-ਜੀਵਨੀ ਅੰਨਾ ਅੱਖਮਾਤੋਵਾ, ਲੇਖਕ ਰੋਬਾਰਟ ਰੀਡਰ-ਪੰਨਾ 350)

ਫਿਰ ਜਦੋਂ ਸਰਕਾਰ ਨੇ ਸਾਹਿਤ-ਰਚਨਾ ਦੇ ਖੇਤਰ ਵਿਚ ਸਿਆਸੀ ਅਗਵਾਈ ਦੇਣੀ ਆਰੰਭ ਕੀਤੀ ਤਾਂ ਪਾਸਤਰਨਾਕ ਨੇ ਕਵੀ ਮੈਂਡਲ ਸਟਾਮ ਦੀ ਰਿਹਾਈ ਲਈ ਸਟਾਲਨ ਤੀਕ ਵੀ ਪਹੁੰਚ ਕੀਤੀ ਸੀ ਤੇ ਕਵੀ ਦੀ ਪਤਨੀ ਦੀ ਮਾਇਕ ਸਹਾਇਤਾ ਵੀ ਕੀਤੀ ਸੰਨ ਨਾਲ ਹੀ ਉਸਨੇ ਕਵੀ ਨੂੰ ਕਾਮਰੇਡ ਸਟਾਲਿਨ ਦੇ ਵਿਰੁੱਧ ਕਵਿਤਾਵਾਂ ਲਿਖਣ ਬਾਰੇ ਸਾਵਧਾਨ ਵੀ ਕੀਤਾ ਸੀ ਤੇ ਆਖਿਆ ਸੀ,

"ਇਹ ਸਾਹਿਤਕ ਹਕੀਕਤ ਨਹੀਂ ਹੈ ਸਗੋਂ ਆਤਮ-ਘਾਤ ਦਾ ਰਾਹ ਹੈ, ਜਿਸ ਦਾ ਮੈਂ ਸਮਰਥਨ ਨਹੀਂ ਕਰ ਸਕਦਾ ਤੇ ਜਿਸ ਵਿਚ ਹਿੱਸਾ ਲੈਣ ਦੀ ਮੇਰੀ ਕੋਈ ਇੱਛਾ ਨਹੀਂ ਹੈ" (ਉਕਤ ਪੁਸਤਕ-ਪੰਨਾ 351)

ਅਸਲ ਵਿਚ ਪਾਸਤਰਨਾਕ ਸਾਹਿਤਕ-ਜਗਤ ਵਿਚ ਇੱਕ ਅਜੇਹੀ ਸਾਹਿਤਕ-ਹਸਤੀ ਪ੍ਰਵਾਨ ਹੋ ਗਿਆ ਸੀ ਕਿ ਸਾਰੇ ਰਾਜਸੀ ਅਤੇ ਸਾਹਿਤਕ ਹਲਕੇ ਉਸ ਦਾ ਮਾਣ ਸਤਿਕਾਰ ਕਰਦੇ ਸਨ 'ਉਹ ਵਾਦ-ਵਿਵਾਦੀ ਮਸਲਿਆਂ ਵਿਚ ਘੱਟ ਉਲਝਦਾ ਸੀ, ਇੱਕ ਕਵੀ ਵਜੋਂ ਉਸ ਦਾ ਰੁਤਬਾ ਬਹੁਤ ਉੱਚਾ ਸੀ। ਅਕਤੂਬਰ ਇਨਕਲਾਬ ਦੇ ਸਮਿਆਂ ਵਿਚ, ਹੇਠ ਉੱਤੇ ਛਪੇ ਉਸਦੇ ਦੋ ਤਿੰਨ ਕਾਵਿ-ਸੰਗ੍ਰਹਿਆਂ ਦਾ ਭਰਵਾਂ ਸੁਆਗਤ ਹੋਇਆ ਸੀ।

ਕਵਿਤਾ ਦੇ ਨਾਲ ਨਾਲ ਉਸ ਨੇ ਢੇਰ ਸਾਰੀ ਬਦੇਸ਼ੀ ਕਵਿਤਾ ਵੀ ਰੂਸੀ ਭਾਸ਼ਾ ਵਿਚ ਅਨੁਵਾਦ ਕੀਤੀ ਸੀ ਅਤੇ ਮਗਰੋਂ ਜਾ ਕੇ ਜਦੋਂ ਰਾਜਸੀ ਖੇਤਰ ਵਿਚ ਪਾਰਟੀ ਦਖਲ-ਅੰਦਾਜ਼ੀ ਵਧੇਰੇ ਵਧ ਗਈ ਤਾਂ ਉਸ ਨੇ ਸ਼ੈਕਸ਼ਪੀਅਰ ਦੇ ਕਈ ਨਾਟਕਾਂ ਦਾ ਅਨੁਵਾਦ ਕਰਕੇ ਚੰਗਾ ਨਾਮਣਾ ਖੱਟਿਆ ਸੀ ਅਤੇ ਨਾਲ ਦੀ ਨਾਲ ਕਾਫੀ ਸਾਰਾ ਮਾਇਕ-ਲਾਭ ਵੀ ਪ੍ਰਾਪਤ ਕੀਤਾ ਸੀ। ਇੰਝ ਉਸਦੇ "ਚੁੱਪ ਰਹਿਣ" ਦੇ ਕੁਝ ਖਤਰਨਾਕ ਸਾਲਾਂ ਵਿਚ ਵੀ ਉਹ ਅਨੁਵਾਦ ਦਾ ਠੋਸ ਕੰਮ ਸਿਰੇ ਚਾੜ੍ਹ ਗਿਆ ਸੀ।

ਤੀਹਵਿਆਂ ਵਿਚ ਜਦੋਂ ਖਤਰਾ ਬਹੁਤ ਵਧ ਗਿਆ ਸੀ ਤਾਂ ਪਾਰਟੀ-ਆਗੂ ਬੁਖਾਰਨ ਦੀ ਫੁਰਮਾਇਸ਼ ਉੱਤੇ ਪਾਸਤਰਨਾਕ ਨੇ ਸਟਾਲਿਨ ਦੀ ਮਹਿਮਾਂ ਵਿਚ ਇੱਕ ਦੋ ਕਵਿਤਾਵਾਂ ਵੀ ਲਿਖੀਆਂ ਸੀ (ਹਵਾਲਾ-ਜੀਵਨੀ ਅੰਨਾ-ਅਖਮਾਤੋਵਾ ਲੇਖਕ ਰੋਬਰਟਾ ਰੀਡਰ-ਪੰਨਾ 252)

ਉਹਨਾਂ ਦਿਨਾਂ ਵਿਚ ਸਰਕਾਰੀ ਪੱਧਰ ਉੱਤੇ ਅਤੇ ਨਾਲ ਹੀ ਸਾਹਿਤਕ-ਖੇਤਰ ਵਿੱਚ ਮੈਕਸਿਮ-ਗੋਰਕੀ ਦੀ ਆਖੀ ਗੱਲ ਨੂੰ ਕੋਈ ਘੱਟ ਹੀ ਮੋੜਦਾ ਹੁੰਦਾ ਸੀ ਤੇ ਲੇਖਕ-ਲੋਕ ਅਕਸਰ ਹੀ ਆਪਣੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਲੈ ਕੇ ਉਸ ਕੋਲ ਆਉਂਦੇ ਰਹਿੰਦੇ ਸਨ। ਏਥੋਂ ਤੀਕ ਕਿ ਪਾਸਤਰਨਾਕ ਨੇ ਰਾਏ ਲੈਣ ਵਾਸਤੇ ਮੈਕਸਿਲ ਗੋਰਕੀ ਨੂੰ ਆਪਣਾ ਕਾਵਿ-ਸੰਗ੍ਰਹਿ "1905" ਭੇਜਿਆ ਸੀ। ਉਸ ਵੇਲੇ ਪਾਸਤਰਨਾਕ ਬੜੀ ਜਟਿਲ ਭਾਂਤ ਦੀ ਕਵਿਤਾ ਲਿਖਦਾ ਸੀ ਤੇ ਉਸ ਦੀ ਪ੍ਰਤੀਕਾਵਲੀ ਵੀ ਪਾਠਕ ਨੂੰ ਸਮਝ ਨਹੀਂ ਆਉਂਦੀ ਸੀ। ਉਕਤ ਪੁਸਤਕ ਦੀ ਪ੍ਰਾਪਤੀ ਤੋਂ ਪਿੱਛੋਂ ਗੋਰਕੀ ਨੇ ਪਾਸਤਰਨਾਕ ਦੀ ਪੁਸਤਕ ਬਾਰੇ ਜੋ ਰਾਏ 18-11-1932 ਦੀ ਚਿੱਠੀ ਵਿਚ ਲਿਕੀ ਉਹ ਵੀ ਸਾਹਿਤ-ਪ੍ਰੇਮੀਆਂ ਤੇ ਕਵਿਤਾ-ਪਾਠਕਾਂ ਲਈ ਪੜਨ ਵਾਲੀ ਹੈ। ਗੋਰਕੀ ਨੇ ਲਿਖਿਆ ਸੀ-

"ਮੈਂ ਤੁਹਾਡੀ ਪੁਸਤਕ ਬਾਰੇ ਕੁਝ ਨਹੀਂ ਲਿਖਿਆ ਸੀ ਕਿਉਂਕਿ ਮੈਂ ਆਪਣੇ ਆਪ ਨੂੰ ਸੰਵੇਦਨਸ਼ੀਲ ਕਵਿਤਾ ਦੀ ਪ੍ਰਸ਼ੰਸਾ ਕਰਨ ਦੇ ਕਾਫੀ ਯੋਗ ਨਹੀਂ ਸਮਝਦਾ ਅਤੇ ਨਾਲ ਹੀ ਮੈਨੂੰ ਯਕੀਨ ਸੀ ਕਿ ਤੂੰ ਬਹੁਤੀ ਪ੍ਰਸ਼ੰਸਾ ਤੋਂ ਵੀ ਅੱਕ ਚੁੱਕਿਆ ਹੋਵੇਂਗਾ। ਪਰ ਹੁਣ ਤੂੰ ਸੋਚਦਾ ਪ੍ਰਤੀਤ ਹੁੰਦਾ ਹੈ ਕਿ ਮੈਂ ਇਸ ਕਾਰਨ ਕੁਝ



ਨਹੀਂ ਲਿਖਿਆ ਕਿ ਮੈਂ ਤੈਨੂੰ ਇਸ ਦੱਸਣਾ ਨਹੀਂ ਸੀ ਚਾਹੁੰਦਾ ਕਿ ਤੇਰੀ ਪੁਸਤਕ ਕਾਮਯਾਬ ਨਹੀਂ ਹੈ। ਮੈਂ ਤੈਨੂੰ ਦੱਸਦਾ ਹਾਂ ਕਿ ਗੱਲ ਇੰਝ ਨਹੀਂ ਸੀ ਤੂੰ ਬਿਲਕੁਲ ਗਲਤ ਹੈ। ਪੁਸਤਕ ਸ਼ਾਨਦਾਰ ਹੈ। ਇਹ ਉਸ ਭਾਂਤ ਦੀ ਪੁਸਤਕ ਹੈ, ਜਿਹੜੀ ਤੁਰੰਤ ਹੀ ਆਪਣਾ ਮਹੱਤਵ ਪ੍ਰਗਟ ਨਹੀਂ ਕਰ ਦਿੰਦੀ, ਪਰ ਜਿਸ ਦੀ ਉਮਰ ਲੰਮੀ ਹੁੰਦੀ ਹੈ। ਮੈਂ ਤੈਥੋਂ ਇਹ ਗੱਲ ਲੁਕਾਉਂਦਾ ਨਹੀਂ ਹਾਂ ਕਿ, ਇਸ ਪੁਸਤਕ ਦੇ ਪ੍ਰਗਟ ਹੋਣ ਤੋਂ ਪਹਿਲਾਂ ਮੈਂ ਹਮੇਸ਼ਾ ਹੀ ਤੇਰੀਆਂ ਕਵਿਤਾਵਾਂ, ਕੁਝ ਉਚੇਚੀ ਕੋਸ਼ਿਸ਼ ਨਾਲ ਪੜ੍ਹਦਾ ਰਿਹਾ ਹਾਂ, ਕਿਉਂਕਿ ਇਸ ਵਿਚ ਬਿੰਬਾਵਲੀ ਭਾਰੂ ਮਾਤਰਾ ਵਿਚ ਹੁੰਦੀ ਸੀ ਤੇ ਇਹ ਬਿੰਬ ਸਦਾ ਹੀ ਮੈਨੂੰ ਸਪਸ਼ਟ ਨਹੀਂ ਸੀ ਹੁੰਦੇ। ਮੇਰੀ ਕਲਪਣਾ ਤੇਰੇ ਸਨਕੀ ਭਾਂਤ ਦੇ ਬਿੰਬਾਂ ਦੀ ਜਟਿਲਤਾ ਨੂੰ ਸਮਝਣ ਵਿਚ ਮੁਸ਼ਕਿਲ ਪੈਦਾ ਕਰਦੀ ਸੀ ਤੈਨੂੰ ਵੀ ਪਤਾ ਹੈ ਕਿ ਤੂੰ ਗੁੰਝਲਦਾਰ ਬਿੰਬਾਂ ਦੀ ਸਿਰਜਣਾ ਵੇਲੇ ਬਹੁਤ ਮੌਲਿਕ ਹੁੰਦਾ ਹੈ ਤੇ ਸ਼ਾਇਦ ਤੂੰ ਜਾਣ ਦਾ ਹੋਵੇ ਕਿ ਇਹਨਾਂ ਬਿੰਬਾਂ ਦੀ ਬਹੁਲਤਾ ਕਾਰਨ ਤੂੰ ਇਹਨਾਂ ਬਾਰੇ ਬੋਲਣ ਜਾਂ ਦੱਸਣ ਲੱਗਾ ਵੀ ਸੰਕੋਚ ਨਾਲ ਗੱਲ ਕਰਦਾ ਹੈ।"

(4)

ਉਪਰਲੀ ਵਿਚਾਰ-ਚਰਚਾ ਤੋਂ ਇਹ ਗੱਲ ਤਾਂ ਸਪਸ਼ਟ ਹੋ ਜਾਂਦੀ ਹੈ ਕਿ ਅਕਤੂਬਰ ਕ੍ਰਾਂਤੀ ਤੋਂ ਪਹਿਲਾਂ ਅਤੇ ਬਾਅਦ ਦੇ ਕੁਝ ਵਰ੍ਹੇ ਪਾਸਤਰਨਾਕ ਕੋਈ ਅਜੇਹਾ ਰਾਜਸੀ ਪੱਤੜਾ ਨਹੀਂ ਸੀ ਲੈਂਦਾ, ਜੋ ਸਟੇਟ ਨਾਲ ਸਿੱਧੇ ਟਕਰਾਅ ਵਾਲਾ ਹੋਵੇ।

ਪਰ 1936 ਦੀ ਪਤਝੜ ਰੁੱਤੇ ਉਸ ਪ੍ਰਤੀ ਸੋਵੀਅਤ ਪ੍ਰੈੱਸ ਦੀ ਸੁਰ ਕੁਝ ਤਿੱਖੀ ਹੋ ਗਈ। ਇਹਨਾਂ ਵਰ੍ਹਿਆਂ ਨੂੰ ਯਾਦ ਕਰਦਾ ਉਹ ਵੀਰ ਸਾਲ ਬਾਅਦ ਆਪਣੀਆਂ ਯਾਦਾਂ ਵਿਚ ਲਿਖਦਾ ਹੈ,

"ਇਹ ਵਿਸ਼ੇਸ਼ ਕਰਕੇ 1936 ਦੇ ਨੇੜੇ ਤੇੜੇ ਸੀ, ਜਦੋਂ ਭਿਆਨਕ ਮੁਕੱਦਮੇ ਆਰੰਭ ਹੋਏ, ਤੇ ਮੇਰੇ ਅੰਦਰੋਂ ਸਭ ਕੁਝ ਟੁੱਟ-ਭੱਜ ਗਿਆ ਤੇ ਸਮਿਆਂ ਨਾਲ ਮੇਰੀ ਇਕ ਸੁਰਤਾ, ਵਿਰੋਧਤਾ ਵਿਚ ਬਦਲ ਗਈ, ਜਿਸਨੂੰ ਮੈਂ ਲੁਕਾਇਆ ਨਹੀਂ ਸੀ। ਮੈਂ ਅਨੁਵਾਦਾਂ ਵੱਲ ਪਰਤ ਗਿਆ। ਮੇਰਾ ਆਪਣਾ ਲਿਖਣਾ ਖਤਮ ਹੋ ਗਿਆ" (ਸੋਵੀਅਤ ਸਾਹਿਤ, ਪਾਸਤਰਨਾਕ ਵਿਸ਼ੇਸ਼ ਅੰਕ 1990 ਅੰਕ 511)

ਜਾਣਕਾਰ ਲੋਕ ਦੱਸਦੇ ਹਨ ਕਿ ਕਦੇ ਕਵੀ ਪਾਸਤਰਨਾਕ ਸਟਾਲਿਨ ਦੇ ਏਨਾ ਨੇੜੇ ਸੀ ਕਿ ਸਟਾਲਿਨ ਆਪਣੀ ਲਿਖੀ ਰਾਜਸੀ ਭਾਂਤ ਦੀ ਅੱਲੜ ਕਵਿਤਾ, ਬਿਨਾਂ ਦੱਸੇ, ਰਾਏ ਲੈਣ ਲਈ ਪਾਸਤਰਨਾਕ ਨੂੰ ਭੇਜ ਦਿੰਦਾ ਸੀ, ਪਰ ਪਾਸਤਰਨਾਕ ਡਰਦਾ ਮਾਰਾ, ਉਸ ਬਾਰੇ ਕੋਈ ਵੀ ਠੋਸ ਜਾਂ ਸੰਤੁਲਤ ਰਾਏ ਦੇਣ ਤੋਂ ਟਾਲ-ਮਟੋਲ ਕਰਕੇ, ਜਾਨ ਛੁਡਾਉਂਦਾ ਰਿਹਾ ਸੀ। ਇਹ ਗੱਲ ਲੱਗਦੀ ਤਾਂ ਬੜੀ ਅਜੀਬ ਤੇ ਹਾਸੋਹੀਣੀ ਹੈ ਪਰ ਇਹ ਹਵਾਲਾ, ਇੱਕ ਰੂਸ-ਪੱਖੀ ਪੱਤਿਕਾ ਵਿਚ ਮਿਲਦਾ ਹੈ, ਜਿਸ ਦਾ ਨਾਂ "ਸਪੁਤਨਿਨ" ਸੀ।

ਸਾਨੂੰ ਇਹ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਜਦੋਂ ਕਵੀ ਮੈਂਡਲ ਸਟਾਮ ਗ੍ਰਿਫਤਾਰ ਹੋ ਗਿਆ ਸੀ, ਤਾਂ ਉਸ ਦੀ ਰਿਹਾਈ ਲਈ ਕਵੀ-ਪਾਸਤਰਨਾਕ ਸਿੱਧਾ ਹੀ ਕਾਮਰੇਡ ਸਟਾਲਨ ਕੋਲ ਪਹੁੰਚ ਗਿਆ ਸੀ, ਪਰ ਸਟਾਲਿਨ ਨੇ ਉਸਨੂੰ ਪੁੱਛਿਆ ਸੀ ਕਿ ਤੂੰ ਸੋਵੀਅਤ ਲੇਖਕਾਂ ਦੀ ਜਥੇਬੰਦੀ ਕੋਲ ਕਿਉਂ ਨਹੀਂ ਗਿਆ। ਉਹ ਗੱਲ ਦਾ ਹਵਾਲਾ ਮੈਂਡਲ ਸਟਾਮ ਦੀ ਪਤਨੀ ਆਪਣੀ ਪੁਸਤਕ Hope Against Hope ਵਿਚ ਦਿੰਦੀ ਹੈ। ਇਹਨਾਂ ਘਟਨਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਪਾਸਤਰਨਾਕ ਦੇ ਨਾਵਲ ਡਾ. ਜਿਵਾਗੋ ਨੂੰ ਨੋਬਲ ਪੁਰਸਕਾਰ ਦੇਣ ਦੀ ਘਟਨਾ ਤੋਂ ਪਹਿਲਾਂ ਤੀਕ, ਪਾਸਤਰਨਾਕ ਦੀ ਸਰਕਾਰੇ-ਦਰਬਾਰੇ ਚੰਗੀ ਪੁੱਛ-ਪ੍ਰਤੀਤ ਸੀ।

(5)

ਪਰ ਪਾਸਤਰਨਾਕ ਲਈ ਸੰਕਟ ਉਸ ਸਮੇਂ ਖੜਾ ਹੁੰਦਾ ਹੈ, ਜਦੋਂ ਉਸ ਨੂੰ ਸਵੀਡਨ ਦੀ ਅਕਾਡਮੀ ਵੱਲੋਂ ਉਸ ਦੇ ਲਿਖੇ ਚਲੰਤ ਭਾਂਤ ਦੇ ਇੱਕੋ ਇੱਕ ਨਾਵਲ ਡਾ. ਜਿਵਾਗੋ ਨੂੰ ਕੌਮਾਂਤਰੀ ਨੋਬਲ ਪੁਰਸਕਾਰ ਦਿੱਤਾ ਜਾਂਦਾ ਹੈ। ਇਹ ਪੁਰਸਕਾਰ ਉਕਤ ਨਾਵਲ ਦੇ ਸਾਹਿਤਕ ਮਹੱਤਵ ਕਾਰਨ ਨਹੀਂ ਸੀ ਦਿੱਤਾ

ਗਿਆ, ਸਗੋਂ ਰਾਜਸੀ ਕਾਰਨਾਂ ਕਰਕੇ ਤੇ ਸਾਜ਼ਿਸ਼ੀ ਮਨੋਰਥਾਂ ਨੂੰ ਸਾਹਮਣੇ ਰੱਖ ਕੇ ਦਿੱਤਾ ਗਿਆ ਸੀ, ਤਾਂਕਿ ਸੋਵੀਅਤ ਸਰਕਾਰ ਲਈ ਸੰਕਟ ਪੈਦਾ ਕੀਤਾ ਜਾਵੇ।

1958 ਇਹ ਪੁਰਸਕਾਰ ਕਵੀ ਪਾਸਤਰਨਾਕ ਨੂੰ ਇਹ ਕਹਿੰਦਿਆਂ ਦਿੱਤਾ ਗਿਆ ਸੀ ਕਿ "ਸਮਕਾਲੀ ਸੰਗੀਤਮਈ ਕਵਿਤਾ ਵਿਚ ਅਸਾਧਾਰਨ ਪ੍ਰਾਪਤੀਆਂ ਕਾਰਨ ਅਤੇ ਪਵਿੱਤਰ ਤੇ ਮਹਾਨ ਰੂਸੀ ਵਾਰਤਕ ਦੀਆਂ ਪਰੰਪਰਾਵਾਂ ਨੂੰ ਜਾਰੀ ਰੱਖਣ ਲਈ" ਦਿੱਤਾ ਗਿਆ ਸੀ। ਇਹ ਸਰਾਸਰ ਕੁਫ਼ਰ ਸੀ। ਲੇਖਕ ਨੇ ਇੱਕੋ ਇਕ ਨਾਵਲ ਲਿਖਿਆ ਸੀ, ਜਿਸ ਵਿਚ ਵਾਰਤਕ ਖੇਤਰ ਦੀ ਕੋਈ ਪ੍ਰਾਪਤਾ ਨਹੀਂ ਸੀ ਕੀਤੀ ਗਈ, ਸਗੋਂ ਨਾਵਲ ਨੀਰਸ ਭਾਂਤ ਦੀ ਵਾਰਤਕ ਦਾ ਨਮੂਨਾ ਸੀ। ਜੇ ਕਵੀ ਨੂੰ ਉਸ ਦੇ ਕਿਸੇ ਕਾਵਿ-ਸੰਗ੍ਰਹਿ ਉੱਤੇ ਪੁਰਸਕਾਰ ਦਿੱਤਾ ਜਾਂਦਾ, ਫਿਰ ਬਹੁਤੇ ਪਾਠਕਾਂ ਤੇ ਸੋਵੀਅਤ ਲੇਖਕਾਂ ਨੇ ਸ਼ਾਇਦ ਇਸ ਨੂੰ ਸਵੀਕਾਰ ਕਰ ਲੈਣਾ ਸੀ।

1956 ਵਿਚ ਇਹ ਨਾਵਲ ਮੁਕੰਮਲ ਹੋਣ ਤੋਂ ਬਾਅਦ "ਨੋਵੀਮੀਰ" ਪ੍ਰਸਿੱਧ ਪੱਤ੍ਰਿਕਾ ਦੇ ਸੰਪਾਦਕ ਨੂੰ ਛਪਣ ਲਈ ਪੇਸ਼ ਕੀਤਾ ਗਿਆ ਸੀ। ਉਸ ਪੱਤ੍ਰਿਕਾ ਦੇ ਸੰਪਾਦਕ ਕੇ-ਸਿਮੋਨੋਵ ਨੇ ਇਸ ਨੂੰ ਛਪਣ ਤੋਂ ਇਨਕਾਰ ਕਰ ਦਿੱਤਾ। ਫਿਰ ਲੇਖਕ ਨੇ ਇਹ ਨਾਵਲ ਕਿਸੇ ਇਟਲੀ ਦੇ ਕਿਸੇ ਪ੍ਰਕਾਸ਼ਕ ਨੂੰ ਛਾਪਣ ਲਈ ਲੇਖਕ ਸਭਾ ਦੀ ਆਗਿਆ ਲਏ ਬਗੈਰ ਬਾਹਰ ਭੇਜ ਦਿੱਤਾ। ਉਸ ਦੇ ਛਪਣ ਤੇ ਪੁਰਸਕਾਰ ਮਿਲਣ ਬਾਅਦ ਸੋਵੀਅਤ ਦੇਸ਼ ਵਿਚ ਗੁੱਸੇ ਦੀ ਇੱਕ ਜ਼ਬਰਦਸਤ ਲਹਿਰ ਪੈਦਾ ਹੋ ਗਈ ਤੇ ਸਾਰੇ ਸਾਹਿਤਕ ਹਲਕਿਆਂ ਨੇ ਕਵੀ ਦੇ ਵਿਰੁੱਧ ਕਾਰਵਾਈ ਦੀ ਮੰਗ ਕੀਤੀ। ਲੇਖਕਾਂ ਨੇ ਮੰਗ ਕੀਤੀ ਕਿ ਕਵੀ ਨੂੰ ਗੱਦਾਰੀ ਕਾਰਨ ਦੇਸ਼ ਵਿੱਚੋਂ ਜਲਾਵਤਨ ਕੀਤਾ ਜਾਵੇ। ਲੇਖਕ ਸਭਾ ਦੇ ਅਹੁਦੇਦਾਰਾਂ ਨੇ ਇਸ ਬਾਰੇ ਕਵੀ ਨੂੰ ਸਪੱਸ਼ਟ ਭਾਂਤ ਦੱਸ ਦਿੱਤਾ।

ਹੁਣ ਕਵੀ ਦੇ ਸਾਹਮਣੇ ਸਵਾਲ ਸੀ ਕਿ ਉਹ ਨੋਬਲ ਪੁਰਸਕਾਰ ਨੂੰ ਪ੍ਰਵਾਨ ਕਰੇਗਾ ਜਾਂ ਨਹੀਂ। ਸਾਰੀ ਸਥਿਤੀ ਵੇਖ ਪਾਸਤਰਨਾਕ ਨੂੰ ਇਹ ਪੁਰਸਕਾਰ ਅਪ੍ਰਵਾਨ ਕਰਨਾ ਪਿਆ ਤੇ ਉਸ ਨੂੰ ਇਹ ਲਿਖਣਾ ਪਿਆ ਕਿ

"ਜਦੋਂ ਮੈਂ ਵੇਖਿਆ ਕਿ ਮੇਰੇ ਨਾਵਲ ਦੇ ਵਿਰੁੱਧ ਰਾਜਸੀ ਪ੍ਰਚਾਰ-ਮੁਹਿੰਮ ਇਸ ਹੱਦ ਤੀਕ ਪਹੁੰਚ ਚੁੱਕੀ ਹੈ, ਤਾਂ ਮੈਂ ਅਨੁਭਵ ਕੀਤਾ ਕਿ ਮੈਨੂੰ ਇਹ ਨੋਬਲ ਪੁਰਸਕਾਰ ਲੈਣਾ ਇੱਕ ਰਾਜਸੀ ਕਦਮ ਸੀ, ਜਿਸ ਸਦਕਾ ਇਹ ਭਿਆਨਕ ਸਿੱਟੇ ਨਿਕਲ ਰਹੇ ਹਨ, ਤਾਂ ਮੈਂ ਬਗੈਰ ਕਿਸੇ ਬਾਹਰੀ ਧਕਲ ਦੇ ਆਪਣੀ ਮਰਜ਼ੀ ਨਾਲ ਇਸ ਦੀ ਪ੍ਰਾਪਤੀ ਤੋਂ ਇਨਕਾਰ ਕਰ ਦਿੱਤਾ।"

"ਮੈਂ ਐਨ ਐਸ ਖਰੁਸ਼ਚੋਵ ਨੂੰ ਆਪਣੇ ਪੱਤਰ ਵਿਚ ਲਿਖਿਆ ਕਿ ਮੈਂ ਰੂਸ ਨਾਲ ਆਪਣੇ ਜਨਮ ਦੇ ਸਬੰਧਾਂ ਕਾਰਨ, ਆਪਣੇ ਜੀਵਨ ਅਤੇ ਆਪਣੇ ਕੰਮ ਸਦਕਾ ਜੁੜਿਆ ਹੋਇਆ ਹਾਂ ਤੇ ਮੇਰੇ ਲਈ ਇਹ ਸੋਚਿਆ ਵੀ ਨਹੀਂ ਜਾ ਸਕਦੇ ਕਿ ਮੈਂ ਇਸ ਦੇਸ਼ ਨੂੰ ਤਿਆਗ ਕੇ ਕਿਸੇ ਅਜੀਬ ਧਰਤੀ ਉੱਤੇ ਦੇਸ਼-ਨਿਕਾਲੇ ਦੇ ਰੂਪ ਵਿਚ ਰਹਿ ਸਕਾਂ।"

ਇੰਝ ਸਾਹਿਤਕ ਨੋਬਲ ਪੁਰਸਕਾਰ ਕਮੇਟੀ ਨੇ ਸਿਆਸੀ ਚਾਲਾਂ ਦਾ ਸ਼ਿਕਾਰ ਹੋਣ ਕਾਰਨ ਆਪਣੇ ਸਾਹਿਤਕਾਰ ਨੂੰ ਵੱਡਾ ਖੋਰਾ ਹੀ ਨਾ ਲਾਇਆ, ਸਗੋਂ ਕਵੀ ਪਾਸਤਰਨਾਕ ਲਈ ਵੀ ਨਿਮੋਸ਼ੀ, ਪ੍ਰੇਸ਼ਾਨੀ ਤੇ ਪਰਿਵਾਰ ਜਿੱਲਤ ਪੈਦਾ ਕੀਤੀ।

(6)

ਫਿਰ ਕਈ ਦਹਾਕੇ ਬਾਅਦ ਅਰਥਾਤ ਦਸੰਬਰ 1989 ਵਿਚ ਸਵੀਡਨ ਦੀ ਪੁਰਸਕਾਰ ਕਮੇਟੀ ਨੇ ਪਾਸਤਰਨਾਕ ਦੇ ਲੜਕੇ ਅਵਜੀਨੀ ਨੂੰ ਸਵੀਡਨ ਸੱਦ ਕੇ ਇਹ ਪੁਰਸਕਾਰ ਪ੍ਰਵਾਨ ਕੀਤਾ ਤੇ ਰਸਮੀ ਕਾਰਵਾਈ ਪੂਰੀ ਕਰ ਦਿੱਤੀ।

ਅੱਜ ਅੱਧੀ ਸਦੀ ਬੀਤ ਜਾਣ ਬਾਅਦ ਸੋਵੀਅਤ ਰੂਸ ਦੇ ਸਮੇਂ ਛਾਪੀ ਗਈ ਪਰ ਸਬੰਧਤ ਸਾਹਿਤਕ ਕਾਵਿ-ਪੁਸਤਕ ਵਿਚ ਕਵੀ ਬੋਰਸ ਪਾਸਤਰਨਾਕ ਨੂੰ ਵੱਡੇ ਕਵੀ ਵਜੋਂ ਸਵੀਕਾਰਿਆ ਤੇ ਪੇਸ਼ ਕੀਤਾ ਜਾ



ਰਿਹਾ ਹੈ। ਡਾ. ਜਿਵਾਗੋ ਵਰਗਾ ਘਟੀਆ ਨਾਵਲ ਲਿਖ ਤੇ ਛਾਪ ਕੇ ਪਾਸਤਰਨਾਕ ਨੇ ਸਿਵਾਏ ਕਲੰਕ ਤੋਂ ਕੁਝ ਨਹੀਂ ਸੀ ਖੱਟਿਆ ਤੇ ਨੋਵਲ ਕਮੇਟੀ ਨੇ ਆਪਣੇ ਵੱਕਾਰ ਨੂੰ ਮਿੱਟੀ ਵਿਚ ਮਿਲਾ ਲਿਆ ਸੀ।

ਵਕਤ ਦੇ ਬੀਤਣ ਨਾਲ ਸਾਹਿਤ ਦੇ ਪਾਠਕ ਡਾਜਿਵਾਗੋ ਕਾਂਡ ਨੂੰ ਭੁੱਲ ਚੁੱਕੇ ਹਨ, ਪਰ ਸ਼ਾਇਰ ਵਜੋਂ ਪਾਸਤਰਨਾਕ ਦਾ ਰੁਤਬਾ ਘਟਿਆ ਨਹੀਂ। ਰੂਸੀ ਕਵਿਤਾ ਦੇ ਇਤਿਹਾਸ ਵਿਚ ਉਸ ਦਾ ਸਥਾਨ ਕਾਇਮ-ਦਾਇਮ ਹੈ।

(20-7-2014)

ਫਰਵਰੀ ਮਹੀਨਾ ਪਾਸਤਰਨਾਕ
ਬਸੰਤ ਦੀ ਕਾਲੀ ਰੁੱਤ ਹੈ
ਤੇ ਫਰਵਰੀ ਦਾ ਮਹੀਨਾ
ਆਪਣੀ ਕਲਮ ਉਠਾ
ਰੋਂਦਾ ਹੋਇਆ ਵੀ ਉੱਠ
ਤੇ ਹਉਕੇ ਭਰਦਾ
ਸਿਆਹੀ ਨਾਲ ਕਵਿਤਾਵਾਂ ਲਿਖ।
ਜਦਕਿ ਕਾਲੀ ਬਸੰਤ ਰੁੱਤ ਵਿੱਚ
ਚਿੱਕੜ ਵੀ ਜਲ ਰਿਹਾ ਹੈ।
ਖੜ ਖੜ ਕਰਦੇ ਪਹੀਆਂ ਨਾਲ
ਗਿਰਜੇ ਦੀਆਂ ਵਜਦੀਆਂ
ਘੰਟੀਆਂ ਵਿੱਚੋਂ ਦੀ
ਕਰਾਏ ਤੇ ਲਈ ਬੱਘੀ
ਤੈਨੂੰ ਉੱਥੋਂ ਤੀਕ ਲੈ ਜਾਵੇਗੀ
ਜਿੱਥੇ ਨਗਰ ਖਤਮ ਹੁੰਦਾ ਹੈ
ਤੇ ਜਿੱਥੇ ਮੀਂਹ ਦੇ ਛਰਾਟੇ
ਸਿਆਹੀ ਦੇ ਹੰਝੂਆਂ ਨਾਲੋਂ
ਵੱਧ ਸ਼ੋਰ ਪਾਉਂਦੇ ਹਨ!
ਟਾਹਣੀਆਂ ਨਾਲੋਂ
ਹਜ਼ਾਰਾਂ ਦੀ ਗਿਣਤੀ ਵਿਚ ਟੁੱਟ ਕੇ
ਸੜੀਆਂ ਖਿਲਰੀਆਂ ਨਾਸ਼ਪਤੀਆਂ
ਵਾਂਗ
ਢੋਡਰ ਕਾਂ
ਪੰਘਰਦੀ ਬਰਫ ਵੱਲ ਹੱਲਾ
ਬੋਲਦੇ ਹਨ
ਤੇ ਰੋਂਦੀਆਂ ਅੱਖਾਂ ਵਿੱਚ
ਹੋਰ ਵਧੇਰੇ ਖੁਸ਼ਕ ਉਦਾਸੀ
ਭਰ ਦਿੰਦੇ ਹਨ।
ਥੱਲੇ ਧਰਤੀ ਚਿੱਕੜ ਨਾਲ
ਧੁਆਂਖੀ ਪਈ ਹੈ
ਤੇ ਤੇਜ਼ ਹਵਾ

ਹਵਾ ਕਦੀ, ਸ਼ੋਰ ਪਾਉਂਦੀ
ਲੰਘਦੀ ਹੈ।
ਇਸ ਬੇਤਰਤੀਬੀ ਵਿੱਚ
ਸਾਫ਼ ਗੱਲ ਹੈ
ਹਉਕਿਆਂ ਵਿੱਚੋਂ
ਕਵਿਤਾਵਾਂ ਜਨਮ ਦੀਆਂ ਹਨ।

(1912)


ਸਹਾਇਕ ਪੁਸਤਕ-ਸੂਚੀ

1. ਮੈਕਸਿਮ ਗੋਰਕੀ-ਸੰਗ੍ਰਹਿਕ ਲਿਖਤਾਂ ਜਿਲਦ 10 ਸਾਹਿਤ ਬਾਰੇ, ਪਾਰਗੋਰੈਸ ਪਬਲਿਸ਼ਰਜ਼-1982-ਪੰਨਾ-382
2. ਸੋਵੀਅਤ ਸਾਹਿਤ (ਮਾਸਕ)-ਵਿਸ਼ੇਸ਼ ਅੰਕ ਪਾਸਤਰਨਾਕ ਅੰਕ ਨੰ.-511 1990
3. ਸਵਗਗ ਤੇ ਨਰਕ ਦਰਿਮਿਆਨ-ਇੱਕ ਹਜ਼ਾਰ ਸਾਲ ਦਾ ਕਲਾਤਮਕ ਇਤਿਹਾਸ (ਅੰਗਰੇਜ਼ੀ) ਡਬਲਯੂ. ਬਰੂਸ, ਲਿੰਕੋਲਨ, ਵਾਈਕਿੰਗ 1998
4. ਸੋਵੀਅਤ ਸਾਹਿਤ-ਸਮੱਸਿਆਵਾਂ ਤੇ ਲੋਕ-ਕੇ ਜ਼ੈਲੀਨਸਕੀ ਪਰੋਗਰੈਸ ਪਬਲਿਸ਼ਰਜ਼-ਮਾਸਕੋ-1970
5. ਪੰਜਾਬ ਯੂਰਪੀ ਕਵੀ-ਜੌਹਨ ਪਿਲਿੰਗ-ਪਾਨ ਬੁੱਕਸ-198
6. ਸੋਵੀਅਤ ਰਸ਼ੀਅਨ ਲਿਟਰੇਚਰ (Selection) ਪਰੋਗਰੈਸ ਪਬਲਿਸ਼ਰਜ਼, ਮਾਸਕੋ 1980



*ਫੱਤੂ ਚੱਕ ਡਾ. ਢਿਲਵਾਂ*
*ਜ਼ਿਲ੍ਹਾ-ਕਪੂਰਥਲਾ (144084)*
*ਫੋਨ.-99150-42242*


ਪੁਸਤਕ ਚਰਚਾ :

# ਅਣਵੰਡੇ ਪੰਜਾਬ ਦਾ ਸੱਭਿਆਚਾਰਕ ਦਰਪਣ: ਦੀਜੈ ਬੁਧਿ ਬਿਬੇਕਾ


*ਡਾ. ਅਨਵਰ ਚਿਰਾਗ਼*


ਡਾ. ਸਰਬਜਿੰਦਰ ਸਿੰਘ ਦੁਆਰਾ ਰਚਿਤ ਪੁਸਤਕ 'ਦੀਜੈ ਬੁਧਿ ਬਿਬੇਕਾ' ਇਕ ਮਹੱਤਵਪੂਰਨ ਰਚਨਾ ਹੈ ਜਿਸ ਵਿਚ ਡਾ. ਸੁਰਿੰਦਰਪਾਲ ਸਿੰਘ ਉਬਰਾਏ ਦੇ ਪਰਿਵਾਰਕ ਪਿਛੋਕੜ ਨੂੰ ਪੇਸ਼ ਕੀਤਾ ਗਿਆ ਹੈ। ਡਾ. ਉਬਰਾਏ ਪੰਜਾਬ ਵਿਚ ਹੀ ਨਹੀਂ ਬਲਕਿ ਪੂਰੀ ਦੁਨੀਆਂ ਦੇ ਪੰਜਾਬੀ ਜਗਤ ਵਿਚ ਅੱਜ ਇਕ ਜਾਣਿਆ ਪਛਾਣਿਆ ਨਾਮ ਹੈ। ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਰਾਹੀਂ ਉਹ ਮਾਨਵਤਾ ਦੀ ਜੋ ਸੇਵਾ ਕਰ ਰਹੇ ਹਨ, ਉਸਦੀ ਜਿਤਨੀ ਵੀ ਪ੍ਰਸ਼ੰਸਾ ਕੀਤੀ ਜਾਵੇ, ਘੱਟ ਹੈ। ਡਾ. ਸਰਬਜਿੰਦਰ ਸਿੰਘ ਅਨੁਸਾਰ ਪੁਸਤਕ ਦੇ ਇਸ ਪਹਿਲੇ ਹਿੱਸੇ ਵਿਚ ਦੇਸ਼ ਵੰਡ ਤੱਕ ਦਾ ਵੇਰਵਾ ਹੈ, ਜਿਸ ਵਿਚ ਸੁਰਿੰਦਰਪਾਲ ਸਿੰਘ ਉਬਰਾਏ ਦੇ ਪਰਿਵਾਰ ਦੇ ਪਿਛੋਕੜ ਨੂੰ ਵੇਖਣ ਦਾ ਯਤਨ ਕੀਤਾ ਗਿਆ ਹੈ। ਦੂਜੇ ਹਿੱਸੇ ਵਿਚ ਹਿੰਦੁਸਤਾਨ ਦੀ ਧਰਤੀ 'ਤੇ ਆ ਕੇ ਕੀਤੇ ਸੰਘਰਸ਼ ਤੇ ਗੁਰੂ ਬਖ਼ਸ਼ਿਸ਼ ਤੱਕ ਦਾ ਵੇਰਵਾ ਹੋਵੇਗਾ ?"1

ਇਸ ਪੁਸਤਕ ਵਿਚ ਡਾ. ਉਬਰਾਏ ਦੇ ਉਹਨਾਂ ਵੱਡੇ-ਵਡੇਰਿਆਂ ਦੇ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ ਸਮਝਣ ਅਤੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ ਜਿਨ੍ਹਾਂ ਦੀ ਕੁਲ ਵਿਚੋਂ ਇਕ ਮਹਾਨ ਦਾਨੀ



ਪੁਰਖ ਨੇ ਜਨਮ ਲਿਆ। ਡਾ. ਜਸਪਾਲ ਸਿੰਘ, ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਡਾ. ਉਬਰਾਏ ਦੀ ਸਖ਼ਾਵਤ ਦਾ ਉਲੇਖ ਕਰਦਿਆਂ ਲਿਖਦੇ ਹਨ ਕਿ "ਅਮੀਰਾਨਾ ਬਾਦਸ਼ਾਹਤ ਤੇ ਬਹੁਤਿਆਂ ਕੋਲ ਆ ਜਾਂਦੀ ਹੈ ਪਰ ਦਿਲ ਦੀ ਬਾਦਸ਼ਾਹਤ ਕਿਸੇ ਵਿਰਲੇ ਦੇ ਹੀ ਮਸਤਕ ਦਾ ਭਾਗ ਬਣਦੀ ਹੈ। 'ਤੋਹੀ ਮੋਹੀ ਮੋਹੀ ਤੋਹੀ' ਦਾ ਮਾਰਗ ਬਹੁਤ ਬਿਖੜਾ ਹੈ। ਪਾਰ ਮੰਡਲਾਂ ਦੀ ਇਹ ਸਾਧਨਾ ਕਿਸੇ ਦੇ ਮਸਤਕ ਦਾ ਭਾਗ ਬਣ ਕਦ ਉਸਨੂੰ ਸਰਬ ਸਮਿਆਂ ਲਈ ਅਮਰ ਕਰ ਦੇਵੇ, ਕੋਈ ਨਹੀਂ ਜਾਣ ਸਕਦਾ। ਇਸਨੂੰ ਅਕਾਲ ਪੁਰਖ ਦੀ ਬਖਸ਼ਿਸ਼ ਮੰਨ ਸਿਰ ਝੁਕਾ ਦੇਣਾ ਚਾਹੀਦਾ ਹੈ। ਪਰ ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸੁਰਿੰਦਰਪਾਲ ਸਿੰਘ ਉਬਰਾਏ 'ਤੇ ਇਹ ਰਹਿਮਤ ਹੋ ਚੁੱਕੀ ਹੈ।"2

'ਦੀਜੈ ਬੁਧਿ ਬਿਬੇਕਾ' ਅਣਵੰਡੇ ਪੰਜਾਬ ਦੇ ਉਸ ਯੁੱਗ ਦੀ ਕਹਾਣੀ ਹੈ ਜਦੋਂ ਸਿੱਖ, ਮੁਸਲਿਮ ਤੇ ਹਿੰਦੂ ਸਭ ਆਪਸ ਵਿਚ ਭਰਾਵਾਂ ਵਾਂਗ ਮਿਲ ਜੁਲ ਕੇ ਰਹਿੰਦੇ ਸਨ। ਇਸ ਪੁਸਤਕ ਵਿਚ ਅੰਕਿਤ ਬਿਰਤਾਂਤ ਪਾਕਿਸਤਾਨ ਦੇ ਕੈਮਲਪੁਰ ਲਾਗਲੇ ਪਿੰਡ ਧਰਾਬੀ ਨਾਲ ਸਬੰਧਿਤ ਹੈ। ਡਾ. ਉਬਰਾਏ ਦੇ ਪੜਦਾਦਾ ਤੇਜਾ ਸਿੰਘ, ਦਾਦਾ ਹਰਨਾਮ ਸਿੰਘ ਅਤੇ ਪਿਤਾ ਸ੍ਰ. ਪ੍ਰੀਤਮ ਸਿੰਘ ਇਸ ਪਿੰਡ ਦੇ ਹੀ ਵਸਨੀਕ ਸਨ। ਉਹਨਾਂ ਸਮਿਆਂ 'ਚ ਲੋਕਾਂ ਦੇ ਦੁੱਖ-ਸੁੱਖ ਸਾਂਝੇ ਸਨ। ਧੀਆਂ ਧਿਆਣੀਆਂ ਨੂੰ ਸਾਰੇ ਪਿੰਡ ਦੀ ਇੱਜ਼ਤ ਸਮਝਿਆ ਜਾਂਦਾ ਸੀ। ਲੋਕਾਂ ਦਾ ਜੀਵਨ ਸਾਦਾ ਸੀ, ਸਹੂਲਤਾਂ ਦੀ ਘਾਟ ਸੀ ਪਰੰਤੂ ਫਿਰ ਵੀ ਲੋਕ ਖੁਸ਼ੀ ਨਾਲ ਆਪਣਾ ਜੀਵਨ ਬਤੀਤ ਕਰਦੇ ਸਨ। ਆਪਸੀ ਭਾਈਚਾਰਕ ਸਾਂਝ ਅਤੇ ਨਿੱਕੀਆਂ-ਨਿੱਕੀਆਂ ਖੁਸ਼ੀਆਂ ਦਾ ਨਿੱਘ ਉਹਨਾਂ ਦੀਆਂ ਰੂਹਾਂ ਨੂੰ ਨਸ਼ਿਆਈ ਰੱਖਦਾ ਸੀ।

ਡਾ. ਉਬਰਾਏ ਦਾ ਪੜਦਾਦਾ ਤੇਜਾ ਸਿੰਘ ਪਿੰਡ ਵਿਚ ਖੇਤੀ ਅਤੇ ਸ਼ਾਹੂਕਾਰੇ ਦਾ ਕੰਮ ਕਰਦਾ ਸੀ। ਪਿੰਡ ਵਿਚ ਉਹਨਾਂ ਦੀ ਇਕ ਕਰਿਆਨੇ ਦੀ ਦੁਕਾਨ ਵੀ ਸੀ। ਤੇਜਾ ਸਿੰਘ ਦਾ ਪੁੱਤਰ ਹਰਨਾਮ ਸਿੰਘ ਵੱਡਾ ਹੋਇਆ ਤਾਂ ਉਸਨੇ ਪਿਤਾ ਪੁਰਖੀ ਕੰਮ ਨੂੰ ਬਾਖ਼ੂਬੀ ਸੰਭਾਲ ਲਿਆ। ਤੇਜਾ ਸਿੰਘ ਕੋਲ ਪਿੰਡ ਦੇ ਲੋਕ ਆਪਣੀ ਗਰਜ਼ ਪੂਰੀ ਕਰਨ ਲਈ ਆਉਂਦੇ ਸਨ। ਲੇਖਕ ਅਨੁਸਾਰ, "ਥੁੜ੍ਹਾਂ ਮਾਰੇ ਲੋਕਾਂ ਲਈ ਤੇਜਾ ਸਿਹੁੰ ਇਕੋ ਇਕ ਈ 'ਤੇ ਧਰਵਾਸ ਸੀ ? ਤੇਜਾ ਸਿਹੁ ਦੇ ਘਰ ਸਾਰਾ ਦਿਨ ਚਹਿਲ-ਪਹਿਲ ਰਹਿੰਦੀ... ਇਕ ਆਉਂਦਾ, ਤੇ ਇਕ ਚਲਾ ਜਾਂਦਾ, ਕੀ ਮੁਸਲਮਾਨ, ਕੀ ਸਿੱਖ ਤੇ ਕੀ ਹਿੰਦੂ।"3 ਤੇਜਾ ਸਿੰਘ ਸ਼ਾਹੂਕਾਰ ਭਾਵੇਂ ਲੋਕਾਂ ਨੂੰ ਵਿਆਜ 'ਤੇ ਪੈਸਾ ਦਿੰਦਾ ਸੀ ਪਰੰਤੂ ਫਿਰ ਵੀ ਉਸਦੇ ਸਾਹਾਂ ਵਿਚ ਮਨੁੱਖਤਾ ਦੀ ਮਹਿਕ ਰਚੀ ਹੋਈ ਸੀ। ਰਹੀਮੇ ਨੂੰ ਧੀ ਦੇ ਵਿਆਹ ਲਈ ਉਹ ਵਿਆਜ 'ਤੇ ਪੈਸਾ ਦਿੰਦਾ ਹੈ ਅਤੇ ਨਾਲ ਹੀ ਆਪਣੇ ਵਲੋਂ ਧੀ ਨੂੰ ਨਵਾਂ ਸੂਟ ਲੈ ਕੇ ਦੇਣ ਦੀ ਗੱਲ ਵੀ ਕਰਦਾ ਹੈ ? ਲੇਖਕ ਦੇ ਸ਼ਬਦਾਂ 'ਚ, "ਵਾਪਸ ਮੁੜਨ ਲੱਗੇ ਰਹੀਮੇ ਦੀ ਬਾਂਹ ਫੜ ਕੇ ਉਸਦੇ ਹੱਥ 'ਤੇ ਪੰਜਾਂ ਦਾ ਨੋਟ ਧਰ ਸੇਠ ਬੋਲਦਾ, ਆਹ ਲੈ ਸੋਹਣਾ ਜਿਹਾ ਸੂਟ ਲੈ ਦੇਈਂ ਨਿੱਕੜੋ ਨੂੰ ਮੇਰੇ ਵੱਲੋਂ, ਮੇਰੀ ਵੀ ਤੇ ਧੀ ਈ ਆ ਨਾ। ਇਹ ਸੁਣ ਰਹੀਮੇ ਦੀਆਂ ਅੱਖਾਂ ਵਿਚ ਅੱਥਰੂ ਵਹਿ ਤੁਰਦੇ ਤੇ ਘੁੱਟ ਕੇ ਸੇਠ ਦੇ ਗਲ ਲੱਗ ਬੋਲਦਾ, ਸੁਣ ਲੈ ਵਿਆਹ 'ਚ ਆਉਣਾ ਈ, ਰਹੀਮੇ ਦੀ ਪੱਗ ਉਚੀ ਹੋਊ, ਸਾਹਮਣੇ ਖੜ੍ਹਾ ਹੋਊ ਜਦੋਂ ਸੇਠ ਤੇਜਾ ਸਿਹੁੰ ?"4 ਸਪੱਸ਼ਟ ਹੈ ਕਿ ਅਣਵੰਡੇ ਪੰਜਾਬ ਵਿਚ ਆਪਸੀ ਮੋਹ ਪਿਆਰ ਅਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਬਹੁਤ ਮਜ਼ਬੂਤ ਸਨ।

ਵਿਚਾਰਅਧੀਨ ਪੁਸਤਕ ਵਿਚ ਪ੍ਰੀਤਮ, ਮੋਹਣੇ ਅਤੇ ਚਿਰਾਗੇ ਦੀ ਦੋਸਤੀ ਦਾ ਚਿਤਰਨ ਵਿਸ਼ੇਸ਼ ਰੂਪ 'ਚ ਅਤੇ ਬਹੁਤ ਭਾਵਪੂਰਤ ਰੂਪ 'ਚ ਹੋਇਆ ਹੈ। ਇਹਨਾਂ ਤਿੰਨੋਂ ਦੋਸਤਾਂ ਦੀ ਯਾਦਗਾਰੀ ਫੋਟੋ ਪੁਸਤਕ ਦੇ ਬੈਕ ਟਾਈਟਲ 'ਤੇ ਵੀ ਛਾਪੀ ਗਈ ਹੈ। ਪ੍ਰੀਤਮ ਖਾਂਦੇ ਪੀਂਦੇ ਖੱਤਰੀ ਪਰਿਵਾਰ ਦਾ ਮੁੰਡਾ ਹੈ। ਮੋਹਣਾ ਜੱਟ ਸਿੱਖ ਅਤੇ ਚਿਰਾਗਾ ਮੁਸਲਮਾਨ ਲੁਹਾਰ ਪਰਿਵਾਰ ਨਾਲ ਸਬੰਧ ਰੱਖਦਾ ਹੈ ? ਮੋਹਣਾ ਅਤੇ ਚਿਰਾਗਾ ਭਾਵੇਂ ਆਰਥਿਕ ਪੱਖੋਂ ਕਮਜ਼ੋਰ ਪਰਿਵਾਰਾਂ ਨਾਲ ਸਬੰਧ ਰੱਖਦੇ ਹਨ ਪਰੰਤੂ ਫਿਰ ਵੀ ਆਰਥਿਕ ਪਾੜਾ ਅਤੇ ਅਲੱਗ ਧਰਮ ਹੋਣ ਦੇ ਬਾਵਜੂਦ ਤਿੰਨੋ ਦੋਸਤ ਆਪਸ ਵਿਚ ਭਾਰਾਵਾਂ ਵਾਂਗ ਵਿਚਰਦੇ ਹਨ। ਮਿਲ ਕੇ ਖਾਂਦੇ ਹਨ, ਮਿਲ ਕੇ ਖੇਡਦੇ ਹਨ, ਇਕੱਠੇ ਸ਼ਿਕਾਰ ਕਰਦੇ ਹਨ ਅਤੇ ਇਕ ਦੂਜੇ ਤੋਂ ਜਾਨ

ਵਾਰਦੇ ਹਨ। ਸੱਚੇ ਤੇ ਨਿਰਛਲ ਦੋਸਤਾਂ ਵਾਂਗ ਜੇਕਰ ਕੋਈ ਰੁੱਸ ਜਾਂਦਾ ਹੈ ਤਾਂ ਦੂਜਾ ਉਸਨੂੰ ਮਾਫ਼ੀ ਮੰਗ ਕੇ ਝੱਟ ਮਨਾ ਲੈਂਦਾ ਹੈ ? ਇਹਨਾਂ ਤਿੰਨਾਂ ਦੀ ਦੋਸਤੀ ਇਸ ਗੱਲ ਦੀ ਪ੍ਰਤੀਕ ਹੈ ਕਿ ਤਤਕਾਲੀਨ ਪੰਜਾਬੀ ਸਮਾਜ ਸਾਦਗੀ, ਸੁਹਿਰਦਤਾ ਅਤੇ ਭਾਈਚਾਰਕ ਸਾਂਝਾਂ ਦੇ ਰੰਗ ਵਿਚ ਰੰਗਿਆ ਹੋਇਆ ਸੀ।

ਪ੍ਰੀਤਮ ਨੂੰ ਅਗਲੇਰੀ ਪੜ੍ਹਾਈ ਲਈ ਜਦੋਂ ਕੈਮਲਪੁਰ ਭੇਜਣ ਦਾ ਫ਼ੈਸਲਾ ਹੁੰਦਾ ਹੈ ਤਾਂ ਤੇਜਾ ਸਿੰਘ ਕੈਮਲਪੁਰ ਰਹਿੰਦੇ ਆਪਣੇ ਪੁਰਾਣੇ ਦੋਸਤ ਰਾਮੂ ਬਾਣੀਏ ਦੇ ਗੁਆਂਢ ਵਿਚ ਇਕ ਹਵੇਲੀ ਕਿਰਾਏ ਤੇ ਲੈ ਲੈਂਦਾ ਹੈ। ਰੇੜ੍ਹੇ ਅਤੇ ਘੋੜੀਆਂ 'ਤੇ ਸਾਰਾ ਪਰਿਵਾਰ ਸਮਾਨ ਆਦਿ ਨਾਲ ਲੈ ਕੇ ਕੈਮਲਪੁਰ ਪਹੁੰਚਦਾ ਹੈ। ਮੋਹਣਾ ਅਤੇ ਚਿਰਾਗਾ ਵੀ ਉਹਨਾਂ ਦੇ ਨਾਲ ਜਾਂਦੇ ਹਨ। ਸੇਠਾਣੀ ਚਾਹੁੰਦੀ ਹੈ ਕਿ ਮੋਹਣਾ ਤੇ ਚਿਰਾਗਾ ਕਿਉਂਕਿ ਪ੍ਰੀਤਮ ਦੇ ਦੋਸਤ ਹਨ ਅਤੇ ਉਸਨੂੰ ਛੱਡਣ ਆਏ ਹਨ, ਇਸ ਲਈ ਪਿੰਡ ਪਰਤਣ ਤੋਂ ਪਹਿਲਾਂ ਉਹਨਾਂ ਨੂੰ ਨਵੇਂ ਕੱਪੜੇ ਸੁਆ ਦਿੱਤੇ ਜਾਣ। ਸੇਠਾਣੀ ਤੇਜਾ ਸਿੰਘ ਨੂੰ ਆਖਦੀ ਹੈ, "ਜਾਹ ਬਹਾਰ ਰਾਮੂ ਦੀ ਦੁਕਾਨ ਤੋਂ ਦੋ ਝੱਗਿਆਂ ਦਾ ਕੱਪੜਾ ਪੜਵਾ ਤੇ ਦਰਜੀ ਨੂੰ ਕਹੀਂ ਰਾਤ ਸੀਣਾਂ ਮਾਰ ਸਵੇਰੇ ਸਾਡੇ ਹਵਾਲੇ ਕਰ ਦੇਵੇ।... ਹੋਰ ਸੁਣ ਹਰਨਾਮੇ ਦੇ ਬਾਪੂ, ਦੋ ਪੱਗਾਂ ਵੀ ਫੜ ਲਿਆਵੀਂ ਮੈਂ ਇਹ ਬੋਟ ਜਿਹੇ ਖੁਸ਼ ਕਰਕੇ ਤੋਰਨੇ ਈ ਪਿੰਡ ਨੂੰ ?"5 ਵਿਚਾਰ ਅਧੀਨ ਪੁਸਤਕ ਵਿਚ ਵਰਣਿਤ ਇਹ ਘਟਨਾ ਦਿਲ ਨੂੰ ਛੂਹਣ ਵਾਲੀ ਹੈ। ਇੱਕ ਮਾਂ ਦਾ ਮੋਹਣੇ ਤੇ ਚਿਰਾਗੇ ਨੂੰ ਵੀ ਆਪਣੇ ਬੱਚਿਆਂ ਵਾਂਗ ਹੀ ਪਿਆਰ ਕਰਨਾ ਸਾਡੇ ਅਮੀਰ ਸਭਿਆਚਾਰਕ ਵਿਰਸੇ ਦਾ ਪ੍ਰਤੀਕ ਹੈ ?

ਪਿੰਡ ਦੀ ਧੀ ਪ੍ਰੀਤੋ ਨੂੰ ਜਦੋਂ ਗੁਆਂਢੀ ਪਿੰਡ ਦੇ ਕੁੱਝ ਮੁਸਲਮਾਨ ਮੁਸ਼ਟੰਡੇ ਚੁੱਕ ਕੇ ਲਿਜਾਣ ਦੀ ਕੋਸ਼ਿਸ਼ ਕਰਦੇ ਹਨ ਤਾਂ ਚਾਚੇ ਰਹੀਮੇ ਦੀਆਂ ਅੱਖਾਂ 'ਚ ਖ਼ੂਨ ਉਤਰ ਆਉਂਦਾ ਹੈ। ਆਖਦਾ ਹੈ, 'ਉਏ ਸਦੀਆਂ ਤੋਂ ਇਹੋ ਜਿਹੀ ਘਟਨਾ ਨਾ ਸੁਣੀ ਨਾ ਵੇਖੀ, ਏਹੋ ਜਿਹਾ ਕਹਿਰ ਤੇ ਉਹ ਵੀ ਮੇਰੇ ਪਿੰਡ ਦੀ ਧੀ ਧਿਆਣੀ ਨਾਲ।' ਤੇ ਫਿਰ ਜਦੋਂ ਰਹੀਮਾ ਪ੍ਰੀਤੋ ਨੂੰ ਉਸਦੇ ਘਰ ਛੱਡਣ ਜਾਂਦਾ ਹੈ ਤਾਂ ਬਸੰਤ ਸਿੰਘ ਦੇ ਕੰਨ ਵਿਚ ਆਖਦਾ ਹੈ, 'ਭਾਊ ਜੇਹੀ ਤੇਰੀ ਧੀ, ਤੇਹੀ ਮੇਰੀ ? ਭਾਫ਼ ਨਾ ਨਿਕਲੇ।' ਬਸੰਤ ਸਿੰਘ ਹੰਝੂ ਕੇਰਦਿਆਂ ਆਖਦਾ ਹੈ, "ਰਹੀਮਿਆਂ ! ਤੂੰ ਤੇ ਮੈਨੂੰ ਖਰੀਦ ਲਿਆ... ਮੈਂ ਕਿਤੋਂ ਦਾ ਨਾ ਰਹਿੰਦਾ ਜੇ ਭਾਣਾ ਵਾਪਰ ਜਾਂਦਾ।"6 ਪੁਸਤਕ ਦੀਜੈ ਬੁਧਿ ਬਿਬੇਕਾ' ਵਿਚ ਵਰਣਿਤ ਉਕਤ ਘਟਨਾ ਪਾਠਕਾਂ ਨੂੰ ਵਿਸ਼ੇਸ਼ ਰੂਪ ਵਿਚ ਪ੍ਰਭਾਵਿਤ ਕਰਦੀ ਹੈ। ਕੇਵਲ ਧਰਾਬੀ ਹੀ ਨਹੀਂ, ਅਣਵੰਡੇ ਪੰਜਾਬ ਦੇ ਲਗਭਗ ਹਰ ਪਿੰਡ ਵਿਚ ਹੀ ਅਜਿਹੀਆਂ ਉੱਚਤਮ ਸਭਿਆਚਾਰਕ ਕੀਮਤਾਂ ਵਿਦਮਾਨ ਸਨ ਜਦੋਂ ਪਿੰਡ ਦੀ ਧੀ ਨੂੰ ਸਾਰੇ ਪਿੰਡ ਦੀ ਇੱਜਤ ਸਮਝਿਆ ਜਾਂਦਾ ਸੀ ?

ਪੰਜਾਬੀ ਜਨ-ਜੀਵਨ ਅਤੇ ਸਭਿਆਚਾਰ ਵਿਚ ਪੀਰਾਂ ਫਕੀਰਾਂ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਇਹ ਪ੍ਰਭਾਵ ਮੱਧਕਾਲੀਨ ਯੁੱਗ ਵਿਚ ਵੀ ਵਿਦਮਾਨ ਸੀ ਅਤੇ ਅਜੋਕੇ ਦੌਰ ਵਿਚ ਵੀ ਇਸ ਦਾ ਪ੍ਰਭਾਵ ਨਿਰੰਤਰ ਦਿਖਾਈ ਦੇ ਰਿਹਾ ਹੈ। ਅੱਜ ਵੀ ਪੂਰੇ ਪੰਜਾਬ ਵਿਚ ਸੂਫ਼ੀ ਦਰਵਸ਼ਾਂ ਦੀਆਂ ਦਰਗਾਹਾਂ ਮੌਜੂਦ ਹਨ ਅਤੇ ਸਮੂਹ ਲੋਕਾਈ ਦੀ ਸ਼ਰਧਾ ਦਾ ਕੇਂਦਰ ਬਣੀਆਂ ਹੋਈਆਂ ਹਨ। ਧਰਾਬੀ ਪਿੰਡ ਵਿਚ ਵੀ ਉਸ ਸਮੇਂ ਇਕ ਖ਼ਾਨਗਾਹ ਵਿਦਮਾਨ ਸੀ ਅਤੇ ਉਸ ਖ਼ਾਨਗਾਹ ਵਿਚ ਇਕ ਦਰਵੇਸ਼ ਵੀ ਰਹਿੰਦਾ ਸੀ। ਪਿੰਡ ਦੇ ਸਾਰੇ ਲੋਕ ਇਸ ਖ਼ਾਨਗਾਹ ਦਾ ਸਤਿਕਾਰ ਕਰਦੇ ਸਨ। ਵਿਚਾਰਅਧੀਨ ਪੁਸਤਕ ਵਿਚ ਇਸ ਖ਼ਾਨਗਾਹ ਦਾ ਜ਼ਿਕਰ ਕਈ ਥਾਵਾਂ 'ਤੇ ਹੋਇਆ ਹੈ ਅਤੇ ਅਣਵੰਡੇ ਪੰਜਾਬ ਦੇ ਸਾਂਝੇ ਰੂਹਾਨੀ ਸਭਿਆਚਾਰ ਨੂੰ ਸਾਕਾਰ ਰੂਪ ਵਿਚ ਪ੍ਰਸਤੁਤ ਕਰਦਾ ਹੈ।

ਇਹ ਗੱਲ ਵਿਸ਼ੇਸ਼ ਰੂਪ ਵਿਚ ਮਹੱਤਵਪੂਰਨ ਹੈ ਕਿ ਤੇਜਾ ਸਿੰਘ ਸ਼ਾਹੂਕਾਰ ਦੀ ਕੁੱਲ ਵਿਚ ਇਕ ਦਾਨੀ ਮਹਾਂਪੁਰਸ਼ ਪੈਦਾ ਹੋਣ ਦੀ ਪਸ਼ੀਨਗੋਈ ਧਰਾਬੀ ਪਿੰਡ ਦੀ ਖ਼ਾਨਗਾਹ ਦੇ ਦਰਵੇਸ਼ ਦੁਆਰਾ ਹੀ ਕੀਤੀ ਗਈ ਸੀ। ਦਰਵੇਸ਼ ਦੀ ਪਸ਼ੀਨਗੋਈ ਨਿਸ਼ਚੇ ਹੀ ਸੱਚ ਸਾਬਤ ਹੋਈ ਹੈ ? ਲੇਖਕ ਦੇ ਸ਼ਬਦਾਂ 'ਚ, "ਸੇਠ ਤੇਜਾ ਸਿਹੁੰ ਨੇ ਸਾਰੇ ਪਿੰਡ ਦਾ ਗੇੜਾ ਲਾਇਆ, ਜਿੱਧਰ ਵੀ ਜਾਂਦਾ ਹੱਥੀਂ ਛਾਵਾਂ ਹੁੰਦੀਆਂ, ਘੁੰਮਦਾ ਘੁਮਾਉਂਦਾ ਉਹ ਖ਼ਾਨਗਾਹ ਜਾ ਪਹੁੰਚਿਆ ਤੇ ਦਰਵੇਸ਼ ਅੱਗੇ ਹੱਥ ਜੋੜ ਦਿੱਤੇ ? ਦਰਵੇਸ਼



ਹਲਕਾ ਜਿਹਾ ਮੁਸਕਰਾਇਆ ਤੇ ਬੋਲਿਆ, ਸੇਠਾ ਦੁਨੀਆਂ 'ਚ ਗੱਲਾਂ ਹੋਣਗੀਆਂ ਤੇਰੀ ਕੁਲ ਦੀਆਂ, ਦੁਨੀਆਂ 'ਚ ਹਾਤਮ ਤਾਈ ਜੰਮੇਗਾ ਤੇਰੀ ਕੁਲ 'ਚ, ਸੇਠਾ ਹਾਤਮ ਤਾਈ, ਯਾਦ ਰੱਖੀਂ ਇਕ ਗੱਲ ਬੱਸ 'ਸ' ਤੇ ਨਾਂ ਰੱਖੀਂ।"7 ਜ਼ਾਹਿਰ ਹੈ ਕਿ ਅੱਜ ਡਾ. ਸੁਰਿੰਦਰਪਾਲ ਸਿੰਘ ਉਬਰਾਏ ਜੋ ਮਨੁੱਖਤਾ ਦੀ ਸੇਵਾ ਕਰ ਰਹੇ ਹਨ, ਉਸ ਵਿਚ ਧਰਾਬੀ ਪਿੰਡ ਦੇ ਉਸ ਦਰਵੇਸ਼ ਦੀਆਂ ਦੁਆਵਾਂ ਵੀ ਸ਼ਾਮਲ ਹਨ।

ਪੁਸਤਕ 'ਦੀਜੈ ਬੁਧਿ ਬਿਬੇਕਾ' ਦੇ ਆਖ਼ਰੀ ਪੰਨਿਆਂ ਵਿਚ ਪੰਜਾਬ ਵੰਡ ਦੇ ਦੁਖਾਂਤ ਨੂੰ ਪੇਸ਼ ਕੀਤਾ ਗਿਆ ਹੈ ? ਅੰਗਰੇਜ਼ਾਂ ਨੇ ਪੰਜਾਬੀਆਂ ਦੇ ਦਿਲਾਂ ਵਿਚ ਨਫ਼ਰਤਾਂ ਦਾ ਅਜਿਹਾ ਬੀਜ ਬੀਜਿਆ ਕਿ ਸਦੀਆਂ ਤੋਂ ਭਰਾਵਾਂ ਵਾਂਗ ਮਿਲ-ਜੁਲ ਕੇ ਰਹਿੰਦੇ ਲੋਕ ਇਕ ਦੂਜੇ ਦੀ ਜਾਨ ਦੇ ਦੁਸ਼ਮਣ ਬਣ ਗਏ। ਲੇਖਕ ਅਨੁਸਾਰ, "ਅੰਗਰੇਜ਼ਾਂ ਨੇ ਹਿੰਦੁਸਤਾਨ ਛੱਡ ਜਾਣ ਦਾ ਮਨ ਬਣਾ ਲਿਆ ਸੀ। ਬਸ਼ੱਕ ਉਨ੍ਹਾਂ ਨੇ ਪੂਰੀ ਤਰ੍ਹਾਂ ਇਸ ਦੇਸ਼ ਨੂੰ ਕੰਗਾਲੀ ਦੇ ਕੰਗਾਰ 'ਤੇ ਖੜ੍ਹਾ ਕਰ ਦਿੱਤਾ ਸੀ, ਪਰ ਉਹ ਕਿਸੇ ਵੀ ਤਰ੍ਹਾਂ ਦਾ ਖ਼ਤਰਾ ਮੁੱਲ ਨਹੀਂ ਸਨ ਲੈਣਾ ਚਾਹੁੰਦੇ। ਇਹਨਾਂ ਦਾ ਕੀ ਪਤਾ ਮਤੇ ਕੱਲ੍ਹ ਨੂੰ ਵਲਾਇਤ ਨਾਲ ਮੱਥਾ ਲਾ ਲੈਣ। ਹਿੰਦੁਸਤਾਨ ਦਾ ਨੇਸਤੋ-ਨਾਬੂਤ ਹੋਣਾ ਹੀ ਵਲਾਇਤ ਦੀ ਭਲਾਈ ਸੀ। ਪਤਾ ਨਹੀਂ ਕਿਹੋ ਜਿਹੀ ਚੰਗਿਆਰੀ ਲੋਕਾਂ ਦੇ ਦਿਲ ਵਿਚ ਫੂਕੀ ਕਿ ਵੇਖਦੇ ਹੀ ਵੇਖਦੇ ਹਿੰਦੁਸਤਾਨ ਤਬਾਹੀ ਦਾ ਮੰਜ਼ਰ ਬਣ ਗਿਆ। ਸਦੀਆਂ ਤੋਂ ਇਕ ਰੂਹ ਇਕ ਜਾਨ ਹੋ ਕੇ ਰਹਿ ਰਹੇ ਲੋਕ ਇਕ ਦੂਜੇ ਦੀ ਜਾਨ ਦੇ ਦੁਸ਼ਮਣ ਬਣ ਗਏ।"8

ਪੰਜਾਬ ਵੰਡ ਦਾ ਦੁਖਾਂਤ ਸਾਡੇ ਇਤਿਹਾਸ ਦੀ ਇਕ ਅਜਿਹੀ ਦਰਦਨਾਕ ਘਟਨਾ ਹੈ ਜਿਸ ਬਾਰੇ ਪੜ੍ਹ ਸੁਣ ਕੇ ਅੱਜ ਵੀ ਦਿਲ ਉਦਾਸ ਹੋ ਜਾਂਦਾ ਹੈ। ਪਰ ਇਸ ਕਾਲੇ ਦੌਰ ਵਿਚ ਵੀ ਏਧਰਲੇ ਅਤੇ ਓਧਰਲੇ ਦੋਵਾਂ ਪੰਜਾਬਾਂ ਵਿਚ ਕੁਝ ਲੋਕਾਂ ਨੇ ਇਨਸਾਨੀਅਤ ਦਾ ਪੱਲਾ ਨਹੀਂ ਛੱਡਿਆ। ਅਜਿਹੇ ਪਿੰਡਾਂ ਵਿਚੋਂ ਇਕ ਪਿੰਡ ਧਰਾਬੀ ਵੀ ਸੀ। ਡਾ. ਸਰਬਜਿੰਦਰ ਸਿੰਘ ਅਨੁਸਾਰ, "ਧਰਾਬੀ ਦੇ ਮੁਸਲਮਾਨਾਂ ਨੇ ਇਹ ਅਹਿਸਾਸ ਕਰਵਾ ਦਿੱਤਾ ਸੀ ਕਿ ਅਜੇ ਵੀ ਧਰਤੀ 'ਤੇ ਇਨਸਾਨ ਹਨ। ਤੇ ਇਨਸਾਨਾਂ ਦੇ ਹੁੰਦਿਆਂ ਹੈਵਾਨ ਇਨਸਾਨੀਅਤ ਦਾ ਘਾਣ ਨਹੀਂ ਕਰ ਸਕਦੇ। ਧਰਾਬੀ ਦੇ ਮੁਸਲਮਾਨਾਂ ਦੀ ਇਸ ਬਹਾਦਰੀ ਦੀਆਂ ਗੱਲਾਂ ਦੂਰ-ਦੂਰ ਤੱਕ ਲੈ ਗਈਆਂ। ਨੇੜੇ ਤੇੜੇ ਦੇ ਸਿੱਖ ਹਿੰਦੂ ਪਰਿਵਾਰ ਧਰਾਬੀ ਵਿਚ ਜੁੜ ਗਏ... ? ਉਸ ਤੋਂ ਬਾਅਦ ਫਿਰ ਧਰਾਬੀ ਵੱਲ ਮੂੰਹ ਕਰਨਾ ਹੀ ਕੀਹਨੇ ਸੀ। ਪਰ ਛੱਡਣਾ ਤਾਂ ਪੈਣਾ ਈ ਸੀ ਤੇ ਤੁਰਨਾ ਪੈਣਾ ਸੀ ਬੇਗਾਨੇ ਮੁਲਕ, ਇਹ ਸੱਚ ਹੁਣ ਕਿਸੇ ਤੋਂ ਗੁੱਝਾ ਵੀ ਨਹੀਂ ਸੀ ਰਿਹਾ ?"9 ਇਸ ਤਰ੍ਹਾਂ ਗੁਜ਼ਰ ਰਹੇ ਇਹਨਾਂ ਕਾਲੇ ਸਮਿਆਂ ਵਿਚ ਵੀ ਧਰਾਬੀ ਦੇ ਲੋਕਾਂ ਨੇ ਮਨੁੱਖ ਨੂੰ ਮਨੁੱਖਤਾ ਦਾ ਅਜਿਹਾ ਅਜ਼ੀਮ ਪੈਗ਼ਾਮ ਦਿੱਤਾ ਜਿਸਨੂੰ ਆਉਣ ਵਾਲੇ ਸਮਿਆਂ ਵਿਚ ਵੀ ਪ੍ਰੇਰਣਾ ਅਤੇ ਕਦਰ ਦੀ ਨਜ਼ਰ ਨਾਲ ਦੇਖਿਆ ਜਾਵੇਗਾ।

ਧਰਾਬੀ ਪਿੰਡ ਦੇ ਸਿੱਖ ਅਤੇ ਹਿੰਦੂ ਪਰਿਵਾਰ ਜਦੋਂ ਘਰ-ਬਾਰ ਤੇ ਆਪਣਾ ਸਭ ਕੁੱਝ ਛੱਡ-ਛਡਾਅ ਕੇ ਇਕ ਵਿਸ਼ੇਸ਼ ਟਰੱਕ ਰਾਹੀਂ ਭਾਰਤ ਆਉਣ ਲੱਗਦੇ ਹਨ ਤਾਂ ਪੂਰੇ ਪਿੰਡ ਦੀ ਜਿਵੇਂ ਰੂਹ ਕੁਰਲਾ ਉਠਦੀ ਹੈ। ਤੇਜਾ ਸਿੰਘ ਭਰੀ ਪੰਚਾਇਤ 'ਚ ਘਰ ਦੀ ਚਾਬੀ ਰਹੀਮੇ ਦੇ ਪੁੱਤ ਅਤੇ ਪ੍ਰੀਤਮ ਦੇ ਦੋਸਤ ਚਿਰਾਗੇ ਨੂੰ ਫੜਾ ਦਿੰਦਾ ਹੈ। ਚਿਰਾਗਾ ਉਚੀ ਉਚੀ ਧਾਹਾਂ ਮਾਰ ਕੇ ਰੋਣ ਲੱਗਦਾ ਹੈ, "ਬਾਬਾ ਇਹ ਕੀ ਹੋ ਗਿਆ, ਓਏ ਬਾਬਾ ਚਿਰਾਗਾ ਮਰ ਗਿਆ, ਲੋਕੋ ਚਿਰਾਗਾ ਮਰ ਗਿਆ... ? ਮੇਰੀਆਂ ਬਾਹਾਂ ਭੱਜ ਗਈਆਂ ਉਏ ? ਟਰੱਕਾਂ ਦੀ ਅਵਾਜ਼ ਵਿਚ ਚਿਰਾਗੇ ਦੀਆਂ ਅਵਾਜ਼ਾਂ ਦਬ ਕੇ ਰਹਿ ਗਈਆਂ ? ਸਾਰਾ ਪਿੰਡ ਜਿੱਥੇ ਵੀ ਖਲੋਤਾ ਸੀ, ਖਲੋਤੇ ਦਾ ਖਲੋਤਾ ਈ ਰਹਿ ਗਿਆ ? ਪਿੰਡ ਵਿਚ ਡਾਇਣ ਫਿਰ ਗਈ ਸੀ ? ਧਰਾਬੀ ਖੰਡਰ ਹੋ ਗਿਆ ਸੀ ਖੰਡਰ, ਉਜਾੜ ਬੀਆਬਾਨ... ?"10 ਲੇਖਕ ਨੇ ਆਪਣੀ ਧਰਤੀ ਤੋਂ ਟੁੱਟਣ ਦੇ ਇਸ ਦਰਦਨਾਕ ਦ੍ਰਿਸ਼ ਨੂੰ ਬਹੁਤ ਸੰਜਮ ਅਤੇ ਪ੍ਰਭਾਵਸ਼ਾਲੀ ਰੂਪ ਵਿਚ ਪੇਸ਼ ਕੀਤਾ ਹੈ। ਇਸ ਪੁਸਤਕ ਦੇ ਅਧਿਐਨ ਤੋਂ ਬਾਅਦ ਇਸ ਗੱਲ ਦਾ ਅਹਿਸਾਸ ਵੀ ਬਹੁਤ ਸ਼ਿੱਦਤ ਨਾਲ ਹੁੰਦਾ ਹੈ ਕਿ ਵੰਡ ਕਾਰਨ ਕੇਵਲ ਪੰਜਾਬ ਦੀ ਧਰਤੀ ਹੀ ਟੁਕੜਿਆਂ 'ਚ ਨਹੀਂ ਵੰਡੀ ਗਈ ਬਲਕਿ ਅਸੀਂ ਹੋਰ ਵੀ ਬਹੁਤ

ਕੁਝ ਗੁਆ ਲਿਆ ਹੈ ?

ਇਹ ਪੁਸਤਕ ਭਾਵੇਂ ਮੂਲ ਰੂਪ 'ਚ ਇਕ ਪਰਿਵਾਰ ਦੀ ਜੀਵਨੀ ਹੈ ਪਰੰਤੂ ਫਿਰ ਵੀ ਇਹ ਆਮ ਲਿਖੀਆਂ ਜਾਣ ਵਾਲੀਆਂ ਜੀਵਨੀਆਂ ਤੋਂ ਵੱਖਰੀ ਹੈ। ਲੇਖਕ ਨੇ ਤੱਥ-ਗਤ ਵੇਰਵਿਆਂ 'ਤੇ ਆਧਾਰਿਤ ਇਸ ਜੀਵਨੀ ਨੂੰ ਗਾਲਪਨਿਕ ਰੂਪ ਵਿਚ ਪੇਸ਼ ਕੀਤਾ ਹੈ ? ਇਸ ਤਰ੍ਹਾਂ ਜੀਵਨੀ ਸਾਹਿਤ ਨਾਲ ਸਬੰਧਿਤ ਹੁੰਦਿਆਂ ਹੋਇਆਂ ਵੀ ਇਹ ਰਚਨਾ ਨਾਵਲੀ ਗੁਣਾਂ ਦੀ ਧਾਰਨੀ ਹੋ ਨਿੱਬੜੀ ਹੈ ? ਇਹ ਨਾਵਲੀ ਗੁਣ ਇਸ ਨੂੰ ਵਿਲੱਖਣ ਪਛਾਣ ਵੀ ਪ੍ਰਦਾਨ ਕਰਦੇ ਹਨ ਅਤੇ ਰੌਚਿਕਤਾ ਦੇ ਨਾਲ ਵੀ ਸਰਸ਼ਾਰ ਕਰਦੇ ਹਨ ? ਭਾਸ਼ਾਈ ਸਾਦਗੀ ਅਤੇ ਕਾਵਿਕ ਹੁਸਨ ਨਾਲ ਲਬਰੇਜ਼ ਇਹ ਪੁਸਤਕ ਪਾਠਕ ਨੂੰ ਧੁਰ ਅੰਦਰੋਂ ਆਪਣੇ ਨਾਲ ਤੋਰਨ ਦੀ ਸਮਰੱਥਾ ਰੱਖਦੀ ਹੈ ? ਇਸ ਦੀ ਰਚਨਾ ਕਿਉਂਕਿ ਦਿਲ ਨਾਲ ਹੋਈ ਹੈ, ਇਸ ਲਈ ਇਹ ਸਿੱਧਾ ਦਿਲਾਂ 'ਤੇ ਅਸਰ ਕਰਦੀ ਹੈ ? ਇਹ ਪੁਸਤਕ ਕੇਵਲ ਡਾ. ਉਬਰਾਏ ਦੇ ਪਰਿਵਾਰ ਦੀ ਕਹਾਣੀ ਬਿਆਨ ਕਰਨ ਤੱਕ ਹੀ ਸੀਮਤ ਨਹੀਂ ਬਲਕਿ ਇਸ ਪਰਿਵਾਰ ਦੀ ਕਹਾਣੀ ਰਾਹੀਂ ਇਸ ਵਿਚ ਅਣਵੰਡੇ ਪੰਜਾਬ ਦੇ ਸਾਂਝੇ ਲੋਕ ਜੀਵਨ ਅਤੇ ਪੇਂਡੂ ਸਭਿਆਚਾਰ ਦਾ ਇਕ ਵਿਸ਼ਾਲ ਦ੍ਰਿਸ਼ ਪੇਸ਼ ਹੋਇਆ ਹੈ ? ਇਸ ਤਰ੍ਹਾਂ ਪੁਸਤਕ "ਦੀਜੈ ਬੁਧਿ ਬਿਬੇਕਾ" ਨੂੰ ਪੰਜਾਬੀ ਸਾਹਿਤ ਅਤੇ ਵਿਸ਼ੇਸ਼ ਕਰਕੇ ਪੰਜਾਬੀ ਜੀਵਨੀ ਸਾਹਿਤ ਦੀ ਮਾਣਯੋਗ ਪ੍ਰਾਪਤੀ ਕਿਹਾ ਜਾ ਸਕਦਾ ਹੈ ?

*ਪਤਾ: ਅਸਿਸਟੈਂਟ ਪ੍ਰੋਫੈਸਰ,*
*ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰਜਾਬ)।*
*ਸੰਪਰਕ: 094171-24170*

*ਕਹਾਣੀ*

# ਸੁੰਨ-ਮਸਾਣ

*ਡਾ. ਜਸਵੰਤ ਰਾਏ*

ਬ੍ਰਹਮਜੀਤ ਅਤੇ ਰਾਮ ਪਿਆਰੀ ਹਾਲੇ ਰਾਤ ਨੂੰ ਰੋਟੀ ਖਾਣ ਈ ਲੱਗੇ ਸਨ ਕਿ ਪਾਰੇ ਵਾਂਗ ਡੋਲਦਾ ਸੌਰਵ ਗੇਟ ਦਾ ਅਰਲ ਖੋਲ੍ਹ ਕੇ ਅੰਦਰ ਆ ਗਿਆ।ਲਾਬੀ ਵਿਚ ਡਹੇ ਦੀਵਾਨ ਤੇ ਧੜੰਮ ਕਰਦਾ ਢਹਿ ਪਿਆ ਤੇ ਆਪ ਮੁਹਾਰਾ ਬੋਲਣ ਲੱਗਾ।

"ਤੁਸੀਂ ਕਹਿੰਦੇ ਮਰ ਗਿਆ ਹੋਣੈ ਕੰਜਰ।ਮੈਂ ਤਾਂ ਸਾਲ਼ਿਓ ਥੋਨੂੰ ਸਾਰਿਆਂ ਨੂੰ ਮਾਰ ਕੇ ਮਰੂੰ।ਮੇਰਾ ਕੋਈ ਕੁਛ ਨੀ ਲਗਦਾ।ਮੈਂ ਆਪ ਵੀ ਤਬਾਹ ਹੋ ਗਿਆਂ ਤੇ ਥਾਡਾ ਵੀ ਸਾਰਾ ਕੁਛ ਤਬਾਹ ਕਰ ਦੇਣੈ।" ਗਾਲ਼ਾਂ ਕੱਢਦੇ ਦੀ ਪਤਾ ਨੀ ਕਦੋਂ ਅੱਖ ਲੱਗ ਗਈ।"

ਰਾਮ ਪਿਆਰੀ ਹੁਰਾਂ ਦੀਆਂ ਜਿੱਦਾਂ ਪੱਕੀਆਂ ਸੀ ਉੱਦਾਂ ਈ ਰਹਿ ਗਈਆਂ।ਬ੍ਰਹਮਜੀਤ ਕੰਬਲ਼ੀ ਦੀ ਬੁੱਕਲ਼ ਮਾਰ ਕੇ ਹਵੇਲੀ ਵੱਲ ਨੂੰ ਹੋ ਤੁਰਿਆ।ਰਾਮ ਪਿਆਰੀ ਨੇ ਰੋਟੀਆਂ ਖੱਦਰ ਦੇ ਪੋਣੇ 'ਚ ਵਲੇਟ ਕੇ ਛਾਬੇ 'ਚ ਰੱਖ ਦਿੱਤੀਆਂ।ਕੌਲੀਆਂ 'ਚ ਪਾਈ ਗੋਭੀ ਦੀ ਸਬਜੀ ਪਤੀਲੀ 'ਚ ਉਲੱਦ ਦਿੱਤੀ।ਭਾਂਡੇ ਉੱਥੇ ਈ ਛੱਡ ਕੇ ਆਪ ਅੰਦਰ ਜਾ ਕੇ ਫਰਸ਼ ਤੇ ਈ ਲੰਮੀ ਪੈ ਗਈ।ਕਈ ਚਿਰ ਸੋਚਦੀ ਰਹੀ।ਫਿਰ ਪਤਾ ਨੀ ਉਸਦੇ ਮਨ 'ਚ ਕੀ ਆਇਆ ਉੱਠ ਕੇ ਬਾਹਰ ਲਾਬੀ 'ਚ ਡਿੱਠੇ ਦੀਵਾਨ ਤੇ ਪਏ ਸੌਰਵ ਕੋਲ਼ ਕੁਰਸੀ ਡਾਹ ਕੇ ਬੈਠ ਗਈ।ਆਪਣੇ ਸੱਜੇ ਹੱਥ ਦੀਆਂ ਉਂਗਲਾਂ ਉਸਦੇ ਸਿਰ 'ਚ ਉਵੇਂ ਫੇਰਨ ਲੱਗੀ ਜਿਵੇਂ ਨਿੱਕੇ ਹੁੰਦੇ ਨੂੰ ਸੁਆਉਣ ਸਮੇਂ ਲਾਡ ਲਡਾਉਂਦੀ ਹੁੰਦੀ ਸੀ।

ਸੌਰਵ ਨੂੰ ਪਿਆਰ ਜਤਾਉਂਦਿਆਂ ਰਾਮ ਪਿਆਰੀ ਦੀਆਂ ਸੋਚਾਂ ਦੀ ਲੜੀ ਸੌਰਵ ਦੇ ਬਚਪਨ ਨਾਲ ਜਾ ਜੁੜੀ।ਤਿੰਨ ਦਹਾਕੇ ਹੋ ਗਏ ਸਨ ਰਾਮ ਪਿਆਰੀ ਦੀ ਸ਼ਾਦੀ ਨੂੰ।ਸ਼ਾਦੀ ਤੋਂ ਬਾਅਦ ਰਾਮ ਪਿਆਰੀ ਅਤੇ ਬ੍ਰਹਮਜੀਤ ਨੇ ਬੱਚੇ ਬਾਰੇ ਜਿਆਦਾ ਤਵੱਜੋਂ ਨਾ ਦਿੱਤੀ।ਇਸ ਲਈ ਇਕੱਠੇ ਹੋਣ ਤੋਂ ਪਹਿਲਾਂ



ਉਹ ਕਈ ਤਰ੍ਹਾਂ ਦੇ ਓਹੜ ਪੋਹੜ ਕਰਦੇ ਰਹੇ।ਸਾਲ ਕੁ ਬਾਅਦ ਜਦੋਂ ਬੇਬੇ ਅਤੇ ਆਂਡਣਾਂ-ਗੁਆਂਢਣਾਂ ਤੀਰ ਛੱਡਣ ਲੱਗੀਆਂ ਤਾਂ ਬ੍ਰਹਮਜੀਤ ਮਰਦਾਨਗੀ ਦਿਖਾਉਣ ਲਈ ਕਾਹਲਾ ਪੈਣ ਲੱਗਿਆ।ਜਿਉਂ ਘੜੀ ਦਾ ਖੁੰਝਿਆ ਕੋਹਾਂ ਤੇ ਜਾ ਪੈਂਦਾ ਹੈ।ਇਹਨਾਂ ਨਾਲ ਵੀ ਇਉਂ ਹੀ ਹੋਈ।ਹਸਪਤਾਲਾਂ ਦੇ ਚੱਕਰ ਕੱਟਦਿਆਂ ਅਤੇ ਸੌ-ਸੌ ਸੁੱਖਾਂ ਸੁਖਦਿਆਂ ਸੱਤਾਂ ਸਾਲਾਂ ਬਾਅਦ ਸੌਰਵ ਦਾ ਮੂੰਹ ਦੇਖਿਆ।

ਸੌਰਵ ਘਰ ਵਿਚ ਬੜੀ ਖੁਸ਼ੀ ਲੈ ਕੇ ਆਇਆ।ਘਰ ਖੁਸ਼ੀਆਂ ਨਾਲ ਨੱਕੋ-ਨੱਕ ਭਰ ਗਿਆ ਸੀ।ਸਾਰਾ ਟੱਬਰ ਸੌਰਵ ਨੂੰ ਰੱਜ-ਰੱਜ ਲਾਡ ਲਡਾਉਂਦਾ।ਉਸਦਾ ਜਿਆਦਾ ਸਮਾਂ ਇੱਕ ਦੂਜੇ ਦੀ ਗੋਦ ਵਿਚ ਹੀ ਬੀਤਦਾ ।ਤਿੰਨ ਸਾਲ ਬਾਅਦ ਸੌਰਵ ਦਾ ਸਾਥ ਦੇਣ ਲਈ ਨਿੱਕੀ ਜਾਨ ਗੌਰਵ ਦੀ ਵੀ ਘਰ ਵਿਚ ਆਮਦ ਹੋ ਗਈ।ਹੁਣ ਮੀਆਂ ਬੀਬੀ ਆਪਣੇ ਪਰਿਵਾਰ ਨੂੰ ਸੰਪੂਰਨ ਸਮਝਦੇ ਸੀ।ਕੋਈ ਵੀ ਦਰ ਅਜਿਹਾ ਨਹੀਂ ਹੋਣਾ ਜਿੱਥੇ ਰਾਮਪਿਆਰੀ ਅਤੇ ਬ੍ਰਹਮਜੀਤ ਨੇ ਜਾ ਕੇ ਦੋਹਾਂ ਜੀਆਂ ਦੀ ਸੁਖ ਨਾ ਉਤਾਰੀ ਹੋਵੇ।

ਸੌਰਵ ਅਤੇ ਗੌਰਵ ਨੂੰ ਸ਼ਹਿਰ ਦੇ ਸਭ ਤੋਂ ਵਧੀਆ ਸਕੂਲ ਵਿਚ ਪੜ੍ਹਨੇ ਪਾਇਆ ਗਿਆ।ਰਾਮ ਪਿਆਰੀ ਦਾ ਕੰਮ ਹੁਣ ਪਹਿਲਾਂ ਨਾਲੋਂ ਕਈ ਗੁਣਾਂ ਵੱਧ ਗਿਆ ਸੀ।ਘਰ ਦਾ ਰੋਟੀ ਟੁਕ, ਝਾੜ-ਪੂੰਝ, ਬੱਚਿਆਂ ਨੂੰ ਸਕੂਲ਼ ਲਈ ਤਿਆਰ ਕਰਨਾ ਅਤੇ ਆਪ ਸਕੂਲ ਜਾਣ ਲਈ ਤਿਆਰ ਹੋਣਾ ਬਹੁਤ ਕੰਮ ਸੀ।ਸਵੇਰੇ ਸਵੇਰੇ ਤਿੰਨ ਚਾਰ ਘੰਟੇ ਉਸਦੀ ਅੱਡੀ ਧਰਤੀ ਤੇ ਨਾ ਲਗਦੀ।ਕਈ ਵਾਰ ਤਾਂ ਸੁੱਚੇ ਮੂੰਹ ਈ ਸਕੂਲ ਜਾਣਾ ਪੈਂਦਾ।ਬ੍ਰਹਮਜੀਤ ਨੂੰ ਖੇਤੀ ਦੇ ਕੰਮ ਤੋਂ ਵਿਹਲ ਨਾ ਮਿਲਦੀ।

ਰਾਮ ਪਿਆਰੀ ਨਹੀਂ ਸੀ ਚਾਹੁੰਦੀ ਕਿ ਉਸਦੇ ਪੁੱਤਰ ਵੀ ਵੱਡੇ ਹੋ ਕੇ ਖੇਤੀ ਦੇ ਕੰਮ ਵਿਚ ਮਿੱਟੀ ਨਾਲ ਮਿੱਟੀ ਹੋਏ ਰਹਿਣ।ਉਸਦੇ ਸੁਪਨੇ ਬਹੁਤ ਉੱਚੇ ਸਨ।ਉਹ ਅਪਣੇ ਪੁੱਤਰਾਂ ਨੂੰ ਵੱਡੀਆਂ ਕੁਰਸੀਆਂ ਤੇ ਦੇਖਣਾ ਚਾਹੁੰਦੀ ਸੀ।ਸੌਰਵ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ।ਬਾਰ੍ਹਵੀਂ ਤੱਕ ਹਰ ਜਮਾਤ ਉਸਨੇ ਅੱਵਲ ਰਹਿ ਕੇ ਪਾਸ ਕੀਤੀ।ਪੜ੍ਹਾਈ ਅਤੇ ਖੇਡਾਂ ਵਿਚ ਮਾਰੀਆਂ ਮੱਲਾਂ ਸਦਕਾ ਉਸਦੇ ਘਰ ਦੀਆਂ ਅੰਗੀਠੀਆਂ ਇਨਾਮਾਂ ਸਨਮਾਨਾਂ ਨਾਲ ਭਰੀਆਂ ਪਈਆਂ ਸਨ।ਗੌਰਵ ਪੜ੍ਹਾਈ ਵਿਚ ਔਸਤਨ ਹੀ ਸੀ।ਸ਼ੁਰੂ ਤੋਂ ਹੀ ਉਸਦਾ ਜਿਆਦਾ ਧਿਆਨ ਆਪਣੇ ਪਿਤਾ ਜੀ ਨਾਲ ਖੇਤੀ-ਬਾੜੀ ਦੇ ਕੰਮਾਂ ਵਿਚ ਹੀ ਰਿਹਾ।ਇਸ ਲਈ ਉਸਨੇ ਬਾਰਵੀਂ ਤੋਂ ਬਾਅਦ ਪੜ੍ਹਾਈ ਦਾ ਲੜ ਛੱਡ ਕੇ ਖੇਤੀ ਦਾ ਫੜ ਲਿਆ।

ਸੌਰਵ ਨੇ ਪੰਜਾਬੀ ਯੂਨੀਵਰਸਿਟੀ ਪਟਿਆਲੇ ਵਿਚ ਇਲੈਕਟ੍ਰਾਨਿਕ ਦੀ ਡਿਗਰੀ ਕਰਨੀ ਸ਼ੁਰੂ ਕਰ ਦਿੱਤੀ।ਪੜ੍ਹਾਈ ਵਿਚ ਰੁੱਝਾ ਹੋਣ ਕਰਕੇ ਉਸਦਾ ਘਰ ਛੇਈਂ ਮਹੀਨੀ ਬਾਅਦ ਹੀ ਚੱਕਰ ਲਗਦਾ।ਰਾਮ ਪਿਆਰੀ ਤਾਂ ਦਿਨ ਵਿਚ ਦੋ ਤਿੰਨ ਵਾਰ ਉਸ ਨਾਲ ਫੋਨ ਤੇ ਗੱਲ ਕਰ ਲੈਂਦੀ।ਮੋਬਾਇਲ ਦੀਆਂ ਤਰੰਗਾਂ ਉਹਨਾਂ ਨੂੰ ਅਕਸਰ ਜੋੜੀ ਰੱਖਦੀਆਂ।

ਖੱਬੇ ਹੱਥ ਨਾਲ ਟਰੰਕ ਦਾ ਕੁੰਡਾ ਫੜੀ ਰਾਮ ਪਿਆਰੀ ਸੱਜੇ ਹੱਥ ਨਾਲ ਇਸ ਵਿਚ ਤਹਿ ਕਰਕੇ ਰੱਖੇ ਸੂਟਾਂ ਨੂੰ ਵਾਹੋ ਦਾਹੀ ਧਰਤੀ ਤੇ ਵਗਾਹ ਮਾਰਦੀ ਹੋਈ ਮੂੰਹ ਵਿਚ ਕੁਝ ਬੁੜ ਬੁੜਾ ਰਹੀ ਸੀ-

"ਹੱਦ ਈ ਹੋ ਗਈ..।ਪਰਸੋਂ ਤਾਂ ਹਾਲੇ ਰੱਖੇ ਸਨ ਮੈਂ ਸੂਟਾਂ ਦੀ ਤਹਿ ਵਿਚ।ਕਿਹੜੇ ਖੱਲ ਖੂੰਜੇ ਵੜਗੇ ਚੰਦਰੇ।ਚਾਬੀ ਟਰੰਕ ਦੀ ਮੇਰੇ ਕੋਲ ਆ।ਪੈਸੇ ਫੇਰ ਉਡਗੇ ਏਥੋਂ ?"

ਟਰੰਕ ਦੇ ਪੱਲੇ ਨੂੰ ਝਟਕੇ ਨਾਲ ਛੱਡਦੀ ਹੋਈ ਜ਼ਮੀਨ ਤੇ ਪਏ ਸੂਟਾਂ ਨੂੰ ਝਾੜ ਝਾੜ ਦੇਖਦੀ ਆ।ਪਰ ਪੈਸੇ ਨੀ ਮਿਲ ਰਹੇ।

ਰਾਮ ਪਿਆਰੀ ਆਪ ਪੈਸੇ ਧੇਲੇ ਦਾ ਹਿਸਾਬ ਘੱਟ ਵੱਧ ਹੀ ਰੱਖਦੀ ਸੀ।ਘਰ ਦੇ ਸਾਰੇ ਲੈਣ ਦੇਣ ਦਾ ਪ੍ਰਬੰਧ ਉਸਦੇ ਘਰਵਾਲਾ ਬ੍ਰਹਮਜੀਤ ਹੀ ਕਰਦਾ।ਉਸਨੇ ਆਪਣਾ ਏ. ਟੀ. ਐੱਮ. ਵੀ ਬ੍ਰਹਮਜੀਤ ਦੇ ਹੀ ਹਵਾਲੇ ਕੀਤਾ ਹੋਇਆ ਸੀ।ਉਹ ਕੱਲ੍ਹ ਹੀ ਰਾਮ ਪਿਆਰੀ ਦੇ ਖਾਤੇ 'ਚੋਂ ਵੀਹ ਹਜ਼ਾਰ ਰੁਪਏ ਕਢਵਾ ਕੇ ਲਿਆਇਆ ਸੀ।ਸੌਦਾ ਪੱਤਾ, ਅਖ਼ਬਾਰ ਅਤੇ ਖੇਤਾਂ ਵਿਚ ਕੰਮ ਕਰਦੇ ਮਜ਼ਦੂਰਾਂ ਦਾ ਮਿਹਨਤਾਨਾ ਰੱਖ ਕੇ ਉਸਨੇ ਬਾਕੀ ਪੰਜ ਹਜ਼ਾਰ ਰੁਪਏ ਰਾਮ ਪਿਆਰੀ ਨੂੰ ਸੰਭਾਲ ਕੇ ਰੱਖਣ ਲਈ ਫੜਾ ਦਿੱਤੇ ਸਨ।

ਇਹਨਾਂ ਪੈਸਿਆਂ ਨੇ ਹੀ ਉਸਨੂੰ ਪ੍ਰੇਸ਼ਾਨ ਕੀਤਾ ਹੋਇਆ ਸੀ।

"ਇਹ ਹੋ ਕੀ ਰਿਹਾ ਇਸ ਘਰ ਵਿਚ।ਤਿੰਨ ਦਹਾਕੇ ਹੋ ਗਏ ਮੈਨੂੰ ਇਸ ਘਰ 'ਚ ਆਇਆਂ ਹੋਇਆਂ।ਕਦੇ ਸੂਈ ਤੱਕ ਨੀ ਹਿੱਲੀ ਇੱਥੋਂ।ਪਰ ਹੁਣ ਆਹ ਸਾਲ ਭਰ ਤੋਂ ਪਤਾ ਨੀ ਕੀ ਭਾਣਾ ਵਰਤੀ ਜਾਂਦੈ।ਘਰ ਘਰ ਨੀ ਲਗਦਾ।ਖੌਰੇ ਹੋ ਕੀ ਰਿਹਾ ਏਥੇ ?" ਇਹ ਸੋਚਦਿਆਂ ਜਦੋਂ ਉਹ ਬਾਹਰ ਜਾਣ ਲੱਗੀ ਤਾਂ ਸਟੋਰ ਕੋਲੋਂ ਉਸਨੂੰ ਬੜੀ ਸੜਿਆਂਦ ਆਈ।ਨੱਕ ਮੂੰਹ ਚੁੰਨੀ ਨਾਲ ਢੱਕ ਕੇ ਉਸਨੇ ਸਟੋਰ ਦੀ ਬੱਤੀ ਜਗਾਈ।ਏਧਰ ਓਧਰ ਪੜਛੱਤੀ ਤੇ ਹੱਥ ਮਾਰਿਆ ਮਖਾਂ ਕੋਈ ਚੂਹਾ ਹੀ ਨਾ ਮਰਿਆ ਹੋਵੇ।ਅਚਾਨਕ ਉਸਦੇ ਹੱਥ ਨੂੰ ਲਿਫ਼ਾਫ਼ੇ 'ਚ ਪਿਆ ਕੁਝ ਕੂਲ਼ਾ ਕੂਲ਼ਾ ਅਨੁਭਵ ਹੋਇਆ।ਜਦ ਲਿਫ਼ਾਫ਼ੇ ਦੀ ਲੜੀ ਖੋਲ੍ਹ ਕੇ ਦੇਖੀ ਤਾਂ ਉਸਨੂੰ ਮਣਾਂ ਮੂੰਹੀਂ ਕਚਿਆਣ ਆਈ-

"ਹੈਂਅ..ਗੂੰਹ।" ਲਿਫ਼ਾਫ਼ਾ ਉਸਨੇ ਸੋਟੀ ਨਾਲ ਚੁਕਿਆ ਅਤੇ ਬਾਹਰ ਰੱਖੇ ਡਸਟਬੀਨ ਵਿਚ ਲਿਆ ਸੁਟਿਆ।ਵਾਸ਼ਵੇਸਨ ਤੇ ਦੋ ਵਾਰ ਡੀਟੋਲ ਨਾਲ ਚੰਗੀ ਤਰ੍ਹਾਂ ਹੱਥ ਸਾਫ ਕੀਤੇ, ਮੂੰਹ ਧੋਤਾ ਤੇ ਲਾਬੀ ਵਿਚ ਆ ਕੇ ਪੱਖੇ ਦਾ ਬਟਨ ਦੱਬ ਕੇ ਫਰਸ਼ ਤੇ ਹੀ ਬੈਠ ਗਈ।ਕਈ ਤਰ੍ਹਾਂ ਦੇ ਵਿਚਾਰਾਂ ਨੇ ਉਸਨੂੰ ਘੁੰਮਣ ਘੇਰੀ ਪਾ ਲਈ।ਦਹਾਕਿਆਂ ਪਹਿਲਾਂ ਦਾਦੇ ਦੁਆਰਾ ਸੁਣਾਈਆਂ ਬਾਤਾਂ ਦੇ ਬਿਰਤਾਂਤ ਚੇਤੇ ਆਉਣ ਲੱਗੇ-

"ਜਿਸ ਘਰੇ ਪ੍ਰੇਤ ਆਤਮਾ ਦਾ ਪਹਿਰਾ ਹੋਏ ਏਦਾਂ ਈ ਹੁੰਦੈ।ਖੱਲਾਂ ਖੂੰਜਿਆਂ ਵਿਚੋਂ ਗੰਦ ਪਿਆ ਮਿਲਦੈ।ਪੈਸੇ ਧੇਲੇ ਦਾ ਵੀ ਉਜਾੜਾ ਸ਼ੁਰੂ।ਹੱਥੀ ਰੱਖੀਆਂ ਚੀਜਾਂ ਨੀ ਲੱਭਦੀਆਂ।ਛੂ ਮੰਤਰ ਹੋ ਜਾਂਦੀਐਂ।ਪਤਾ ਨੀ ਕਿਸ ਖੂਹ ਖਾਤੇ 'ਚ ਜਾ ਪੈਂਦੀਆਂ।ਓਹੀ ਜਾਣੇ..।"

"ਨਹੀਂ ਨਹੀਂ ਏਦਾ ਨੀ ਹੁੰਦਾ।ਇਹ ਤਾਂ ਸਾਰੇ ਅਨਪੜ੍ਹ ਲੋਕਾਂ ਦੇ ਵਹਿਮ ਸੀ।ਮੈਂ ਪੜ੍ਹੀ ਲਿਖੀ ਆਂ।ਨਾਲੇ ਰੋਜ ਤਾਂ ਜੁਆਕਾਂ ਨੂੰ ਮੱਤਾਂ ਦਿੰਨੀ ਆਂ।ਕੋਈ ਨੀ ਹੁੰਦੀ ਆਤਮਾ ਊਤਮਾ।" ਆਪਣੇ ਮਨ ਨੂੰ ਧਰਵਾਸਾ ਦਿੰਦੀ ਆ।

ਪਿਛਲੇ ਇੱਕ ਸਾਲ ਤੋਂ ਉਸ ਨਾਲ ਪੈਸਿਆਂ ਦੀ ਇਸੇ ਤਰ੍ਹਾਂ ਹੇਰਾ ਫੇਰੀ ਹੋ ਰਹੀ ਸੀ।ਪਰ ਇਹਨਾਂ ਦੀ ਗਿਣਤੀ ਸੈਂਕੜਿਆਂ 'ਚ ਸੀ ਅਤੇ ਇਹ ਪੈਸੇ ਉਸਨੇ ਰੱਖੇ ਵੀ ਜਿੰਦੇ ਕੁੰਡੇ ਅੰਦਰ ਨਹੀਂ ਸਨ।ਰਾਮ ਪਿਆਰੀ ਅਕਸਰ ਚੀਜ਼ ਏਧਰ ਓਧਰ ਰੱਖ ਕੇ ਭੁਲ ਭੁਲਾ ਜਾਂਦੀ ਸੀ।ਘਰ ਦੇ ਰੁਝੇਵੇਂ ਬਹੁਤ ਸਨ।ਦੂਜਾ ਇਹਨਾਂ ਦਿਨਾਂ ਵਿਚ ਸਕੂਲ ਵੀ ਸਿਰ ਖੁਰਕਣ ਦੀ ਵਿਹਲ ਨਹੀਂ ਸੀ ਮਿਲਦੀ।ਸਰਵ ਸਿੱਖਿਆ ਅਭਿਆਨ ਦਾ ਕੰਮ ਸ਼ੁਰੂ ਹੋਣ ਕਰਕੇ ਅਧਿਆਪਕਾਂ ਦਾ ਸਾਰਾ ਸਾਰਾ ਦਿਨ ਡਾਕਾਂ ਤਿਆਰ ਕਰਨ ਵਿਚ ਹੀ ਨਿਕਲ ਜਾਂਦਾ ਸੀ।ਕਾਗਜ਼ਾਂ ਵਿਚ ਪੜ੍ਹਾਈ ਦਾ ਪੱਧਰ ਬੜਾ ਅੱਛਾ ਚੱਲ ਰਿਹਾ ਸੀ ਪਰ ਸੀ ਪਰਨਾਲਾ ਉੱਥੇ ਦਾ ਉੱਥੇ ਹੀ।

ਸਕੂਲ ਵੀ ਰਾਮ ਪਿਆਰੀ ਦਾ ਮਨ ਨਾ ਲਗਦਾ।ਘਰ ਵਿਚ ਘਟ ਰਹੀਆਂ ਅਜੀਬ ਘਟਨਾਵਾਂ ਉਸ ਦੁਆਲੇ ਘੇਰਾ ਘੱਤੀ ਰੱਖਦੀਆਂ।ਚੜ੍ਹਦੇ ਸਿਆਲ ਦੀ ਕੋਸੀ ਕੋਸੀ ਧੁੱਪ ਵਿਚ ਇੱਕ ਦਿਨ ਉਹ ਆਪਣੇ ਸਾਥੀ ਅਧਿਆਪਕਾਂ ਨਾਲ ਚਾਹ ਦੀਆਂ ਚੁਸਕੀਆਂ ਲੈ ਰਹੀ ਸੀ।ਬੈਠਿਆਂ ਬੈਠਿਆਂ ਅਚਾਨਕ ਪਰਿਵਾਰਾਂ ਬਾਰੇ ਗੱਲਾਂ ਚੱਲ ਪਈਆਂ।ਅਧਿਆਪਕ ਰਮੇਸ਼ ਨੂੰ ਗਰਮ ਗਰਮ ਚਾਹ ਪੀਣ ਦੀ ਆਦਤ ਸੀ।ਸਟੀਲ ਦੇ ਗਲਾਸ 'ਚੋਂ ਆਖਰੀ ਘੁੱਟ ਭਰਦਿਆਂ ਤੇ ਖਾਲੀ ਗਲਾਸ ਫੁੱਲਾਂ ਵਿਹੂਣੀ ਕਿਆਰੀ 'ਚ ਸੁਟਦਿਆਂ ਉਸਨੇ ਰਾਮ ਪਿਆਰੀ ਨੂੰ ਸਵਾਲ ਕੀਤਾ-

"ਭੈਣ ਜੀ ਕਿੰਨਾ ਚਿਰ ਰਹਿ ਗਿਆ ਸੌਰਵ ਦਾ ਡਿਗਰੀ ਨੂੰ ਹੁਣ ?"

"ਬਸ ਮਾਸਟਰ ਜੀ ਹਾਥੀ ਨਿਕਲ ਗਿਆ ਪੂਛ ਰਹਿ ਗਈ ਬਾਕੀ।ਆਖਰੀ ਸਮੈਸਟਰ 'ਚ ਐ ਸੁਖ ਨਾਲ ਹੁਣ।ਯੂਨੀਵਰਸਿਟੀ ਛੁੱਟੀਆਂ ਚੱਲ ਰਹੀਐਂ ਤੇ ਘਰੇ ਆਇਆ ਹੋਇਐ ਅੱਜ ਕੱਲ੍ਹ।"

"ਅੱਛਾ।ਚਲੋ ਵਧੀਆ।ਫੇਰ ਵੀ ਖਿਆਲ ਰੱਖਿਆ ਕਰੋ ਜੁਆਕਾਂ ਦਾ।ਏਹ ਹੋਸਟਲਾਂ 'ਚ ਪੜ੍ਹਦੀ ਮੁਢੀਰ ਬੜੀ ਵਿਗੜੀ ਹੁੰਦੀ ਆ।" ਰਮੇਸ਼ ਨੇ ਹੋਸਟਲਾਂ 'ਚ ਪੜ੍ਹਨ ਵਾਲਿਆਂ ਦਾ ਸੱਚ ਬਿਆਨ



ਕਰਦਿਆਂ ਆਖਿਆ।

"ਨਾ ਨਾ ਮਾਸਟਰ ਜੀ।ਸਾਡਾ ਮੁੰਡਾ ਨੀ ਏਦਾਂ ਦਾ।ਮੈਂ ਤਾਂ ਹਾਲੇ ਤੱਕ ਵੀ ਕੁੱਟ ਲੈਨੀ ਆਂ ਉਹਨੂੰ।ਮਜਾਲ ਐ ਅੱਖ ਵੀ ਚੁੱਕ ਲਵੇ ਮੂਹਰੇ।"

"ਜੇ ਕਹਿਣੇਕਾਰ ਐ ਤਾਂ ਚੰਗੈ।ਪਰ ਕਈ ਵਾਰ ਨਾਲ ਦੀ ਵਿਗੜੀ ਢਾਣੀ ਵੀ ਚੱਟੀ ਲਾ ਲੈਂਦੀ ਐ।" ਇਹ ਗੱਲ ਕਹਿ ਕੇ ਮਾਸਟਰ ਰਮੇਸ਼ ਮੀਨਾ ਮੈਡਮ ਵੱਲ ਟੇਡੀ ਤੱਕਣੀ ਤੱਕਦਿਆਂ ਬਾਥਰੂਮ ਵੱਲ ਵਗ ਗਿਆ।

ਅੱਧੀ ਛੁੱਟੀ ਖਤਮ ਹੋਣ ਦੀ ਘੰਟੀ ਵੱਜ ਗਈ।ਸਾਰੇ ਅਧਿਆਪਕ ਆਪੋ ਆਪਣੀਆਂ ਜਮਾਤਾਂ ਨੂੰ ਚਲੇ ਗਏ।ਰਾਮ ਪਿਆਰੀ ਨੀ ਹਿੱਲੀ ਕੁਰਸੀ ਤੋਂ।ਉਸਦੀ ਜਮਾਤ ਦੇ ਕਈ ਬੱਚੇ ਸ਼ਿਕਾਇਤਾਂ ਲੈ ਕੇ ਵੀ ਆਏ।ਪਰ ਉਹ ਨੀ ਗਈ ਜਮਾਤ ਵਿਚ।ਮਨੀਟਰ ਨੂੰ ਅਵਾਜ਼ ਦੇ ਦਿੱਤੀ-

"ਸੰਦੀਪ ਇਹਨਾਂ ਕੋਲੋਂ ਬੀਹ ਤੱਕ ਦੂਹਰੇ ਪਹਾੜੇ ਲਿਖਾ ਕੇ ਚੈੱਕ ਕਰ।ਮੈਂ ਆਉਨੀ ਆਂ ਜਰੂਰੀ ਡਾਕ ਤਿਆਰ ਕਰਕੇ।"

ਸੰਦੀਪ ਆਪਣਾ ਹੁਕਮ ਵਜਾ ਕੇ ਜਮਾਤ ਵਿਚ ਸੋਟੀ ਲੈ ਕੇ ਖੜ ਗਿਆ।ਪੰਜਵੀਂ ਜਮਾਤ ਦੇ ਸਾਰੇ ਬੱਚੇ ਕਤਾਰਾਂ ਵਿਚ ਸਿੱਧੇ ਹੋ ਗਏ ਤੇ ਥੈਲਿਆਂ ਵਿਚੋਂ ਕਾਪੀਆਂ ਪੈਂਨਸਿਲਾਂ ਕੱਢਣ ਲਈ ਫਰੋਲਾ ਫਰਾਲੀ ਕਰਨ ਲੱਗ ਪਏ।

ਰਾਮ ਪਿਆਰੀ ਦਾ ਉੱਥੋਂ ਕੁਰਸੀ ਤੋਂ ਉਠਣ ਦਾ ਜਰਾ ਜੀਅ ਨਾ ਕੀਤਾ।ਲੱਤਾਂ ਜਮਾਂ ਨਿੱਸਲ ਹੋ ਗਈਆਂ।ਮਾਸਟਰ ਰਮੇਸ਼ ਦੁਆਰਾ ਆਖੀ ਗੱਲ ਨੂੰ ਉਹ ਆਪਣੇ ਪੁੱਤਰ ਸੌਰਵ ਨਾਲ ਜੋੜ ਕੇ ਸੋਚਣ ਲੱਗੀ ਤਾਂ ਉਸਨੂੰ ਝੁਣ ਝੁਣੀ ਜਿਹੀ ਆਈ-

"ਮੇਰਾ ਸੌਰਵ ਨੀ ਇੰਜ ਦਾ ਹੋ ਸਕਦਾ।ਉਹ ਤਾਂ ਖੇਤਾਂ ਨੂੰ ਮਜ਼ਦੂਰਾਂ ਦੀ ਚਾਹ ਲੈ ਕੇ ਵੀ ਨਹੀਂ ਸੀ ਜਾਂਦਾ ਹੁੰਦਾ।ਅਖੇ ਮੰਮੀ ਉਹ ਬੀੜੀਆਂ ਬਹੁਤ ਪੀਂਦੇ ਐ।ਮੈਨੂੰ ਬੀੜੀਆਂ ਦਾ ਧੂੰਆਂ ਬੜਾ ਭੈੜਾ ਲਗਦੈ।ਤੁਸੀਂ ਗੌਰਵ ਹੱਥ ਭੇਜ ਦਿਓ ਚਾਹ ਚੂਹ।" ਸੌਰਵ ਬਾਰੇ ਸੋਚਦਿਆਂ ਉਸਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਛੁੱਟੀ ਦਾ ਸਮਾਂ ਹੋ ਗਿਆ।ਪਹਿਲੀ ਦੂਜੀ ਜਮਾਤ ਨੂੰ ਛੁੱਟੀ ਕਰ ਦਿੱਤੀ ਗਈ ਸੀ ਤੇ ਅੱਧੇ ਘੰਟੇ ਬਾਅਦ ਬਾਕੀ ਜਮਾਤਾਂ ਦਾ ਵੀ ਸਮਾਂ ਹੋ ਜਾਣਾ ਸੀ।ਆਪਣੇ ਵੱਲ ਸਾਥਣ ਅਧਿਆਪਕਾ ਨੂੰ ਆਉਂਦਿਆਂ ਦੇਖ ਕੇ ਰਾਮ ਪਿਆਰੀ ਐਮੇ ਹੀ ਪਰਸ ਵਿਚ ਰੱਖੇ ਕਾਗਜ਼ਾਂ ਨੂੰ ਹੱਥ ਮਾਰਨ ਲੱਗ ਪਈ।

"ਭੈਣ ਜੀ ਉੱਠੋ ਕੁਰਸੀਆਂ ਰਖਾਈਏ।ਪੈ ਗਈ ਆ ਦਿਹਾੜੀ ਅੱਜ ਦੀ ਤਾਂ।" ਦੋਵੇਂ ਜਣੀਆਂ ਬੱਚਿਆਂ ਦੇ ਹਾਜ਼ਰੀ ਰਜਿਸਟਰ ਚੁੱਕ ਕੇ ਦਫ਼ਤਰ ਵੱਲ ਹੋ ਤੁਰੀਆਂ ਤੇ ਬੱਚੇ ਜਿੰਦੇ ਕੁੰਡੇ ਲਾਉਣ ਲੱਗ ਪਏ।

ਰਾਮ ਪਿਆਰੀ ਨੇ ਹੁਣ ਅੰਦਰ ਖਾਤੇ ਸੌਰਵ ਤੇ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਸੀ।ਜਿਉਂ ਜਿਉਂ ਉਹ ਇਸ ਜਾਂਚ ਵਿਚ ਗਹਿਰਾ ਉਤਰਦੀ ਗਈ ਤਿਉਂ ਤਿਉਂ ਉਸਦੀ ਚਿੰਤਾ ਵਧਦੀ ਗਈ।ਸੌਰਵ ਹੁਣ ਪਹਿਲਾਂ ਜਿਹਾ ਸਾਊ ਨਹੀਂ ਸੀ ਰਿਹਾ।ਹਰ ਵੇਲੇ ਹਸੂੰ ਹਸੂੰ ਕਰਨ ਵਾਲੇ ਦੇ ਚਿਹਰੇ ਤੋਂ ਹਾਸਾ ਖੰਭ ਲਾ ਕੇ ਉੱਡ ਗਿਆ ਸੀ।ਉਹ ਘਰ ਦੇ ਮੈਂਬਰਾਂ ਦੇ ਸਾਹਮਣੇ ਆਉਣ ਤੋਂ ਕੋਈ ਨਾ ਕੋਈ ਬਹਾਨਾ ਘੜਦਾ ਰਹਿੰਦਾ।ਅੱਧੀ ਰਾਤ ਤੱਕ ਬੈੱਡ ਤੇ ਟੇਡਾ ਜਿਹਾ ਪਿਆ ਟੀ.ਵੀ. ਵਿਚ ਅੱਖਾਂ ਗੱਡੀ ਰੱਖਦਾ।ਛੁੱਟੀ ਆਏ ਨੂੰ ਉਹਨੂੰ ਕੋਈ ਕੰਮ ਨੂੰ ਵੀ ਨਹੀਂ ਸੀ ਕਹਿੰਦਾ ਅਖੇ ਪੜ੍ਹਾਈ ਕਰਦਾ ਥੱਕਿਆ ਹਾਰਿਆ ਆਇਆ ਯੂਨੀਵਰਸਿਟੀ ਤੋਂ ।ਚਾਰ ਦਿਨ ਅਰਾਮ ਕਰ ਲਵੇ।

ਸ਼ਾਮ ਨੂੰ ਰਸੋਈ ਵਿਚ ਸਬਜੀ ਕੱਟ ਰਹੀ ਰਾਮ ਪਿਆਰੀ ਨੂੰ ਇਕੱਲਿਆਂ ਦੇਖ ਕੇ ਸੌਰਵ ਕਹਿਣ ਲੱਗਾ:

"ਮੰਮੀ, ਯੂਨੀਵਰਸਿਟੀ ਤੋਂ ਫੋਨ ਆ ਗਿਆ।ਮੈਂ ਸਵੇਰੇ ਸਾਝਰੇ ਚਲੇ ਜਾਣਾ।ਬਾਹਰੋਂ ਕਿਸੇ ਕੰਪਨੀ ਦੇ ਬੰਦੇ ਆਏ ਆ ਇੰਟਰਵਿਊ ਲੈਣ ਵਾਸਤੇ।ਜੇ ਗੱਲ ਬਣ ਗਈ ਤਾਂ ਕੋਰਸ ਪੂਰਾ ਹੁੰਦੇ ਸਾਰ ਈ ਨੌਕਰੀ

ਦਾ ਜੁਗਾੜ ਬਣ ਜਾਣੈ .।" ਇਸ ਵਾਰ ਸੌਰਵ ਨੇ ਘਰ ਪੂਰੀਆਂ ਛੁੱਟੀਆਂ ਵੀ ਨਹੀਂ ਸੀ ਕੱਟੀਆਂ ਤੇ ਜਾਣ ਲਈ ਕਾਹਲਾ ਪੈ ਗਿਆ ਸੀ।ਉਹ ਹਰ ਵਾਰ ਨਵੇਂ ਬਹਾਨੇ ਘੜ ਕੇ ਘਰੋਂ ਪੈਸੇ ਲੈ ਜਾਇਆ ਕਰਦਾ ਸੀ ਤੇ ਏਸ ਵਾਰ ਵੀ ਲੈ ਗਿਆ ਸੀ।

ਸੌਰਵ ਨੇ ਤਾਂ ਕਦੇ ਨਸ਼ਿਆਂ ਬਾਰੇ ਸੁਣਿਆ ਵੀ ਨਹੀਂ ਸੀ।ਪਰ ਉਸਦੇ ਨਾਲ ਦੇ ਕਮਰੇ ਵਾਲੇ ਮੁੰਡੇ ਮੈਂਟੂ ਤੋਂ ਉਹਨੂੰ ਇਹ ਭੈੜੀ ਲਤ ਲੱਗ ਗਈ ਸੀ।ਮੈਂਟੂ ਦਾ ਯੂਨੀਵਰਸਿਟੀ ਰੋਡ ਤੇ ਨਵੇਂ ਖੁੱਲ੍ਹੇ ਹਸਪਤਾਲ ਵਿਚ ਕੰਮ ਕਰਦੀ ਇੱਕ ਨਰਸ ਨਾਲ ਚੱਕਰ ਚੱਲ ਰਿਹਾ ਸੀ।ਨਰਸ ਨੂੰ ਮਿਲਣ ਗਿਲਣ ਜਾਂਦਿਆਂ ਉਹ ਸੌਰਵ ਨੂੰ ਵੀ ਨਾਲ ਲੈ ਕੇ ਜਾਣ ਲੱਗ ਪਿਆ।ਇੱਕ ਦਿਨ ਹਸਪਤਾਲ ਦਾ ਡਾਕਟਰ ਅਤੇ ਉਸਦੀ ਪਤਨੀ ਕਿਤੇ ਵਿਆਹ ਸ਼ਾਦੀ ਤੇ ਸ਼ਹਿਰੋਂ ਬਾਹਰ ਗਏ ਹੋਏ ਸਨ।ਮੈਂਟੂ ਨਰਸ ਨੂੰ ਮਿਲਣ ਲਈ ਰਾਤ ਦਾ ਪ੍ਰੋਗ੍ਰਾਮ ਬਣਾ ਕੇ ਸੌਰਵ ਨੂੰ ਨਾਲ ਲੈ ਗਿਆ।ਜਾਣ ਤੋਂ ਪਹਿਲਾਂ ਸੌਰਵ ਨੇ ਮੈਂਟੂ ਦੇ ਘਰੋਂ ਚਾਹ ਪੀਤੀ ਸੀ ।ਅੱਜ ਦੀ ਚਾਹ ਪੀ ਕੇ ਸੌਰਵ ਨੂੰ ਕੁਝ ਵੱਖਰੀ ਤਰ੍ਹਾਂ ਦਾ ਅਨੁਭਵ ਹੋ ਰਿਹਾ ਸੀ।ਸਿਰ ਥੋੜ੍ਹਾ ਭਾਰਾ ਜਰੂਰ ਹੋਇਆ ਸੀ ਪਰ ਸਾਰੇ ਸਰੀਰ ਵਿਚ ਇੱਕ ਅਜੀਬ ਕਿਸਮ ਦੀ ਝਰਨਾਹਟ ਨਾਲ ਰੰਗਤ ਜਿਹੀ ਆ ਗਈ ਸੀ।ਉਹ ਹੱਦੋਂ ਵੱਧ ਵਿਸ਼ਵਾਸ਼ ਨਾਲ ਭਰ ਗਿਆ ਸੀ।ਉਸ ਦਿਨ ਉਹ ਹਸਪਤਾਲ ਗਏ ਵੀ ਸੌਰਵ ਦੇ ਮੋਟਰ ਸਾਇਕਲ ਤੇ ਸਨ।ਸੌਰਵ ਥੋੜ੍ਹਾ ਸ਼ਰਮਾ ਰਿਹਾ ਸੀ।ਜਦੋਂ ਹਸਪਤਾਲ ਪਹੁੰਚੇ ਤਾਂ ਦੋ ਨਰਸਾਂ ਦੌੜੀਆਂ-੨ ਆਈਆਂ ਤੇ ਮੈਂਟੂ ਨਾਲ ਹੱਥ ਮਿਲਾਉਣ ਤੋਂ ਬਾਅਦ ਇਕੱਠੀਆਂ ਬੋਲੀਆਂ-

"ਜੀਜਾ ਜੀ ਨਾਲ ਕੌਣ ਏ ਅੱਜ..?"

"ਇਹ ਮੇਰਾ ਜਾਨ ਤੋਂ ਪਿਆਰਾ ਦੋਸਤ ਸੌਰਵ ਏ।" ਮੈਂਟੂ ਨੇ ਸੌਰਵ ਦਾ ਕਲਾਵਾ ਭਰਦਿਆਂ ਕਿਹਾ।

"ਅੱਛਾ, ਓਸ ਜਾਨ ਤੋਂ ਵੀ ਪਿਆਰਾ।" ਗਲ਼ੇ ਵਿਚ ਸਟੈਥੋਸਕੋਪ ਲਟਕਾਈ ਮਨੀਸ਼ਾ ਵੱਲ ਇਸ਼ਾਰਾ ਕਰਦਿਆਂ ਇੱਕ ਨਰਸ ਬੋਲੀ।

"ਆਪਣੀ ਆਪਣੀ ਥਾਂ ਬੀਬਾ ਸਾਰਿਆਂ ਦੀ .।" ਇਹ ਕਹਿੰਦਿਆਂ ਮੈਂਟੂ ਮਨੀਸ਼ਾ ਵੱਲ ਵਧਿਆ ਤੇ ਉਸਦਾ ਹੱਥ ਫੜ ਕੇ ਅੰਦਰ ਲੈ ਗਿਆ।

ਥੋੜ੍ਹੀ ਦੇਰ ਬਾਅਦ ਇੱਕ ਨਰਸ ਚਾਹ ਬਣਾ ਲਿਆਈ।ਪੰਜੇ ਜਣੇ ਚਾਹ ਪੀਂਦੇ ਹਾਸਾ ਠੱਠਾ ਕਰਦੇ ਰਹੇ।ਮਨੀਸ਼ਾ ਦੇ ਨਾਲ ਦੀ ਪਤਲੀ ਜਿਹੀ ਨਰਸ ਜਿਹਦਾ ਗੋਰਾ ਨਿਛੋਹ ਰੰਗ, ਤਿੱਖੇ ਨਕਸ਼, ਹਲਕੀਆਂ ਬਲੌਰੀ ਅੱਖਾਂ, ਵਾਲ਼ਾਂ ਦੀ ਇੱਕ ਲਟ ਜੋ ਉਹਦੇ ਵਾਰ ਵਾਰ ਠੀਕ ਕਰਨ ਦੇ ਬਾਵਜੂਦ ਚਿਹਰੇ ਤੇ ਡਿਗ ਡਿਗ ਸੁੰਦਰਤਾ ਨੂੰ ਚਾਰ ਚੰਦ ਲਾ ਰਹੀ ਸੀ, ਦੀਆਂ ਨਜ਼ਰਾਂ ਕਈ ਵਾਰ ਸੌਰਵ ਨਾਲ ਟਕਰਾਈਆਂ।ਸੌਰਵ ਦਾ ਸ਼ਰਮਾ ਕੇ ਨੀਵੀਂ ਪਾਉਣਾ ਉਸਨੂੰ ਹੋਰ ਠੱਗੀ ਜਾ ਰਿਹਾ ਸੀ।

ਰਾਤ ਦੇ ਗਿਆਰਾਂ ਵੱਜ ਚੁੱਕੇ ਸਨ।ਹੋਟਲ ਤੋਂ ਮੰਗਵਾਇਆ ਖਾਣਾ ਖਾ ਕੇ ਸੌਰਵ ਆਪਣੇ ਲਈ ਲਗਵਾਏ ਗਏ ਬਿਸਤਰੇ ਤੇ ਜਾ ਟੇਡਾ ਹੋਇਆ।ਮੈਂਟੂ ਅਤੇ ਮਨੀਸ਼ਾ ਪਹਿਲਾਂ ਮਿੱਥੇ ਪ੍ਰੋਗ੍ਰਾਮ ਤਹਿਤ ਆਪਣੇ ਕਮਰੇ 'ਚ ਚਲੇ ਗਏ।ਸੌਰਵ ਨੂੰ ਉਹਨਾਂ ਦੀ ਹੁੰਦੀ ਹਰ ਗਿੱਟ ਮਿੱਟ ਸੁਣਾਈ ਦੇ ਰਹੀ ਸੀ ਪਰ ਉਹ ਆਪਣੇ ਨਾਲ ਮਿਲੀਆਂ ਮਸਤਾਨੀਆ ਨਜ਼ਰਾਂ ਬਾਰੇ ਸੋਚਦਾ ਗੰਭੀਰ ਮੁਦਰਾ 'ਚ ਪਿਆ ਉਸਲਵੱਟੇ ਮਾਰ ਰਿਹਾ ਸੀ।ਕਿਸੇ ਕੁੜੀ ਦੀਆ ਨਜ਼ਰਾਂ ਨੇ ਉਸਨੂੰ ਅੱਜ ਪਹਿਲ਼ੀ ਵਾਰ ਟੋਹਿਆ ਸੀ।ਸੌਰਵ ਅਜੇ ਇਹਨਾਂ ਸੋਚਾਂ ਵਿਚ ਹੀ ਪਿਆ ਸੀ ਕਿ ਉਸਨੇ ਆਪਣੇ ਕਮਰੇ ਵਿਚ ਕਿਸੇ ਨੂੰ ਦੱਬੇ ਪੈਰੀਂ ਆਉਂਦੇ ਮਹਿਸੂਸ ਕੀਤਾ।

ਸੌਰਵ ਘੇਸਲਮਾਰੀ ਪਿਆ ਰਿਹਾ।ਉਹੀ ਨਰਸ ਮਲੱਕੜੇ ਜਿਹੇ ਆ ਕੇ ਉਸ ਨਾਲ ਲੰਮੀ ਪੈ ਗਈ।ਕੁੜੀ ਦਾ ਹੌਸਲਾ ਦੇਖ ਕੇ ਉਸਦੀ ਵੀ ਜਕ ਖੁੱਲ੍ਹ ਗਈ ਸੀ।ਮੈਂਟੂ ਤੋਂ ਸੁਣੇ ਕਿੱਸੇ ਨੂੰ ਉਸਨੇ ਅੱਜ ਹੱਡੀਂ ਹੰਡਾਇਆ ਸੀ।ਬਸ ਫਿਰ ਕੀ ਸੀ ਦੂਜੇ ਚੌਥੇ ਉਹਨਾਂ ਨੇ ਮਿਲਣਾ ਸ਼ੁਰੂ ਕਰ ਦਿੱਤਾ।ਦੋਵੇਂ ਨਰਸਾਂ ਨਸ਼ੇ ਕਰਦੀਆਂ ਸਨ।ਟੀਕੇ ਵੀ ਲਾਉਂਦੀਆਂ ਸਨ।ਇਹੀ ਚਸਕਾ ਸੌਰਵ ਨੂੰ ਵੀ ਪੈ ਗਿਆ।ਘਰੋਂ ਪੜ੍ਹਾਈ ਲਈ



ਲਿਆਂਦਾ ਪੈਸਾ ਧੇਲਾ ਨਸ਼ੇ ਦੇ ਵਹਿਣੀ ਵਹਿਣ ਲੱਗਾ।ਨਸ਼ੇ ਨੇ ਸੌਰਵ ਦਾ ਮੋਟਰਸਾਈਕਲ ਵੀ ਖਾ ਲਿਆ।ਘਰੇ ਉਸਨੇ 'ਚੱਕ ਹੋ ਗਿਆ' ਦਾ ਬਹਾਨਾ ਲਗਾ ਕੇ ਝੂਠੀ ਬਣਾਈ ਐਫ.ਆਰ.ਆਈ. ਦੀ ਕਾਪੀ ਵੀ ਦਿਖਾ ਦਿੱਤੀ।ਨਸ਼ੇ ਦਾ ਝਸ ਪੂਰਾ ਕਰਨ ਲਈ ਉਸਨੇ ਸਾਥੀਆਂ ਨਾਲ ਮਿਲ ਕੇ ਹੋਰ ਵੀ ਕਈ ਗ਼ਲਤ ਕੰਮ ਕਰਨੇ ਸ਼ੁਰੂ ਕਰ ਦਿੱਤੇ।.

ਪਿੰਡੋਂ ਦੋ ਕੁ ਦਿਨਾਂ ਦੀ ਛੁੱਟੀ ਕੱਟ ਕੇ ਆਇਆ ਸੌਰਵ ਆਪਣੇ ਦੋਸਤਾਂ ਨੂੰ ਬੜੀ ਸ਼ਾਨ ਨਾਲ ਦੱਸ ਰਿਹਾ ਸੀ:

"ਏਸ ਬਾਰ ਪਿੰਡੋ ਬੜੀ ਚਲਾਕੀ ਨਾਲ ਖਰਚਾ ਬਣਾ ਕੇ ਆਇਆਂ ਯਾਰ।ਹੁਣ ਹਫਤਾ ਪਾਰ ਆ ਮੇਰਾ।"

"ਤੇਰੇ ਘਰ ਦੇ ਤਾਂ ਮਰੀਓ ਮੱਖੀ ਨੀ ਛੱਡਦੇ।ਸੂਮਾਂ ਦੀ ਪੰਡ ਨੇ।ਕਿਰਾਏ ਯੋਗੇ ਪੈਸੇ ਦੇ ਕੇ ਮਸਾਂ ਤੋਰਦੇ ਆ ਤੇ ਤੂੰ ਕਿਵੇਂ ਮੋਰਚਾ ਮਾਰ ਆਇਆਂ .।"

"ਬੇਬੇ ਨੇ ਟਰੰਕ ਵਿਚ ਪੰਜ ਹਜਾਰ ਰੁਪਏ ਰੱਖੇਇਓ ਸੀ।ਅੱਜ ਕੱਲ੍ਹ ਚਾਬੀ ਵੀ ਬੇਬੇ ਨੇਫੇ 'ਚ ਈ ਰੱਖਦੀ ਐ।ਆਪਾਂ ਬੋਰੀਆਂ ਸੀਣ ਵਾਲੇ ਸੂਏ ਦੀ ਨੋਕ ਨਾਲ ਕੁੰਡੇ ਦੇ ਕਬਜੇ ਵਾਲੀ ਸੀਖ ਕੱਢੀ।ਟਰੰਕ ਖੁੱਲ੍ਹ ਗਿਆ।ਪੈਸੇ ਕੱਢੇ ਤੇ ਕਿੱਲ ਉਵੇਂ ਫਿੱਟ ਕਰ ਦਿੱਤੀ।ਜਿੰਦੇ ਨੂੰ ਤਾਂ ਟੱਚ ਵੀ ਨਹੀਂ ਕੀਤਾ।" ਸਾਰੇ ਹੱਥ ਤੇ ਹੱਥ ਮਾਰ ਕੇ ਹੱਸੇ ਤੇ ਸੌਰਵ ਨੇ ਅਗਾਂਹ ਕਹਿਣਾ ਸੁਰੂ ਕੀਤਾ।

"ਇੱਕ ਸਕੀਮ ਆਪਾਂ ਬੀਰੇ ਵਾਲੀ ਵਰਤੀ ਐਤਕੀਂ।"

"ਉਹ ਕਿਹੜੀ..?"

"ਲੈਟਰੀਨ ਲਿਫਾਫਿਆਂ 'ਚ ਪਾ ਕੇ ਖੱਲੀਂ ਖੂੰਜੀਂ ਰੱਖਤੀ।ਆਪੇ ਬੁੜੀਆਂ ਚੇਲਿਆਂ ਚਾਟਿਆਂ ਮਗਰ ਘੁੰਮੀ ਜਾਣ ਕਿ ਘਰੇ ਕਿਸੇ ਆਤਮਾ ਦਾ ਪਹਿਰੈ।ਨਹੀਂ ਤਾਂ ਛੁੱਟੀ ਗਿਆਂ ਨੂੰ ਸੁੰਘ ਸੁੰਘ ਦੇਖਦੀਆਂ ਰਹਿੰਦੀਆਂ।"

"ਓਏ ਤੇਥੋਂ ਉੱਤੇ ਕਿਹੜੀ ਆਤਮਾ ਹੋਗੀ ਜਿਹਦੇ ਟੀਕਾ ਲਾਉਣ ਨੂੰ ਨਾੜ ਵੀ ਨੀ ਲੱਭਦੀ।ਜਿੱਦਾਂ ਮਰਜੀ ਸੂਈ ਪਰੁੰਨੀ ਜਾਓ..।"

"ਨਾੜਾਂ ਤਾਂ ਬਹੁਤ ਪਈਆਂ ਯਾਰਾਂ ਦੀਆਂ ਕੋਰੀਆਂ ਹਾਲੇ।"

"ਕਿਹੜੀਆਂ।"

"ਏਹ ਤਾਂ ਅਜ੍ਹੇ ਅਸੀਂ ਕੱਲ੍ਹ ਈ ਟੱਚ ਕੀਤੀਆਂ..।" ਖੁੱਚਾਂ ਖੁਰਕਦਿਆਂ ਸੌਰਵ ਨੇ ਜਵਾਬ ਦਿੱਤਾ।ਸਾਰੇ ਠਹਾਕਾ ਮਾਰ ਕੇ ਹੱਸ ਪਏ।..

ਗੌਰਵ ਆਪਣੇ ਪਿਤਾ ਨਾਲ ਮੋਢੇ ਨਾਲ ਮੋਢਾ ਡਾਹ ਕੇ ਖੇਤੀ ਦੇ ਕੰਮ ਵਿਚ ਡਟਿਆ ਰਹਿੰਦਾ।ਉਹ ਕੰਮ ਨੂੰ ਬਹੁਤ ਛੋਹਲ਼ਾ ਸੀ।ਖੇਤੀ ਦੇ ਨਾਲ ਨਾਲ ਉਸਨੇ ਵਧੀਆ ਕਿਸਮ ਦੀਆਂ ਗਾਂਵਾਂ ਵੀ ਰੱਖ ਲਈਆਂ ਸਨ।ਉਹ ਖੇਤੀ-ਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਸਿਖਿਆਂ ਲੈ ਕੇ ਨਵੇਂ ਢੰਗ ਤਰੀਕਿਆਂ ਨਾਲ ਖੇਤੀ ਕਰਨ ਲੱਗਾ।ਇੱਕ ਦੋ ਸੀਜਨਾਂ ਵਿਚ ਹੀ ਉਸਨੇ ਚਾਰੇ ਪਾਸੇ ਚੰਗੀ ਪੈਂਠ ਬਣਾ ਲਈ।ਰਾਮ ਪਿਆਰੀ, ਬ੍ਰਹਮਜੀਤ ਅਤੇ ਗੌਰਵ ਦੀ ਘਾਲਣਾ ਕਰਕੇ ਆਏ ਵਰ੍ਹੇ ਉਹਨਾਂ ਦੀ ਚਾਰ ਸਿਆੜ ਜ਼ਮੀਨ ਜੁੜਨ ਲੱਗੀ।ਪੰਜ ਛੇ ਸਾਲਾਂ ਵਿਚ ਹੀ ਉਹਨਾਂ ਦੀ ਚੰਗੇ ਜ਼ਿਮੀਦਾਰਾਂ ਵਿਚ ਗਿਣਤੀ ਹੋਣ ਲੱਗ ਪਈ।

ਇੱਕ ਦਿਨ ਗੌਰਵ ਆਪਣੇ ਦੋਸਤ ਦੀ ਬਰਾਤ ਜਾਣ ਵਾਸਤੇ ਤਿਆਰ ਹੋ ਰਿਹਾ ਸੀ।ਵਿਹੜੇ ਪੈਰ ਪਾਉਂਦਿਆਂ ਬ੍ਰਹਮਜੀਤ ਗੌਰਵ ਨੂੰ ਆਖਣ ਲੱਗਾ-

"ਕਾਕਾ ਪਹਿਲਾਂ ਮੰਡੀਓਂ ਮਟਰਾਂ ਦੇ ਬੀ ਦਾ ਭਾਅ ਪਤਾ ਕਰ ਆ, ਫੇਰ ਬਰਾਤੇ ਜਾਵੀਂ।ਲੇਟ ਹੋਈ ਜਾਂਦੇ ਆਂ ਮਟਰ ਬੀਜਣੋਂ.।ਹਾਅ ਤਾਂ ਆ ਦੋ ਮੀਲ ਮੰਡੀ, ਕੱਚਿਓਂ ਰਸਤੇ ਚਲਾ ਜਾਮੀ ਮੇਰਾ ਪੁੱਤ ਮੋਟਰਸਾਈਕਲ ਤੇ..।"

ਗੌਰਵ ਨੇ ਆਪਣੇ ਪਿਤਾ ਦੀ ਕਦੇ ਕੋਈ ਗੱਲ ਨਹੀਂ ਸੀ ਮੋੜੀ।ਸੋ ਮੋਟਰਸਾਈਕਲ ਲੈ ਕੇ ਘਰੋਂ ਬਾਹਰ ਨਿਕਲ ਆਇਆ।ਕੱਚਿਓਂ ਰਸਤੇ ਜਾਂਦਾ ਤਾਂ ਜੰਝੇ ਜਾਣ ਲਈ ਨਵਾਂ ਪਹਿਨਿਆ ਕੋਟ ਪੈਂਟ ਮਿੱਟੀਓ ਮਿੱਟੀ ਹੋ ਜਾਣਾ ਸੀ।ਸੜਕ ਪੱਕੀ ਦਾ ਵੀ ਬਹੁਤ ਮੰਦਾ ਹਾਲ ਸੀ।ਥਾਂ ਥਾਂ ਤੇ ਪਏ ਟੋਏ ਪਿਛਲੇ ਕਈ ਸਾਲਾਂ ਤੋਂ ਆਉਣ-ਜਾਣ ਵਾਲਿਆਂ ਦਾ ਮੂੰਹ ਚਿੜਾ ਰਹੇ ਸਨ।ਨਾ ਚਾਹੁੰਦੇ ਹੋਏ ਵੀ ਉਸਨੇ ਮੋਟਰ ਸਾਈਕਲ ਪੱਕੀ ਸੜਕ ਵੱਲ ਮੋੜ ਲਿਆ।ਗੌਰਵ ਮਟਰਾਂ ਦਾ ਭਾਅ ਪਤਾ ਕਰਕੇ ਵਾਪਸ ਆ ਰਿਹਾ ਸੀ ਤੇ ਸਾਹਮਣਿਓਂ ਟੋਇਆਂ ਤੋਂ ਬਚਦੇ ਬਚਾਉਂਦੇ ਤੇਜ਼ ਰਫ਼ਤਾਰ ਆ ਰਹੇ ਟਰੱਕ ਨੇ ਉਸਨੂੰ ਲਪੇਟ ਵਿਚ ਲੈ ਕੇ ਦਰੜ ਸੁਟਿਆ।ਮੋਟਰ ਸਾਈਕਲ ਦਾ ਤਾਂ ਚੂਰਮਾ ਬਣ ਗਿਆ ਸੀ।ਟਰੱਕ ਦਾ ਪਿਛਲਾ ਟਾਇਰ ਗੌਰਵ ਦੀ ਧੁੰਨੀ ਤੋਂ ਹੇਠਾਂ ਵੱਲ ਦੇ ਪਾਸੇ ਉਪਰ ਦੀ ਲੰਘ ਗਿਆ।ਉਸਨੂੰ ਦੂਜਾ ਸਾਹ ਵੀ ਨਹੀਂ ਸੀ ਆਇਆ।ਇਸ ਤੋਂ ਪਹਿਲਾਂ ਕਿ ਨਾਲ ਦੇ ਖੇਤਾਂ ਵਿਚ ਕੰਮ ਕਰਦੇ ਮਜ਼ਦੂਰ ਭੱਜ ਕੇ ਟਰੱਕ ਨੂੰ ਰੋਕਦੇ ਉਹ ਜਿੱਦਾਂ ਆਇਆ ਸੀ ਉੱਦਾਂ ਹੀ ਧੂੜਾਂ ਪੱਟਦਾ ਚਲਾ ਗਿਆ।ਗੌਰਵ ਦੇ ਘਰ ਸੁਨੇਹਾ ਭੇਜਿਆ ਗਿਆ।ਰੋਂਦੇ ਵਿਲਕਦੇ ਉਸਦੇ ਘਰ ਦੇ ਅਤੇ ਸਾਰਾ ਪਿੰਡ ਇਕੱਠਾ ਹੋ ਗਿਆ।ਗੌਰਵ ਦੀ ਲਹੂ 'ਚ ਲੱਥ ਪੱਥ ਲੋਥ ਦੇਖ ਕੇ ਰਾਮ ਪਿਆਰੀ ਨੂੰ ਗਸ਼ੀਆਂ ਪੈ ਰਹੀਆਂ ਸਨ।ਬ੍ਰਹਮਜੀਤ ਵੀ ਉੱਥੇ ਹੀ ਮੱਥਾ ਫੜ ਕੇ ਬੈਠ ਗਿਆ।ਇੱਕ ਸ਼ਬਦ ਵੀ ਨਹੀਂ ਸੀ ਅਹੁੜਿਆ ਉਸਦੇ ਮੂੰਹੋਂ।ਉਹਨਾਂ ਦੇ ਘਰ ਹਨ੍ਹੇਰ ਪੈ ਗਿਆ ਸੀ।ਸੁਨੇਹਾ ਮਿਲਣ ਤੇ ਸੌਰਵ ਵੀ ਘਰ ਆ ਗਿਆ ਸੀ।ਪੋਸਟ ਮਾਰਟਮ ਤੋਂ ਬਾਅਦ ਸਸਕਾਰ ਕਰ ਦਿੱਤਾ ਗਿਆ।ਕਈ ਦਿਨ ਘਰੇ ਮਕਾਣਾਂ ਦਾ ਆਉਣ ਜਾਣ ਰਿਹਾ।ਬ੍ਰਹਮਜੀਤ ਦਾ ਤਾਂ ਲੱਕ ਟੁੱਟ ਗਿਆ ਸੀ।ਗੋਡਿਆਂ ਤੇ ਹੱਥ ਰੱਖ ਕੇ ਜਦ ਸਿੱਧਾ ਖੜਾ ਹੁੰਦਾ ਤਾਂ ਨੇਰ੍ਹਨੀ ਆਉਂਦੀ।ਡਿੱਗ ਜਾਣ ਦੇ ਡਰੋਂ ਉਹ ਉਸੇ ਪਲ ਫੇਰ ਬੈਠ ਜਾਂਦਾ।

ਗੌਰਵ ਦੇ ਅਚਾਨਕ ਜਾਣ ਨਾਲ ਸਾਰੇ ਘਰ ਦਾ ਢਾਂਚਾ ਹੀ ਹਿੱਲ ਗਿਆ ਸੀ।ਹਵੇਲੀ ਖੁਰਲੀਆਂ ਤੇ ਖੜੇ ਮੈਰ੍ਹਆਂ ਗੋਕਿਆਂ ਦੇ ਹੱਡ ਨਿਕਲ ਆਏ ਸਨ।ਸੌਰਵ ਨੌਕਰ ਨਾਲ ਹੱਥ ਪੱਲਾ ਮਾਰ ਕੇ ਗੱਡੀ ਬਘੇਰਾ ਲੀਹ ਤੇ ਲਿਆਉਣ ਦੀ ਕੋਸ਼ਿਸ਼ ਕਰਦਾ ਪਰ ਉਸ ਕੋਲੋਂ ਗੌਰਵ ਵਾਲੀ ਗੱਲ ਨਾ ਬਣਦੀ।ਘੰਟਾ ਅੱਧਾ ਘੰਟਾ ਕੰਮ ਕਰਕੇ ਹੀ ਉਸਦਾ ਸਾਹ ਨਾਲ ਸਾਹ ਨਾ ਰਲਦਾ।ਅੱਖਾਂ ਵਿਚਲੇ ਆਂਡੇ ਬਾਹਰ ਆਉਣ ਨੂੰ ਫਿਰਦੇ।ਯੂਨੀਵਰਸਿਟੀ ਤੋਂ ਲਿਆਂਦੀ ਖੁਰਾਕ ਜਦ ਮੁਕਣ ਲੱਗੀ ਤਾਂ ਹਵੇਲੀ ਸੌਰਵ ਵਰਗਿਆਂ ਦਾ ਆਉਣਾ ਜਾਣਾ ਵੱਧ ਗਿਆ।ਉਸ ਲਈ ਇੱਥੇ ਕੰਮ ਹੋਰ ਵੀ ਸੌਖਾ ਹੋ ਗਿਆ।ਯੂਨੀਵਰਸਿਟੀ ਉਸਨੂੰ ਨਸ਼ਾ ਆਪ ਭਾਲਣਾ ਪੈਂਦਾ ਸੀ ਜਦ ਕਿ ਇੱਥੇ ਤਾਂ ਅੱਡੇ ਤੇ ਹੀ ਹਰ ਤਰ੍ਹਾਂ ਦਾ ਮਾਲ ਅਸਾਨੀ ਨਾਲ ਪਹੁੰਚ ਜਾਂਦਾ ਸੀ।

ਇਸੇ ਪਿੰਡ ਦਾ ਗੱਗੂ ਜਿਹਨੂੰ ਚਾਰ ਸਾਲ ਪਹਿਲਾਂ ਰੋਟੀ ਵੀ ਨਹੀਂ ਸੀ ਖਾਣ ਨੂੰ ਮਿਲਦੀ ਅੱਜ ਨਸ਼ਿਆਂ ਦੇ ਕਾਰੋਬਾਰ ਕਰਕੇ ਪੂਰੀ ਤਰ੍ਹਾਂ ਗੱਠਿਆ ਗਿਆ ਸੀ।ਉਸਦੇ ਘਰਵਾਲੀ ਲਕਸ਼ਮੀ ਉਸਤੋਂ ਵੀ ਉੱਤੇ ਸੀ।ਗੱਗੂ ਆਪ ਸਾਰਾ ਦਿਨ ਘਰ ਦੇ ਬਾਹਰ ਬੈਠਾ ਰਹਿੰਦਾ।ਉਸਦੇ ਘਰ ਦਾਰੂ ਸਿੱਕਾ ਲੈਣ ਇੱਕ ਆਉਂਦਾ ਇੱਕ ਜਾਂਦਾ।ਲਕਸ਼ਮੀ ਗਠੀਲੇ ਸਰੀਰ ਵਾਲੀ ਭਰ ਜਵਾਨ ਸੀ।ਦੂਰੋਂ ਦੂਰੋਂ ਸ਼ਰਾਬ ਤੇ ਸ਼ਬਾਬ ਦਾ ਅਨੰਦ ਲੈਣ ਵਾਲੇ ਵੈਲੀ ਉਸਦੇ ਗਾਹਕ ਸਨ।ਸੌਰਵ ਵੀ ਪੱਕਾ ਗਾਹਕ ਬਣ ਗਿਆ ਸੀ।ਹੁਣ ਤਾਂ ਲਕਸ਼ਮੀ ਨੇ ਸ਼ਰਾਬ ਅਤੇ ਭੁੱਕੀ ਦੇ ਨਾਲ ਨਾਲ ਚਿੱਟਾ ਵੀ ਵੇਚਣਾ ਸ਼ੁਰੂ ਕਰ ਦਿੱਤਾ ਸੀ।

ਪਿੰਡ ਵਾਲੇ ਵੀ ਲਕਸ਼ਮੀ ਤੋਂ ਬਹੁਤ ਦੁਖੀ ਸਨ।ਕਈ ਵਾਰ ਪੁਲਿਸ ਥਾਣੇ ਵੀ ਸ਼ਿਕਾਇਤ ਕਰ ਚੁੱਕੇ ਸਨ।ਪੁਲਿਸ ਚੜ੍ਹ ਕੇ ਆਉਂਦੀ ਵੀ ਪਰ ਉਸਦੇ ਕੁਝ ਹੱਥ ਪੱਲੇ ਨੀ ਸੀ ਪੈਂਦਾ।ਛਾਪੇ ਤੋਂ ਪਹਿਲਾਂ ਹੀ ਕੋਈ ਨਾ ਕੋਈ ਕਰਮਚਾਰੀ ਗੱਗੂ ਨੂੰ ਫੋਨ ਕਰਕੇ ਚੁਕੰਨਾ ਕਰ ਦਿੰਦਾ ਸੀ।ਜਦ ਤੱਕ ਪੁਲਿਸ ਪਹੁੰਚਦੀ ਦੋਵੇਂ ਰੰਨ ਖਸਮ ਆਪਣਾ ਨਸ਼ਾ ਪੱਤਾ ਸਮੇਟ ਚੁੱਕੇ ਹੁੰਦੇ।ਗੱਗੂ ਦੀ ਇਲਾਕੇ ਕੈਬਨਿਟ ਮੰਤਰੀ ਬਿੱਕਰ ਸਿੰਘ ਨਾਲ ਵੀ ਚੰਗੀ ਗੰਢ-ਤੁਪ ਸੀ।ਉਸਦੀਆਂ ਰੈਲੀਆਂ ਵਿਚ ਪਿੰਡੋਂ ਭੀੜ ਇਕੱਠੀ ਕਰਕੇ ਲੈ ਜਾਣ ਦਾ ਪ੍ਰਬੰਧ ਗੱਗੂ ਹੀ ਕਰਦਾ।ਪਿਆਕੜ ਉਸ ਨਾਲ ਬੜੀ ਖੁਸ਼ੀ ਖੁਸ਼ੀ ਜਾਂਦੇ।ਉਹਨਾਂ ਨੂੰ ਪਤਾ ਹੁੰਦਾ ਸੀ ਕਿ ਸ਼ਾਮ ਨੂੰ ਸਾਨੂੰ ਮੁਫਤ ਦਾ ਪਾਈਆ ਪਾਈਆਂ ਮਿਲ ਜਾਣਾ ਹੈ।ਕੁੱਤੀ ਚੋਰਾਂ ਨਾਲ ਰਲ਼ੀ ਹੋਣ



ਕਰਕੇ ਦੋਵਾਂ ਦੀਆਂ ਪੌਂ ਬਾਰਾਂ ਸਨ।ਪਿੰਡ ਦੇ ਕਬੱਡੀ ਦੇ ਉਭਰਦੇ ਖਿਡਾਰੀਆਂ ਨੂੰ ਵੀ ਨਸ਼ੇ ਨੇ ਨਾਗਵਲ਼ ਪਾ ਲਿਆ ਸੀ।ਬਹੁਤੇ ਖਿਡਾਰੀ ਨਸ਼ਾ ਕੀਤੇ ਤੋਂ ਬਿਨਾ ਖੇਡ ਦੇ ਮੈਦਾਨ ਵੱਲ ਨੂੰ ਮੂੰਹ ਨਾ ਕਰਦੇ।ਇਹਨਾਂ ਵਿਚੋਂ ਬਹੁਤੇ ਸ਼ਾਮ ਨੂੰ ਸੌਰਵ ਦੀ ਹਵੇਲੀ ਆ ਬਹਿੰਦੇ।ਤਰ੍ਹਾਂ ਤਰ੍ਹਾਂ ਦੀਆਂ ਨਸ਼ੇ ਬਾਰੇ ਗੱਲਾਂ ਹੁੰਦੀਆਂ:

"ਯਾਰ ਨਰਸ ਖੌਰੇ ਕਿੱਥੋਂ ਮੰਗਾਉਂਦੀ ਆ ਮਾਲ ਹੁਣ।ਧਰਮ ਨਾਲ ਇੱਕ ਡੋਜ ਨਾਲ ਸਾਰਾ ਦਿਨ ਮਨ ਉਡਾਰੂ ਰਹਿੰਦਾ।" ਲਕਸ਼ਮੀ ਨੂੰ ਸਾਰੇ ਨਸ਼ਈ ਨਰਸ ਅਤੇ ਉਸਦੇ ਘਰਵਾਲੇ ਨੂੰ ਡਾਕਟਰ ਕਹਿ ਕੇ ਬੁਲਾਉਂਦੇ।

"ਕਿੱਥੇ ਯਾਰ ਪਰਸੋਂ ਤਾਂ ਮੇਰਾ ਵੱਡਾ ਨੋਟ ਖੂਹ ਖਾਤੇ ਈ ਪਿਆ।ਦੋ ਪੁੜੀਆਂ ਲਈਆਂ, ਦੋ ਘੰਟੇ ਵੀ ਨੀ ਲੰਘੇ।" ਦੂਜਾ ਮਾੜੀ ਖੁਰਾਕ ਨੂੰ ਨਿੰਦਦਾ ਆਖਦਾ।

ਸੌਰਵ ਦਾ ਸਰੀਰ ਦਿਨੋਂ ਦਿਨ ਕਾਨੇ ਵਰਗਾ ਹੋਈ ਜਾ ਰਿਹਾ ਸੀ।ਮਹੀਨੇ ਬਾਅਦ ਬ੍ਰਹਮਜੀਤ ਨੇ ਹਵੇਲੀ ਪੈਰ ਪਾਇਆ ਤਾਂ ਉਸਦੀਆਂ ਅੱਖਾਂ ਅੱਡੀਆਂ ਰਹਿ ਗਈਆਂ।ਹਰ ਪਾਸੇ ਉਜਾੜਾ ਪਿਆ ਹੋਇਆ ਸੀ।ਪਸ਼ੂਆਂ ਨੇ ਉਸਨੂੰ ਦੂਰ ਤੋਂ ਹੀ ਦੇਖਦਿਆਂ ਸਾਰ ਅੜਿੰਗਣਾ ਸ਼ੁਰੂ ਕਰ ਦਿੱਤਾ।ਬ੍ਰਹਮਜੀਤ ਗਾਂਵਾਂ ਦੇ ਸਿਰ ਤੇ ਹੱਥ ਫੇਰੇ ਤੇ ਉਹ ਉਸਦਾ ਹੱਥ ਚੱਟ ਚੱਟ ਪਿਆਰ ਜਤਾਉਣ ਜਿਵੇਂ ਮੁਦਤਾਂ ਬਾਅਦ ਅਸਲ ਪਾਲਕ ਨੂੰ ਮਿਲ਼ੀਆਂ ਹੋਣ।ਪਸ਼ੂਆਂ ਦੀ ਹਾਲਤ ਦੇਖ ਕੇ ਉਸਦੀਆਂ ਧਾਹਾਂ ਨਿਕਲ ਗਈਆਂ।ਗੌਰਵ ਨੂੰ ਯਾਦ ਕਰਕੇ ਉਹ ਖੁਰਲੀ ਤੇ ਬੈਠ ਕੇ ਭੁੱਬਾਂ ਮਾਰ ਮਾਰ ਕੇ ਰੋਇਆ।ਪਸ਼ੂ ਉਦਾਸੇ ਖੜੇ ਇੱਕ ਟੱਕ ਉਸ ਵੱਲ ਦੇਖ ਰਹੇ ਸਨ।ਹੌਸਲਾ ਕਰਕੇ ਬ੍ਰਹਮਜੀਤ ਉਠਿਆ ਮਖਾਂ ਸੌਰਵ ਨੂੰ ਦੇਖੇ ਕਿ ਕੀ ਕੰਮ ਕਰ ਰਿਹਾ ਹੈ।ਉਹ ਖੇਤਾਂ ਦੇ ਪਰਲੇ ਕੰਨੀਂ ਅੰਬ ਥੱਲੇ ਚਾਰ ਪੰਜ ਦੋਸਤਾਂ ਨਾਲ ਬੈਠਾ ਨਸ਼ੇ ਵਿਚ ਮਸਤ ਸੀ।ਦਾਰੂ ਦੀ ਬੋਤਲ, ਗਲਾਸ ਤੇ ਹੋਰ ਨਿੱਕ ਸੁਕ ਉਹਨਾਂ ਨੇ ਵਿਚਾਲੇ ਬੋਰੇ ਉੱਤੇ ਰੱਖਿਆ ਹੋਇਆ ਸੀ।ਬ੍ਰਹਮਜੀਤ ਓਧਰ ਹੀ ਜਾ ਰਿਹਾ ਸੀ।

"ਸੌਰਵ ਬੋਤਲ ਸਾਂਭ ਓਏ।ਪਿਓ ਆ ਰਿਹਾ ਏਧਰ ਤੇਰਾ।" ਚਿੰਤਾ ਵਸ ਮੀਕੇ ਨੇ ਗਲਾਸ ਪਿੱਛੇ ਰੱਖਦਿਆਂ ਆਖਿਆ।

"ਓਏ ਆ ਲੈਣ ਦੇ।ਆਫਤ ਤਾਂ ਨੀ ਆ ਗਈ।ਆਪਾਂ ਕਿਹੜਾ ਬੈਂਕ ਲੁੱਟਣ ਡਏ ਆਂ..।" ਸੌਰਵ ਨੇ ਲੰਬਾ ਕਸ਼ ਖਿੱਚਦਿਆਂ ਆਖਿਆ।ਉਸਨੂੰ ਕੋਈ ਸੁਰਤ ਨਹੀਂ ਸੀ।ਨਸ਼ੇ ਵਿਚ ਝੂਲਦਾ ਸਿਗਰਟ ਦੇ ਲੰਬੇ ਲੰਬੇ ਸੂਟੇ ਖਿੱਚ ਰਿਹਾ ਸੀ।

ਬ੍ਰਹਮਜੀਤ ਨੂੰ ਉਸਦੀ ਗੱਲ ਸੁਣ ਪਈ।ਹਵਾ ਦਾ ਰੁਖ ਉਸ ਵੱਲ ਹੀ ਹੋਣ ਕਰਕੇ ਬੀੜੀਆਂ ਸਿਗਰਟਾਂ ਦੇ ਧੂੰਏਂ ਦੇ ਗੋਲ ਗੋਲ਼ ਛੱਲੇ ਉਸ ਵੱਲੇ ਹੀ ਘੁੰਮਦੇ ਆ ਰਹੇ ਸਨ।ਉਹ ਉਹਨੀ ਪੈਰੀਂ ਵਾਪਸ ਮੁੜ ਆਇਆ।ਹਵੇਲੀ ਦੇ ਕਮਰੇ ਅਤੇ ਬਰਾਂਡਾ ਭਾਂ-ਭਾਂ ਕਰ ਰਹੇ ਸਨ।ਹਜ਼ਾਰਾਂ ਰੁਪਏ ਖਰਚ ਕਰ ਕੇ ਬਣਾਏ ਖੇਤੀ ਦੇ ਸੰਦ ਉਸਦੀ ਨਜ਼ਰੀਂ ਨਹੀਂ ਸੀ ਪੈ ਰਹੇ।ਸੌਰਵ ਦੀ ਹਾਲਤ ਦੇਖ ਕੇ ਉਸਨੂੰ ਸਮਝਦਿਆਂ ਦੇਰ ਨਾ ਲੱਗੀ ਕਿ ਸਾਰਾ ਸਮਾਨ ਕਿੱਥੇ ਚਲਾ ਗਿਆ ਹੋਣੈ।ਮੋਟਰ ਕੋਲ਼ ਜਾ ਕੇ ਜਦੋਂ ਉਹ ਪਾਣੀ ਪੀਣ ਲੱਗਾ ਤਾਂ ਕੋਲ਼ ਕੀਲੇ ਨਾਲ ਬੱਝੀ ਬਹਿੜਕੀ ਰੱਸਾ ਤੁੜਾਉਣ ਨੂੰ ਫਿਰੇ। ਉਸਨੇ ਜਿਵੇਂ ਹੀ ਕੀਲੇ ਤੋਂ ਰੱਸਾ ਖੋਲ੍ਹਿਆ ਤਾਂ ਉਹ ਪਾਣੀ ਵੱਲ ਇਉਂ ਦੌੜੀ ਜਿਵੇਂ ਸੈਆਂ ਵਰ੍ਹਿਆਂ ਦੀ ਪਿਆਸੀ ਹੋਵੇ।ਉਹ ਵਾਰੋ ਵਾਰੀ ਸਾਰੇ ਡੰਗਰਾਂ ਦੇ ਸੰਗਲ ਖੋਲ੍ਹ ਕੇ ਉਹਨਾਂ ਦੇ ਗਲ਼ ਤੇ ਸੁਟਦਾ ਗਿਆ।ਡੰਗਰਾਂ ਨੇ ਰੱਜ ਰੱਜ ਪਾਣੀ ਪੀਤਾ ਤੇ ਪਾਣੀ ਪੀ ਕੇ ਮੁੜ ਖੁਰਲੀਆਂ ਤੇ ਆ ਕੇ ਵਿਚ ਪਈ ਸੁੱਕੀ ਤੂੜੀ ਨੂੰ ਮੂੰਹ ਮਾਰਨ ਲੱਗ ਪਏ।

ਬ੍ਰਹਮਜੀਤ ਨੇ ਘਰ ਆ ਕੇ ਰਾਮ ਪਿਆਰੀ ਨਾਲ ਸਾਰੀ ਗੱਲ ਸਾਂਝੀ ਕੀਤੀ।ਰਾਮ ਪਿਆਰੀ ਨੂੰ ਅਨਹੋਣੀ ਦਾ ਪਹਿਲਾਂ ਹੀ ਸ਼ੱਕ ਸੀ ਪਰ ਸ਼ੱਕ ਨੂੰ ਅਸਲੀਅਤ ਵਿਚ ਬਦਲਦਿਆਂ ਦੇਖ ਕੇ ਉਸਦਿਆਂ ਪੈਰਾਂ ਥੱਲਿਓਂ ਜ਼ਮੀਨ ਖਿਸਕਣ ਲੱਗੀ, ਸਾਰਾ ਘਰ ਡੋਲ੍ਹਦਾ ਮਹਿਸੂਸ ਹੋਣ ਲੱਗਾ।ਪਤੀ ਸਾਹਮਣੇ ਹੰਝੂ ਰੋਕਦੇ ਰੋਕਦੇ ਵੀ ਉਸਦਾ ਗਲ਼ਾ ਭਰ ਆਇਆ:

"ਵੇ ਚੰਦਰਿਆ ਕਿਹੜੇ ਪਾਸੇ ਲੱਗ ਗਿਆਂ।ਕੀ ਖੋਟ ਰਹਿ ਗਿਆਂ ਸੀ ਸਾਡੇ ਪਿਆਰ 'ਚ ਵੈਰੀਆ।ਵੇ

ਮੇਰੇ ਸਾਊ ਪੁੱਤ ਨੂੰ ਪੱਟਣ ਵਾਲਿਓ ਥਾਡਾ ਕੱਖ ਨਾ ਰਹੇ।ਕੀੜੇ ਪੈਣ ਦੋ ਮੂੰਹਾਂ ਵਾਲੇ ਥਾਡੇ।ਲੋਕਾਂ ਦੇ ਘਰ ਉਜਾੜਤੇ ਤੁਸੀਂ ।"

"ਕਾਹਨੂੰ ਗਾਲ਼ਾਂ ਕੱਢਦੀ ਏ ਲੋਕਾਂ ਨੂੰ।ਹੁਣ ਲੜੇਂਗੀ ਕਿਸੇ ਨਾਲ ਜਾ ਕੇ।ਕਸੂਰ ਤਾਂ ਸਾਰਾ ਆਪਣੀ ਅਲਾਦ ਦਾ ਏ ..।"

"ਹੋਰ ਕੀ ਕਰਾਂ।ਘਰ ਘਰ ਤਾਂ ਚੰਦਰਿਆਂ ਨੇ ਦੁਕਾਨਾਂ ਪਾ ਰੱਖੀਆਂ ਨਸ਼ੇ ਦੀਆਂ।ਦੁੱਧ ਚੁੰਘਦਿਆਂ ਨੂੰ ਵੀ ਮਗਰ ਲਾ ਰੱਖਿਆ ਕਮਜਾਤਾਂ ਨੇ।"

ਬ੍ਰਹਮਜੀਤ ਅੰਦਰ ਜਾ ਕੇ ਬੈਠ ਗਿਆ।ਦੋ ਤਿੰਨ ਦਿਨ ਗੱਲ ਨਾ ਕੀਤੀ ਸੌਰਵ ਨਾਲ ਇਸ ਵਿਸ਼ੇ ਤੇ।ਸੌਰਵ ਸੌਂਦਾ ਵੀ ਹਵੇਲੀ ਹੀ ਸੀ।ਬ੍ਰਹਮਜੀਤ ਨੇ ਪਹਿਲਾਂ ਪਹਿਲ ਉਸਨੂੰ ਘਰ ਸੌਣ ਲਈ ਕਿਹਾ ਸੀ:

"ਕਾਕਾ ਤੂੰ ਘਰੇ ਸੌਂ ਜਾ।ਮੈਂ ਪੈ ਜਾਂਦੈ ਬਾਹਰ ਪਸ਼ੂਆਂ ਕੋਲ਼ੇ ।"

"ਨਹੀਂ ਪਾਪਾ ਤੁਸੀਂ ਰਹਿਣ ਦਿਓ।ਘਰੇ ਕੋਈ ਨਾ ਕੋਈ 'ਫਸੋਸ ਕਰਨ ਵਾਲਾ ਤੁਰਿਆ ਰਹਿੰਦਾ।ਤੁਸੀਂ ਇੱਥੇ ਈ ਰਵੋ।ਮੈਂ ਆਪੇ ਪੈ ਜਾਂਦੈ ਪਸ਼ੂਆਂ ਕੋਲ਼ ਜਾ ਕੇ ।"

ਉਦੋਂ ਤਾਂ ਇਹਨਾਂ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਕਿਉਂ ਸਾਡੇ ਕੋਲੋਂ ਕੰਨੀ ਕਤਰਾਈ ਜਾਂਦੈ।ਪਰ ਹੁਣ ਤਾਂ ਸਾਰਾ ਪਾਜ ਉਧੜ ਗਿਆ ਸੀ।ਗੌਰਵ ਦੇ ਦੁਖਾਂਤ ਨਾਲੋਂ ਪਰਿਵਾਰ ਲਈ ਇਹ ਬਹੁਤ ਵੱਡੇ ਸੰਕਟ ਦੀ ਘੜੀ ਸੀ।

ਮੌਕਾ ਪਾ ਕੇ ਇੱਕ ਦਿਨ ਪਤੀ ਪਤਨੀ ਨੇ ਸੌਰਵ ਨੂੰ ਕੋਲ਼ ਬਿਠਾ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ:

"ਪੁੱਤ ਕੋਈ ਗੱਲ ਨੀ।ਜੇ ਤੈਨੂੰ ਕਿਸੇ ਕੋਲੋਂ ਮਾੜੀ ਲਤ ਲੱਗ ਗਈ ਏ ਤਾਂ ਹੌਲ਼ੀ-ਹੌਲ਼ੀ ਕਰਕੇ ਇਹਤੋਂ ਆਪਣਾ ਖਹਿੜਾ ਛੁਡਾ ਲੈ।ਏਸ ਨਾਲ ਘਰ ਵਿਕ ਜਾਂਦੇ ਐ।ਫੱਕਾ ਨੀ ਰਹਿੰਦਾ ਜਿੰਦਗੀ ਦਾ।ਨਾਲ਼ੇ ਸਾਡੇ ਤਾਂ ਖਾਨਦਾਨ 'ਚੋਂ ਨੀ ਗਿਆ ਕਦੇ ਕੋਈ ਏਸ ਰਾਹੇ ..।"

"ਕਿਹੜਾ ਸਾਲ਼ਾ ਕਹਿੰਦਾ ਮੈਂ ਨਸ਼ੇ ਕਰਦਾ।ਚਾਰ ਪੰਜ ਸਾਲ ਬਾਅਦ ਹੱਥ ਲਾਇਆ ਖੇਤੀ ਦੇ ਕੰਮ ਨੂੰ।ਉਈਂ ਮੱਤ ਵੱਜੀ ਰਹਿੰਦੀ ਆ।" ਸੌਰਵ ਬਾਰੇ ਨੀ ਸੀ ਆਉਣ ਦੇ ਰਿਹਾ।

"ਕਾਕਾ ਆਹ ਵਾਲ਼ ਐਮੀਂ ਨੀ ਚਿੱਟੇ ਹੋ ਗਏ ਧੁੱਪ 'ਚ ਬਹਿ ਕੇ।ਸਾਨੂੰ ਸਭ ਪਤੈ।ਅਸੀਂ ਕੋਈ ਦੋਖੀ ਨੀ ਤੇਰੇ।ਖੂਨ ਆਂ ਸਾਡਾ ਤੂੰ ।" ਬ੍ਰਹਮਜੀਤ ਕੁਝ ਤਲਖੀ 'ਚ ਆ ਗਿਆ ਸੀ ਸਮਝਾਉਂਦਾ ਸਮਝਾਉਂਦਾ।ਪਰ ਸੌਰਵ ਕੁਝ ਨਾ ਬੋਲਿਆ।

"ਪੁੱਤ ਇੱਕੋ ਇੱਕ ਤਾਂ ਹੁਣ ਤੂੰ ਹੈਂ ਸਾਡੇ ਦੇਖਣੇ ਨੂੰ।ਨਾਲ਼ੇ ਸਾਨੂੰ ਨੀ ਲੋੜ ਕਿਸੇ ਨੌਕਰੀ ਨਾਕਰੀ ਦੀ।ਬਥੇਰਾ ਦਿੱਤਾ ਆ ਮਾਲਕ ਦਾ ਘਰੇ।ਤੁਸੀਂ ਪਿਓ ਪੁੱਤ ਇੱਥੇ ਈ ਕਾਮੇ ਲਾ ਕੇ ਸਰਦਾਰ ਬਣ ਕੰਮ ਕਰਾਉਂਦੇ ਰਵੋ।" ਮਾਂ ਦੀ ਮਮਤਾ ਪੁੱਤ ਨੂੰ ਅੱਖੋਂ ਦੂਰ ਹੋਣ ਤੋਂ ਮੁਨਕਰ ਹਾੜੇ ਕੱਢ ਰਹੀ ਸੀ।

ਸੌਰਵ ਕੁਝ ਨਾ ਬੋਲਿਆ।ਰੋਟੀ ਵਾਲੀ ਥਾਲੀ ਪਰੇ ਸਰਕਾ, ਪਾਣੀ ਦਾ ਗਲਾਸ ਫੜੀ ਉੱਠ ਖੜਾ ਹੋਇਆ।

"ਵੇ ਰੋਟੀ ਤਾਂ ਖਾ ਲੈ ਰੱਜ ਕੇ।ਇੱਕ ਰੋਟੀ ਨਾਲ ਕੀ ਬਣਦਾ।ਸੁਖ ਨਾਲ ਜੁਆਨ ਜਹਾਨ ਏ ..।"

"ਮੈਨੂੰ ਭੁੱਖ ਨੀ ਮੰਮਾਂ।ਮੈਂ ਚੱਲਿਆਂ ਬਾਹਰ ਸੌਣ।" ਇਹ ਕਹਿੰਦਿਆਂ ਸੌਰਵ ਬਾਹਰ ਨਿਕਲ ਗਿਆ।

ਸੌਰਵ ਨੇ ਕੁਝ ਦਿਨ ਨਸ਼ੇ ਦੀ ਖੁਰਾਕ ਘੱਟ ਕਰ ਲਈ।ਘਰਦਿਆਂ ਸਾਹਮਣੇ ਉਹ ਆਮ ਵਾਂਗ ਹੋਣ ਦੀ ਕੋਸ਼ਿਸ਼ ਕਰਦਾ।ਪਰ ਵਿਚੋਂ ਨਸ਼ੇ ਨੇ ਉਸਦਾ ਘਾਣ ਕਰ ਛੱਡਿਆ ਸੀ।ਕੋਈ ਨਸ਼ਾ ਨਹੀਂ ਸੀ ਜਿਹੜਾ ਉਸਨੇ ਨਾ ਕਰਕੇ ਦੇਖਿਆ ਹੋਵੇ।ਸ਼ਰਾਬ ਦਾ ਤਾਂ ਹੁਣ ਉਸ ਤੇ ਕੋਈ ਅਸਰ ਈ ਨਹੀਂ ਸੀ ਹੁੰਦਾ ਭਾਵੇਂ ਬੋਤਲ ਚਾੜ੍ਹ ਜਾਵੇ।ਘਰਦਿਆਂ ਨੂੰ ਉਹਦੇ ਵਿਚ ਕੁਝ ਸੁਧਾਰ ਆ ਰਿਹਾ ਮਹਿਸੂਸ ਹੋਇਆ।ਉਹਨਾਂ ਨੇ ਲੈਣ ਦੇਣ ਦੇ ਪੈਸਿਆਂ ਦਾ ਵੀ ਥੋੜ੍ਹਾ ਥੋੜ੍ਹਾ ਹਿਸਾਬ ਕਿਤਾਬ ਉਸਦੇ ਹਵਾਲੇ ਕਰਨਾ ਸ਼ੁਰੂ ਕਰ ਦਿੱਤਾ ਤਾਂ ਜੋ ਇਹ ਆਪਣੀ ਕੋਈ ਜਿੰਮੇਵਾਰੀ ਸਮਝੇ।ਪੰਜ ਛੇ ਮਹੀਨੇ ਗੱਡੀ ਆਪਣੀ ਚਾਲੇ ਤੁਰਦੀ



ਗਈ।ਬ੍ਰਹਮਜੀਤ ਤੇ ਰਾਮ ਪਿਆਰੀ ਵੀ ਕੁਝ ਸੁਖਦ ਅਨੁਭਵ ਕਰ ਰਹੇ ਸਨ।ਉਹਨਾਂ ਨੂੰ ਲਗਦਾ ਸੀ ਕਿ ਸੌਰਵ 'ਚ ਕੁਝ ਸੁਧਾਰ ਹੋ ਰਿਹਾ ਹੈ।ਪਰ ਇਹ ਸੁਖਦ ਅਨੁਭਵ ਉਦੋਂ ਖੰਭ ਖੰਭ ਹੋ ਗਿਆ ਜਦੋਂ ਲੈਣਦਾਰ ਉਹਨਾਂ ਦੇ ਘਰ ਫੇਰੇ ਮਾਰਨ ਲਗੇ।ਸੌਰਵ ਨੇ ਘਰੋਂ ਮਿਲੇ ਪੈਸੇ ਕਿਸੇ ਦੇ ਵੀ ਨਹੀਂ ਸਨ ਚੁਕਾਏ ਸਗੋਂ ਸਾਰੇ ਨਸ਼ੇ ਦੇ ਮੂੰਹ ਉਡਾ ਦਿੱਤੇ ਸਨ।ਬਿਜਲੀ ਵਾਲੇ ਘਰ ਦਾ ਬਿਜਲੀ ਕੁਨੈਕਸ਼ਨ ਕਟਣ ਆ ਗਏ।ਅਖੇ ਤੁਸੀਂ ਪਿਛਲੇ ਦੋ ਮਹੀਨਿਆਂ ਦਾ ਬਿੱਲ ਜਮ੍ਹਾ ਨਹੀਂ ਕਰਵਾਇਆ।ਜਾਂ ਤਾਂ ਬਿੱਲ ਤਾਰੋ ਕੱਲ੍ਹ ਆ ਕੇ ਨਹੀਂ ਤਾਂ ਅਸੀਂ ਲੱਗੇ ਮੀਟਰ ਦੀ ਤਾਰ ਕੱਟਣ।ਸਾਰੀ ਗਲ਼ੀ ਦੇ ਲੋਕ ਇਕੱਠੇ ਹੋ ਗਏ ਤਮਾਸ਼ਾ ਦੇਖਣ।ਰਾਮ ਪਿਆਰੀ ਨੇ ਬੜੀ ਨਮੋਸ਼ੀ ਮੰਨੀ ਇਸ ਗੱਲ ਦੀ।ਮਿੰਨਤ ਤਰਲਾ ਕਰਕੇ ਮਸਾਂ ਭੇਜੇ ਬਿਜਲੀ ਵਾਲੇ।ਏਦਾਂ ਹੀ ਮੰਡੀ ਤੋਂ ਆੜ੍ਹਤੀਆਂ ਦਾ ਸੁਨੇਹਾ ਆ ਗਿਆ।ਹੁਣ ਤਾਂ ਨਿੱਤ ਉਹਨਾਂ ਦੇ ਘਰ ਪੈਸੇ ਲੈਣ ਕੋਈ ਨਾ ਕੋਈ ਆਇਆ ਹੀ ਰਹਿੰਦਾ।ਸੌਰਵ ਨੇ ਹਵੇਲੀ ਦੀਆਂ ਚੀਜ਼ਾਂ ਵੇਚਣ ਤੋਂ ਬਾਅਦ ਘਰ ਦੀਆਂ ਚੀਜ਼ਾਂ ਨੂੰ ਵੀ ਟੱਕ ਲਾ ਲਿਆ ਸੀ।

ਅੱਗੇ ਬਿਜਾਈ ਸਮੇਂ ਦੂਜੇ ਲੋਕ ਬ੍ਰਹਮਜੀਤ ਕੋਲੋਂ ਸੰਦ-ਸੁਦੇਲੇ ਲੈਣ ਆਉਂਦੇ ਸਨ ਤੇ ਹੁਣ ਉਸਨੂੰ ਦੂਜਿਆਂ ਦੇ ਹੱਥਾਂ ਵੱਲ ਦੇਖਣਾ ਪੈਂਦਾ ਸੀ।

ਸੌਰਵ ਦੇ ਖਰਚੇ ਕੌੜੀ ਵੇਲ ਵਾਂਗ ਵਧੀ ਜਾ ਰਹੇ ਸਨ।ਸਰੀਰ ਸੁੱਕ ਕੇ ਕਰੰਗ ਬਣ ਗਿਆ ਸੀ।ਦੇਖ ਕੇ ਕੋਈ ਨੀ ਸੀ ਕਹਿ ਸਕਦਾ ਕਿ ਇਹ ਸਰਦੇ ਪੁਜਦੇ ਘਰ ਦਾ ਚਿਰਾਗ ਹੈ।ਸੋਨੇ ਵਾਂਗ ਦਗ ਦਗ ਕਰਦੇ ਚਿਹਰੇ ਦੀਆਂ ਹੜਵਾਂ ਨਿਕਲ ਆਈਆਂ ਸਨ।ਰੰਗ ਪੀਲ਼ਾ ਭੂਕ ਹੋ ਗਿਆ ਸੀ ਤੇ ਅੱਖਾਂ ਦੇ ਇਰਦ ਗਿਰਦ ਇੰਝ ਕਾਲੇ ਦਾਇਰੇ ਬਣ ਗਏ ਸਨ ਜਿਵੇਂ ਕਿਸੇ ਗਰੀਬ ਗੁਰਬੇ ਘਰ ਦੀ ਜਣੇਪੇ ਵਿਚ ਕਮਜੋਰੀ ਦੀ ਮਾਰੀ ਔਰਤ ਦੇ ਬਣੇ ਹੋਣ।ਮੰਜੇ ਤੇ ਸੁੱਤੇ ਪਏ ਨੇ ਇੰਜ ਲੱਗਣਾ ਜਿਵੇਂ ਕੋਈ ਸਾਹ ਸਤ ਹੀਣ ਲੰਮਾ ਪਿਆ ਹੋਵੇ।

ਹੁਣ ਤਾਂ ਉਸ ਵਿਚ ਕੰਮ-ਕਾਰ ਕਰਨ ਦੀ ਵੀ ਹਿੰਮਤ ਬਾਕੀ ਨਹੀਂ ਸੀ ਬਚੀ।ਸਵੇਰੇ ਸ਼ਾਮ ਲੜ ਝਗੜ ਕੇ ਘਰੋਂ ਪੈਸੇ ਲੈ ਜਾਂਦਾ ਤੇ ਸੂਰਜ ਢਲੇ ਬਾਅਦ ਡੱਕੇ ਡੋਲ਼ੇ ਖਾਂਦਾ ਘਰੇ ਵੜਦਾ।ਮਾਂ ਬਾਪ ਜੇ ਕੁਝ ਕਹਿੰਦੇ ਤਾਂ ਖਾਣ ਨੂੰ ਆਉਂਦਾ।ਰਾਮ ਪਿਆਰੀ ਤਾਂ ਉਸਦੇ ਪਰਦੇ ਰੱਖ ਰੱਖ ਕੇ ਥੱਕ ਚੁੱਕੀ ਸੀ।

ਇੱਕ ਦਿਨ ਘਰੇ ਉਸਦੇ ਨਾਮੇ ਚਿੱਠੀ ਆ ਗਈ ਕਿ ਚੰਡੀਗੜ੍ਹ ਯੂਨੀਵਰਸਿਟੀਓਂ ਆ ਕੇ ਪ੍ਰੋਵੀਜਨਲ ਡਿਗਰੀ ਲੈ ਜਾਵੇ।ਨਾ ਚਾਹੁੰਦਿਆਂ ਹੋਇਆਂ ਵੀ ਘਰਦਿਆਂ ਨੇ ਉਸਨੂੰ ਦੋ ਹਜ਼ਾਰ ਰੁਪਏ ਦੇ ਕੇ ਚੰਡੀਗੜ੍ਹ ਭੇਜ ਦਿੱਤਾ।ਸੌਰਵ ਦੋ ਤਿੰਨ ਦਿਨ ਵਾਪਸ ਨਾ ਆਇਆ।ਉੱਥੇ ਆਪਣੇ ਪੁਰਾਣੇ ਸਾਥੀਆਂ ਨਾਲ ਰਮ ਗਿਆ ਸੀ।ਜਿੱਥੋਂ ਉਸਦੀ ਨਸ਼ੇ ਲੋੜ ਪੂਰੀ ਹੁੰਦੀ ਬਸ ਉੱਥੋਂ ਦਾ ਹੋ ਕੇ ਰਹਿ ਜਾਂਦਾ।ਘਰਦਿਆਂ ਨੇ ਵੀ ਫੋਨ ਕਰਕੇ ਨਾ ਪੁੱਛਿਆ।ਜਿਹੜੀ ਮਾਂ ਦਿਹਾੜੀ ਵਿਚ ਕਈ ਕਈ ਵਾਰ ਫੋਨ ਕਰਕੇ ਆਪਣੇ ਪੁੱਤ ਦਾ ਹਾਲ ਚਾਲ ਪੁਛਦੀ ਰਹਿੰਦੀ ਸੀ ਹੁਣ ਪਤਾ ਨੀ ਉਹ ਮਮਤਾ ਕਿੱਥੇ ਚਲ਼ੀ ਗਈ ਸੀ।

ਤਿੰਨ ਛੁੱਟੀਆਂ ਤੋਂ ਬਾਅਦ ਰਾਮ ਪਿਆਰੀ ਸਕੂਲ ਗਈ ਸੀ।ਅਜੇ ਜਾ ਕੇ ਉਸਨੇ ਪਹਿਲੇ ਸਮੇਂ ਦੀ ਹਾਜ਼ਰੀ ਲਾਈ ਹੀ ਸੀ ਕਿ ਉਸਦੇ ਮੋਬਾਇਲ ਦੀ ਘੰਟੀ ਵੱਜੀ:

"ਹੈਲੋ, ਸੌਰਵ ਦੇ ਘਰੋਂ ਬੋਲਦੇ ।" ਮੁਣਸ਼ੀ ਨੇ ਸੌਰਵ ਦੇ ਫੋਨ 'ਚੋਂ ਘਰ ਦਾ ਨੰਬਰ ਡਾਇਲ ਕਰਦਿਆਂ ਕਿਹਾ।

"ਅਹਾਂ......ਜੀ, ਤੁਸੀਂ ਕੌਣ ?" ਬੇਪਛਾਣੀ ਅਵਾਜ਼ ਨੂੰ ਪਛਾਨਣ ਦਾ ਯਤਨ ਕਰਦੀ ਰਾਮ ਪਿਆਰੀ ਦਫਤਰੋਂ ਬਾਹਰ ਆ ਗਈ।

"ਮੁਹਾਲੀ ਥਾਣੇ ਤੋਂ ਬੋਲਦਾ ਪਿਆਂ, ਮੁਣਸ਼ੀ।ਥੋਡਾ ਸਾਹਿਬਜਾਦਾ ਨਸ਼ੇ ਵੇਚਦਾ ਫੜਿਆ ਗਿਆ।ਜੇਲ 'ਚ ਆ ਹੁਣ ..।"

ਜੇਲ਼ ਦਾ ਨਾਂ ਸੁਣ ਕੇ ਰਾਮ ਪਿਆਰੀ ਦਾ ਸਾਹ ਸੁੱਕ ਗਿਆ।ਪੂਰੀ ਗੱਲ ਵੀ ਨਾ ਸੁਣ ਹੋਈ ਚੰਗੀ ਤਰ੍ਹਾਂ।ਉੱਥੇ ਖੜ੍ਹੀ ਖੜ੍ਹੀ ਡਿੱਗ ਪਈ ਘਬਰਾ ਕੇ।ਬੱਚਿਆਂ ਨੇ ਰੌਲ਼ੀ ਪਾ ਦਿੱਤੀ।ਨਾਲ ਦੀਆਂ ਮੈਡਮਾਂ ਨੇ

ਮਸਾ ਸੰਭਾਲਿਆ ਆ ਕੇ ਡਿਗਦੀ ਡਿਗਦੀ ਨੂੰ। ਫੋਨ ਅਜੇ ਚਲਦਾ ਹੀ ਸੀ ।ਬਾਕੀ ਦੀ ਗੱਲ ਮੋਬਾਇਲ ਫੜ ਕੇ ਰਮੇਸ਼ ਮਾਸਟਰ ਨੇ ਸੁਣੀ।ਗੱਲ ਸੁਣ ਕੇ ਉਸਦਾ ਵੀ ਰੰਗ ਉਡ ਗਿਆ।

ਰਾਮ ਪਿਆਰੀ ਨੇ ਸੁਰਤ ਸੰਭਾਲਦਿਆਂ ਰਮੇਸ਼ ਮਾਸਟਰ ਵੱਲ ਹੱਥ ਜੋੜਦਿਆਂ ਕਿਹਾ-

"ਮਾਸਟਰ ਜੀ ਮੇਰੇ ਸੌਰਵ ਨੂੰ ਬਚਾ ਲਵੋ। ਉਹ ਨੀ ਏਦਾਂ ਦਾ"

"ਤੁਸੀਂ ਚਿੰਤਾ ਨਾ ਕਰੋ ਭੈਣ ਜੀ, ਮੈਂ ਹੁਣੇ ਚੰਡੀਗੜ੍ਹ ਫੋਨ ਕਰਦਾ।"

ਰਮੇਸ਼ ਨੇ ਆਪਣੇ ਚੰਡੀਗੜ੍ਹ ਰਹਿੰਦੇ ਦੋਸਤ ਨੂੰ ਫੋਨ ਕੀਤਾ ਜਿਹੜਾ ਪੁਲਿਸ 'ਚ ਇੰਨਸਪੈਕਟਰ ਸੀ।

"ਭਾਜੀ ਗੁਡ ਮੌਰਨਿੰਗ.।"

"ਵੈਰੀ ਗੁਡ ਮੌਰਨਿੰਗ।ਮਾਸਟਰ ਜੀ ਪ੍ਰਣਾਮ।ਕਿਵੇਂ ਯਾਦ ਕੀਤਾ ਅੱਜ ਸਰਕਾਰ ਨੇ।"

"ਭਾਜੀ ਬਾਕੀ ਗੱਲਾਂ ਤਾਂ ਬਾਅਦ 'ਚ।ਪਹਿਲਾਂ ਇੱਕ ਸਮੱਸਿਆ ਹੱਲ ਕਰੋ ਛੇਤੀ।"

"ਦੱਸੋ ਸਰ ਕੀ ਹੁਕਮ ਆ ?"

"ਤੁਹਾਡੀ ਪੁਲਿਸ ਸ਼ਰੀਫ ਬੰਦਿਆਂ ਨੂੰ ਟੰਗੀ ਜਾਂਦੀ ਆ।ਸਾਡੇ ਮੈਡਮ ਵਿਚਾਰੇ ਸਤਸੰਗੀ ਆ ਤੇ ਉਹਨਾਂ ਦਾ ਬੇਟਾ ਵੀ।ਡਿਗਰੀ ਲੈਣ ਗਿਆ ਫੜ ਲਿਆ ਮੁਹਾਲੀ।ਕਿਤੇ ਹੋਰ ਨਾ ਐਸਾ ਵੈਸਾ ਕੇਸ ਪਾ ਦੇਣ।"

"ਚਿੰਤਾ ਨਾ ਕਰੋ ਮਾਸਟਰ ਜੀ, ਮੈਂ ਡਿਊਟੀ ਜਾ ਰਿਹਾ ਤੇ ਅੱਜ ਕੱਲ੍ਹ ਮੁਹਾਲੀ ਥਾਣੇ ਦਾ ਚਾਰਜ ਵੀ ਮੇਰੇ ਕੋਲ ਈ ਆ।ਪੰਜ ਮਿੰਟ ਬਾਅਦ ਫੋਨ ਕਰਦਾ।"

ਇੰਨਸਪੈਕਟਰ ਥਾਣੇ ਪਹੁੰਚਿਆ ਤੇ ਦੂਰੋਂ ਹੀ ਮੁਣਸ਼ੀ ਵੱਲ ਕੜਕਿਆ-

"ਓਏ ਮੁਣਸ਼ੀ ਕਿਹਨੂੰ ਫੜ ਲਿਆਏ ਸਵੇਰੇ ਸਵੇਰੇ।ਬੰਦਾ ਕ ਬੰਦਾ ਵੀ ਦੇਖ ਲਿਆ ਕਰੋ ?"

"ਜੈ ਹਿੰਦ ਜਨਾਬ।.ਬੰਦਾ ਕ ਬੰਦਾ।ਆ ਜਾਓ ਦੇਖ ਲਓ ਆ ਕੇ ਨਸ਼ੇ 'ਚ ਧੁੱਤ ਪਿਆ ਕੋਠੜੀ ਵਿਚ।"

ਹਰਮਿੰਦਰ ਕੋਠੜੀ ਵੱਲ ਨੂੰ ਹੀ ਹੋ ਤੁਰਿਆ।ਮੋਬਾਇਲ ਉਸਨੇ ਰਮੇਸ਼ ਮਾਸਟਰ ਨੂੰ ਡਾਇਲ ਕਰਕੇ ਸਪੀਕਰ ਚਲਾ ਲਿਆ ਤੇ ਕੋਠੜੀ ਅੰਦਰ ਪਏ ਪੰਜ ਸੱਤ ਬੰਦੀਆਂ ਨੂੰ ਗਰਜਦਿਆਂ ਬੋਲਿਆ-

"ਓਏ ਸੌਰਵ ਕਿਹੜੈ ਥੌਡੇ 'ਚੋਂ..?"

"ਮੈਂ ਈ ਆਂ ਸੌਰਵ ।ਕੀ ਕਹਿਣੈ ਸੌਰਵ ਨੂੰ..?"

ਬੋਰੀ ਉਪਰ ਲੱਤ ਤੇ ਲੱਤ ਰੱਖ ਕੇ ਪਏ ਸੌਰਵ ਨੇ ਤੇਜ਼ੀ ਨਾਲ ਉਠਦਿਆਂ ਬੜੇ ਰੰਗੜਾਊ ਤਰੀਕੇ ਨਾਲ ਹਰਮਿੰਦਰ ਨੂੰ ਜਵਾਬ ਦਿੱਤਾ।ਉਸਦੀਆਂ ਅੱਖਾਂ ਖੁਲ੍ਹੀਆਂ ਸਨ ਤੇ ਸੁਰਤੀ ਬਿਲਕੁਲ ਗੁੰਮ ਹੋਈ ਪਈ ਸੀ।ਸਰੀਰ ਲੜ-ਖੜਾ ਰਿਹਾ ਸੀ।

ਹਰਮਿੰਦਰ ਨੂੰ ਭਾਪਦਿਆਂ ਦੇਰ ਨਾ ਲੱਗੀ ਕਿ ਸਚਾਈ ਕੀ ਹੋ ਸਕਦੀ ਹੈ।ਕੋਠੜੀ ਵਲੋਂ ਦਫਤਰ ਨੂੰ ਮੁੜਦਿਆਂ ਉਸਨੇ ਰਮੇਸ਼ ਮਾਸਟਰ ਨਾਲ ਗੱਲ ਕਰਨੀ ਸ਼ੁਰੂ ਕੀਤੀ-

"ਮਾਸਟਰ ਜੀ ਪੁਲਿਸ ਨੂੰ ਬੁਰਾ ਭਲਾ ਨਾ ਕਹੋ।ਸੁਣ ਲਿਆ ਹਾਲ ਸਤਸੰਗੀ ਦਾ ਆਪਣੇ ਕੰਨੀ।ਇਹ ਕੱਲ੍ਹਾ ਨਸ਼ਈ ਨਈ ਸਮੱਗਲਰ ਵੀ ਹੈ।ਘੰਟੇ ਕੁ ਵਿਚ ਛੇਤੀ ਪਹੁੰਚ ਜਾਓ ,ਨਈ ਤਾਂ ਗੱਲ ਮੇਰੇ ਹੱਥੋਂ ਵੀ ਨਿਕਲ ਜਾਣੀ ਆਂ।"

ਰਮੇਸ਼ ਨੇ ਸਾਰੀ ਸਚਾਈ ਰਾਮ ਪਿਆਰੀ ਨੂੰ ਦੱਸ ਦਿੱਤੀ।ਉਨ੍ਹੀਂ ਪੈਰੀਂ ,ਉਹਨਾਂ ਅਰਜ਼ੀਆਂ ਲਿਖੀਆਂ ਤੇ ਬ੍ਰਹਮਜੀਤ ਨੂੰ ਨਾਲ ਲੈ ਕੇ ਰਮੇਸ਼ ਮਾਸਟਰ ਦੀ ਗੱਡੀ ਵਿਚ ਹੀ ਚੰਡੀਗੜ੍ਹ ਨੂੰ ਰਵਾਨਾ ਹੋ ਗਏ।ਡੇਢ ਘੰਟੇ ਵਿਚ ਉਹਨਾਂ ਦੀ ਗੱਡੀ ਮੁਹਾਲੀ ਥਾਣੇ ਮੂਹਰੇ ਸੀ।

"ਆ ਜਾਓ ਮਾਸਟਰ ਜੀ ਆ ਜਾਓ।ਬਹੁਤ ਬੁਰਾ ਹਾਲ ਆ ਥੋਡੇ ਜੁਆਕ ਦਾ।ਨਸ਼ਾ ਵੇਚਦਾ ਨਸ਼ੇ ਦੀ ਹਾਲਤ ਵਿਚ ਫੜਿਆ ਗਿਆ ਇਹ।ਪੈਕਟ ਪੂਰਾ ਮਿਲਿਆ ਸਮੈਕ ਦਾ ਇਹਦੇ



ਕੋਲੋਂ।ਐੱਨ.ਡੀ.ਪੀ.ਐੱਸ.ਐਕਟ ਦੀ ਧਾਰਾ ਤਹਿਤ ਇਹਨੂੰ ਕੋਈ ਸਜ਼ਾ ਤੋਂ ਨੀ ਬਚਾ ਸਕਦਾ।"

ਸੁਣ ਕੇ ਰਾਮ ਪਿਆਰੀ ਤੇ ਬ੍ਰਹਮਜੀਤ ਤਾਂ ਸੁੰਨ ਹੀ ਹੋ ਗਏ।ਕੋਈ ਗੱਲ ਨਾ ਆਹੁੜੀ ਉਹਨਾਂ ਨੂੰ।ਬੁੱਲ੍ਹ ਜਿਵੇਂ ਜੁੜ ਹੀ ਗਏ ਸਨ ਦੋਹਾਂ ਦੇ।

"ਫੇਰ ਭਾਜੀ ਤੁਸੀਂ ਈ ਬਚਾ ਕਰੋ ਕੋਈ।ਇਹ ਤਾਂ ਬਚਾਰੇ ਦੋਨੋ ਸਾਊ ਲੋਕ ਆ।ਨਸ਼ਾ ਤਾਂ ਕਦੇ ਇਹਨਾਂ ਦੀਆਂ ਸੱਤਾਂ ਪੀੜੀਆਂ 'ਚ ਨੀ ਥੜਿਆ ਹੋਣਾ।ਏਦੂੰ ਛੋਟਾ ਪਿਛਲੇ ਵਰ੍ਹੇ ਐਕਸੀ ਡੈਂਟ 'ਚ ਪੂਰਾ ਹੋ ਗਿਆ।ਹੁਣ ਤਾਂ ਏਹੀ ਕੁਝ ਆ ਇਹਨਾਂ ਕੋਲ।ਜੇ ਇਹਨੂੰ ਵੀ ਕੁਝ ਹੋ ਗਿਆ ਇਹ ਤਾਂ ਬਚਾਰੇ ਜਿਉਂਦੇ ਜੀਅ ਮਰ ਜਾਣਗੇ।" ਰਮੇਸ਼ ਮਾਸਟਰ ਨੇ ਅਸਲੀਅਤ ਬਿਆਨ ਕਰਦਿਆਂ ਕਿਹਾ।

"ਮੁਣਸ਼ੀ ਯਾਰ ਕਾਗਜ਼ ਪੱਤਰ ਤਿਆਰ ਕਰਕੇ ਸਾਇਨ ਕਰਾ ਲੈ ਇਹਨਾਂ ਸਾਰਿਆਂ ਦੇ।ਪਹਿਲਾਂ ਲਿਖੀ ਰਿਪੋਰਟ ਖਾਰਜ ਕਰ ਦੇ।ਨਾਲ਼ੇ ਚਾਹ ਦੇ ਭੇਜੀਂ ਪੰਜ ਸੱਤ ਕੱਪ।ਮਾਸਟਰ ਜੀ ਮੇਰੇ ਆਪਣੇ ਗਰਾਂ ਦੇ ਨੇ।ਮੁੰਡੇ ਨੂੰ ਵੀ ਲਾਕਰ 'ਚੋਂ ਏਧਰ ਭੇਜ ਦੇਈਂ।" ਮੁਣਸ਼ੀ ਨੂੰ ਹੁਕਮ ਸੁਣਾ ਕੇ ਹਰਮਿੰਦਰ ਰਮੇਸ਼ ਮਾਸਟਰ ਨਾਲ ਗੱਲੀਂ ਪੈ ਗਿਆ..

ਆਉਂਦੇ ਵਕਤ ਸਾਰੀ ਵਾਟ ਰਾਮ ਪਿਆਰੀ ਤੇ ਬ੍ਰਹਮਜੀਤ ਮਾਸਟਰ ਰਮੇਸ਼ ਅੱਗੇ ਹੱਥ ਜੋੜੀ ਵਾਰ ਵਾਰ ਧੰਨਵਾਦ ਕਰ ਰਹੇ ਸਨ।

"ਅੱਜ ਜੇ ਤੁਸੀਂ ਨਾ ਹੁੰਦੇ ਤਾਂ ਸਾਡੇ ਛੋਕਰੇ ਨੇ ਥੱਧਾ ਨੀ ਸੀ ਛੁਟਣਾ।ਇਹੀ ਥਾਂ ਨੀ ਸੀ ਕਦੇ ਦੇਖੀ।ਇਹ ਵੀ ਦਿਖਾ ਦਿੱਤੀ ਇਸ ਚੰਦਰੇ ਨੇ।"ਚੁੰਨੀ ਦੇ ਪੱਲੇ ਨਾਲ ਅੱਥਰੂ ਪੂੰਝਦਿਆਂ ਰਾਮ ਪਿਆਰੀ ਨੇ ਕਿਹਾ।

"ਭੈਣ ਜੀ ਕੋਈ ਗੱਲ ਨੀ।ਗਲਤੀਆਂ ਵੀ ਬੰਦਿਆਂ ਤੋਂ ਈ ਹੁੰਦੀਆਂ।ਨਾਲ਼ੇ ਜੇ ਸਵੇਰ ਦਾ ਭੁਲਿਆ ਸ਼ਾਮ ਨੂੰ ਘਰ ਆ ਜਾਵੇ ਤਾਂ ਇਸਨੂੰ ਭੁਲਿਆ ਨੀ ਕਹਿੰਦੇ।" ਰਮੇਸ਼ ਨੇ ਗੱਲਾਂ ਗੱਲਾਂ 'ਚ ਸੌਰਵ ਨੂੰ ਸਮਝਾਉਂਦਿਆਂ ਕਿਹਾ।

ਸਿਹਤ ਠੀਕ ਨਾ ਹੋਣ ਦਾ ਬਹਾਨਾ ਲਾ ਕੇ ਰਾਮ ਪਿਆਰੀ ਕਈ ਦਿਨ ਸਕੂਲ ਨਾ ਗਈ।ਸੌਰਵ ਨੂੰ ਵੀ ਘਰੋਂ ਬਾਹਰ ਨਾ ਨਿਕਲਣ ਦਿੱਤਾ।ਇੱਕ ਦਿਨ ਤਾਂ ਸੌਰਵ ਦਾ ਘਰ ਠੀਕ ਠਾਕ ਲੰਘ ਗਿਆ।ਪਰ ਅਗਲੇ ਦਿਨ ਉਹ ਘਰੋਂ ਕਈ ਤਰ੍ਹਾਂ ਦੇ ਬਹਾਨੇ ਲਾ ਕੇ ਬਾਹਰ ਜਾਣ ਨੂੰ ਕਰੇ।ਇੱਧਰ ਉਧਰ ਸੁਦਾਈਆਂ ਵਾਂਗ ਘੁੰਮਦਾ ਬੋਲੀ ਜਾਵੇ।ਉਸਦੀ ਜਾਨ ਨੂੰ ਤੋੜਾ ਖੋਹੀ ਲੱਗੀ ਹੋਈ ਸੀ।ਨਿੱਕੀ ਨਿੱਕੀ ਗੱਲ ਤੇ ਘਰਦਿਆਂ ਨੂੰ ਖਾਣ ਨੂੰ ਪਵੇ।ਅੰਤ ਢਿੱਡ ਪੀੜ ਦਾ ਬਹਾਨਾ ਲਾ ਕੇ ਘਰੋਂ ਨਿਕਲ ਗਿਆ ਅਖੇ ਮੇਰੇ ਬਹੁਤ ਦਰਦ ਹੋ ਰਹੀ ਹੈ ਪੇਟ ਵਿਚ ।ਦਵਾਈ ਲੈ ਕੇ ਹੁਣੇ ਆ ਜਾਨੈ।

ਜੁਆਨ ਜਹਾਨ ਧੀ ਪੁੱਤ ਦੀ ਰਾਖੀ ਕਰਨੀ ਕਿਹੜਾ ਸੁਖਾਲੀ ਸੀ।ਦੋਵੇਂ ਮੀਆਂ ਬੀਬੀ ਹੰਭ ਗਏ ਸਨ ਸੌਰਵ ਨੂੰ ਸਮਝਾ ਸਮਝਾ ਕੇ।ਪਰ ਉਸਦੀ ਸਿਹਤ ਤੇ ਕੋਈ ਅਸਰ ਨੀ ਸੀ ਹੋ ਰਿਹਾ।ਆਪਣੇ ਇੱਕ ਰਿਸ਼ਤੇਦਾਰ ਦੀ ਸਲਾਹ ਤੇ ਸੌਰਵ ਨੂੰ ਨਸ਼ਾ ਛੁਡਾਊ ਕੇਂਦਰ ਵਿਚ ਵੀ ਦਾਖਲ ਕਰਵਾ ਕੇ ਦੇਖ ਲਿਆ ਸੀ।ਹੁਣ ਤਾਂ ਹਾਲਤ ਬਦ ਤੋਂ ਬਦਤਰ ਹੋ ਗਈ ਸੀ।ਘਰਦਿਆਂ ਨੇ ਉਸਨੂੰ ਪੈਸਾ ਧੇਲਾ ਦੇਣਾ ਉੱਕਾ ਬੰਦ ਕਰ ਦਿੱਤਾ ਸੀ।ਕਈ ਵਾਰ ਤਾਂ ਉਹ ਮਾਪਿਆਂ ਕੋਲ ਪਿੱਛੇ ਮੁੜਨ ਦਾ ਵਾਅਦਾ ਕਰ ਲੈਂਦਾ ਪਰ ਜਿਨ੍ਹਾਂ ਰਸਤਿਆਂ ਤੇ ਉਸਨੇ ਪੈਰ ਰੱਖ ਲਿਆ ਸੀ ਸ਼ਾਇਦ ਉਹਨਾਂ ਤੋਂ ਪਿੱਛੇ ਮੁੜਨ ਦਾ ਹੋਰ ਕੋਈ ਚਾਰਾ ਵੀ ਨਹੀਂ ਸੀ।ਪਿੰਡ ਵਿਚ ਵੀ ਨਿੱਕੀਆਂ ਮੋਟੀਆਂ ਹੋ ਰਹੀਆਂ ਚੋਰੀਆਂ ਵਿਚ ਸੌਰਵ ਦਾ ਨਾਂ ਵੱਜ ਰਿਹਾ ਸੀ।

ਸੌਰਵ ਨੂੰ ਘਰੋਂ ਗਏ ਨੂੰ ਹਫਤਾ ਭਰ ਹੋ ਗਿਆ ਸੀ ।ਉਸਦਾ ਕੋਈ ਪਤਾ ਥਹੁ ਨਹੀਂ ਸੀ।ਆਂਡੀ ਗੁਆਂਢੀ ਪੁਛਦੇ ਤਾਂ ਘਰ ਦੇ ਯੂਨੀਵਰਸਿਟੀ ਗਏ ਹੋਣ ਦਾ ਬਹਾਨਾ ਘੜ ਲੈਂਦੇ।ਸ਼ਾਮ ਨੂੰ ਸਕੂਲ਼ ਤੋਂ ਬਾਅਦ ਜਦੋਂ ਰਾਮ ਪਿਆਰੀ ਘਰ ਪਹੁੰਚੀ ਤਾਂ ਉਹਨਾਂ ਦੇ ਘਰ ਮੂਹਰੇ ਲੋਕਾਂ ਦਾ ਮੇਲਾ ਜਿਹਾ ਲੱਗਿਆ ਹੋਇਆ ਸੀ।ਲੋਕ ਸਿਪਾਹੀ ਨੂੰ ਘੁਸਰ ਮੁਸਰ ਕਰਦੇ ਕਹਿ ਰਹੇ ਸਨ

"ਇਹ ਮਾਂ ਹੈ ਮੁੰਡੇ ਦੀ।ਮਾਸਟਰਾਣੀ ਐ.।"

"ਭੈਣ ਜੀ ਸੌਰਵ ਤੁਹਾਡਾ ਹੀ ਲੜਕੈ।"

"ਹਾਂ ਜੀ।"

ਚੋਰੀ ਕਰਦਾ ਫੜਿਆ ਗਿਆ ਕੱਲ੍ਹ।ਬਾਕੀ ਦੇ ਤਾਂ ਭੱਜ ਗਏ ।ਇਹ ਹੱਥ ਆ ਗਿਆ।ਥੋਨੂੰ ਥਾਣੇ ਬੁਲਾਇਆ।ਜੇ ਹੁਣੇ ਪੁੱਜ ਜਾਊਗੇ ਤਾਂ ਕੁਝ ਬਚਾ ਹੋਜੂ..।"

"ਅੱਛਾ ਜੀ।" ਰਾਮ ਪਿਆਰੀ ਤੋਂ ਮਸਾਂ ਜਵਾਬ ਦੇ ਹੋਇਆ।ਸਿਪਾਹੀ ਬੂਹੇ ਦੇ ਦਰਾਂ ਤੋਂ ਹੀ ਮੁੜ ਗਿਆ।ਲੋਕ ਵੀ ਹੌਲੀ ਹੌਲੀ ਖਿਸਕਣ ਲੱਗੇ।ਬੂਹਾ ਖੋਲ੍ਹ ਕੇ ਰਾਮ ਪਿਆਰੀ ਅੰਦਰ ਆ ਗਈ ਫੋਨ ਤੇ ਬ੍ਰਹਮਜੀਤ ਨੂੰ ਸਾਰੀ ਗੱਲ ਦੱਸ ਦਿੱਤੀ।ਉਹ ਉਨ੍ਹੀ ਪੈਰੀਂ ਖੇਤਾਂ 'ਚੋਂ ਆ ਗਿਆ।ਨਾਲ ਜਾਣ ਵਾਸਤੇ ਸਰਪੰਚ ਨੂੰ ਫੋਨ ਕਰਨ ਲੱਗਾ-

"ਸਰਪੰਚ ਸਾਹਿਬ ਮੈਂ ਬ੍ਰਹਮਜੀਤ ।ਥਾਣੇ ਚਲਣਾ ਆਪਾਂ ਜਰਾ ਕੁ।" ਬ੍ਰਹਮਜੀਤ ਕੋਲੋਂ ਮਸਾ ਅੱਧੀ ਗੱਲ ਹੀ ਕਹਿ ਹੋਈ ਜਕਦਿਆਂ ਜਕਦਿਆਂ।

"ਮੈਨੂੰ ਸਾਰਾ ਕੁਝ ਪਤਾ ਭਾਜੀ।..ਕੰਜਰ ਨੇ ਮੇਰਾ ਨੰਬਰ ਹੀ ਦੱਸਿਆ ਥਾਣੇ ਚੋਰੀ ਕਰਕੇ।ਮੈਂ ਧੰਨੇ ਪੰਚ ਨੂੰ ਭੇਜਦਾ ਥੋਡੇ ਨਾਲੇ।ਮੇਰੀ ਕੁਝ ਤਬੀਅਤ ਜਰਾ ਢਿੱਲੀ ਐ ਅੱਜ..।" ਬਹਾਨਾ ਲਾਉਂਦਿਆਂ ਸਰਪੰਚ ਨੇ ਫੋਨ ਕੱਟ ਦਿੱਤਾ।ਦਰਅਸਲ ਉਹ ਪਿਛਲੇ ਹਫਤੇ ਵੀ ਚੋਰੀ ਵਾਲੇ ਕੇਸ ਵਿਚ ਕਿਸੇ ਜਾਣਕਾਰ ਦੀ ਮੱਦਦ ਹਿੱਤ ਥਾਣੇ ਚਲਾ ਗਿਆ ਸੀ ।ਬੜਾ ਹੌਲ਼ਾ ਹੋਣਾ ਪਿਆ ਸੀ ਉਸਨੂੰ ਉੱਥੇ।ਓਦਣ ਤੋਂ ਹੀ ਉਸਨੇ ਫੈਸਲਾ ਕਰ ਲਿਆ ਸੀ ਕਿ ਕਿਸੇ ਚੋਰੀ ਜਾਂ ਆਸ਼ਕ ਪੱਠੇ ਵਾਲੇ ਕੇਸ ਵਿਚ ਕਦੇ ਥਾਣੇ ਨਹੀਂ ਢੁੱਕਣਾ।

ਬ੍ਰਹਮਜੀਤ ਧੰਨੇ ਤੇ ਇੱਕ ਹੋਰ ਜਾਣਕਾਰ ਨੂੰ ਨਾਲ ਲੈ ਕੇ ਥਾਣੇ ਪਹੁੰਚ ਗਿਆ।ਥਾਣੇਦਾਰ ਅੜਬ ਸੁਭਾਅ ਦਾ ਸੀ।ਇਹਨਾਂ ਦੋਹਾਂ ਦੇ ਸਾਹਮਣੇ ਸੌਰਵ ਨੂੰ ਸੱਦ ਲਿਆ।ਸੌਰਵ ਦਾ ਮੂੰਹ ਤੇ ਬੁੱਲ੍ਹ ਸੁੱਜੇ ਹੋਏ ਸਨ।ਮੂੰਹ ਤੇ ਉਂਗਲਾਂ ਦੇ ਨਿਸ਼ਾਨ ਵੀ ਗਿਣੇ ਜਾ ਸਕਦੇ ਸਨ।

"ਅੱਛਾ ਪਹਿਲਾਂ ਤਾਂ ਮੁੰਡਿਆ ਤੈਨੂੰ ਸਿਰਫ ਟ੍ਰੇਲਰ ਈ ਦਿਖਾਇਆ।ਅਜੇ ਫਿਲਮ ਪੂਰੀ ਬਾਕੀ ਆ।ਹੁਣ ਸੱਚ ਸੱਚ ਆਪਣੇ ਬਤੁਖਮਾਂ ਸਾਹਮਣੇ ਦੱਸ ਬਈ ਤੈਂ ਕਿੱਥੇ ਕਿੱਥੇ ਡਾਕੇ ਮਾਰੇ, ਕਿਹਦੀਆਂ ਵਾਲੀਆਂ ਲਾਹੀਆਂ ਤੇ ਕਿੰਨੇ ਸਕੂਟਰ ਮੋਟਰ ਸਾਈਕਲ ਚੋਰੀ ਕੀਤੇ ਆ।ਆਪਣੀ ਸਾਰੀ ਗੈਂਗ ਦਾ ਨਾਂ ਦੱਸ ਦੇ, ਨਈ ਤਾਂ ਪੁੱਠਾ ਟੰਗ ਦੇਣਾ ਕੰਜਰਾ ਇੱਥੇ ਈ।"

ਸੌਰਵ ਨੇ ਹੱਥ ਜੋੜ ਲਏ ਤੇ ਥਾਣੇਦਾਰ ਦੇ ਪੈਰਾਂ ਵੱਲ ਵਧਿਆ।

ਥਾਣੇਦਾਰ ਨੇ ਕੁਰਸੀ ਤੇ ਬੈਠਿਆਂ ਹੀ ਦੌੜ ਕਰਦਾ ਠੁੱਡ ਸੌਰਵ ਦੇ ਮੌਰ ਤੇ ਮਾਰਿਆ ਤੇ ਉਹ ਠਾਹ ਕਰਦਾ ਲਾਗਲੀ ਕੰਧ ਵਿਚ ਵੱਜਿਆ।

"ਮੇਰੇ ਪੈਰਾਂ ਨੂੰ ਗੰਦੇ ਹੱਥ ਨਾ ਲਾ।ਅੱਛਾ ਡਾਕਾ ਕਾਹਦੇ ਨਾਲ ਮਾਰਦਾ।ਕੀ ਕੀ ਹਥਿਆਰ ਆ ਤੇਰੇ ਕੋਲ।ਫਟਾ ਫਟ ਬਕ।"

ਲ਼ਾਗੇ ਬੈਠਾ ਕੁਝ ਲਿਖ ਰਿਹਾ ਮੁਣਸ਼ੀ ਉੱਠਿਆ ਅੰਦਰੋਂ ਇੱਕ ਘਸਮੈਲਾ ਜਿਹਾ ਥੈਲਾ ਲਿਆ ਕੇ ਮੇਜ ਤੇ ਢੇਰੀ ਕਰਦਿਆਂ ਬੋਲਿਆ:

"ਆਹ ਕੁਛ ਮਿਲਿਆ ਜਨਾਬ ਇਹਦੇ ਕੋਲੋਂ ।"

ਥੈਲੇ ਵਿਚ ਪੱਥਰ ਦੇ ਬੱਟੇ, ਇੱਕ ਪੇਚਕਸ, ਪਲਾਸ, ਗੁਲੇਲ ਤੇ ਰੀਠੇ ਮੇਜ ਤੋਂ ਹੇਠਾਂ ਵੱਲ ਰੁੜ੍ਹ ਕੇ ਕੁਰਸੀਆਂ ਤੇ ਬੈਠਿਆਂ ਦੇ ਪੈਰਾਂ ਵਿਚ ਆ ਗਏ।

"ਨਾਲ ਦੱਸ ਤੇਰੇ ਕੌਣ ਕੌਣ ਆਂ ।" ਥਾਣੇਦਾਰ ਨੇ ਮੇਜ ਤੇ ਕਾਲੀਸ਼ਾਹ ਬੈਂਤ ਦੀ ਸੋਟੀ ਮਾਰਦਿਆਂ ਕਿਹਾ।ਧੰਨਾ ਪੰਚ ਤੇ ਬ੍ਰਹਮਜੀਤ ਕੋਲ ਬੈਠੇ ਕੁਝ ਨਹੀਂ ਸੀ ਬੋਲ ਰਹੇ।

"ਮੈਂ ਕੱਲ੍ਹਾ ਈ ਹੁੰਨਾ ਆਂ ਜੀ ਤੇ ਏਸ ਸਮਾਨ ਆਸਰੇ ਈ ਚੋਰੀ ਕਰਦਾ।"

"ਉਹ ਕਿੱਦਾਂ।" ਥਾਣੇਦਾਰ ਤੇ ਨਾਲ ਬੈਠੇ ਸਾਰਿਆਂ ਦੇ ਚਿਹਰਿਆਂ ਤੇ ਹੈਰਾਨੀ ਦੇ ਭਾਵ ਝਲਕ



ਪਏ।

ਸੌਰਵ ਨੇ ਆਪਣੀ ਗੱਲ ਅਗਾਂਹ ਤੋਰਦਿਆਂ ਬੇਝਿਜਕ ਹੋ ਕੇ ਦੱਸਣਾ ਸ਼ੁਰੂ ਕੀਤਾ-

"ਮੈਂ ਚੋਰੀ ਨਸ਼ੇ ਲਈ ਈ ਕਰਦੇ ਆਂ ਜੀ ।ਜਦੋਂ ਘਰੋਂ ਨਸ਼ੇ ਲਈ ਪੈਸੇ ਨਹੀਂ ਮਿਲਦੇ ਤਾਂ ਸ਼ਹਿਰ ਕਲੋਨੀਆਂ ਵੱਲ ਨੂੰ ਨਿਕਲ ਜਾਈਦਾ।ਪਿੰਡਾਂ ਵਿਚ ਤਾਂ ਹਰ ਗਲ਼ੀ ਰੌਲਾ ਗੌਲਾ ਰਹਿੰਦਾ ਤੇ ਸ਼ਹਿਰਾਂ ਦੇ ਮੁਹੱਲਿਆ 'ਚ ਐਂ ਹੁੰਦੈ ਜਿਵੇਂ ਕੁੱਤਾ ਘੜੀਸਿਆ ਹੋਵੇ।"

"ਓਏ ਤੂੰ ਦੱਸ ਚੋਰੀ ਕਿਵੇਂ ਕਰਦੈਂ।ਸਾਰੀ ਰਾਮ ਕਹਾਣੀ ਨਾ ਸੁਣਾਈ ਜਾ।" ਥਾਣੇਦਾਰ ਫੇਰ ਕੜਕਿਆ।

"ਓਹੀ ਦੱਸਣ ਲੱਗਾਂ ਆਂ ਜੀ।ਜਿਸ ਘਰ 'ਚੋਂ ਕਿਸੇ ਵੀ ਤਰ੍ਹਾਂ ਦੀ ਆਵਾਜ ਨਾ ਆਵੇ।ਮੈਂ ਪਹਿਲਾਂ ਗੁਲੇਲ ਨਾਲ ਰੀਠਾ ਮਾਰਦਾਂ ਅੰਦਰ ਸ਼ੀਸ਼ੇ 'ਚ ਓਥੇ। ਜੇ ਕੁੱਤਾ ਭੌਂਕਣ ਲੱਗ ਪਵੇ ਤਾਂ ਅਗਾਂਹ ਲੰਘ ਜਾਈਦਾ।ਜੇ ਪੰਜ ਸੱਤ ਮਿੰਟ ਘਰ 'ਚੋਂ ਕੋਈ ਆਵਾਜ ਨਾ ਆਵੇ ਤਾਂ ਸਮਝ ਲਈਦੈ ਪਈ ਘਰ 'ਚ ਕੁੱਤਾ ਵੀ ਹੈਨੀ।ਫੇ ਪੱਥਰ ਦਾ ਬੱਟਾ ਅੰਦਰ ਮਾਰਦਾਂ ਜੋਰ ਨਾਲ।ਜੇ ਫੇਰ ਵੀ ਕੋਈ ਚੂੰ ਚਾਂ ਦੀ ਆਵਾਜ ਨਾ ਆਵੇ ਤਾਂ ਸਮਝ ਲਈਦਾ ਕਿ ਘਰ 'ਚ ਕੋਈ ਵੀ ਹੈਨੀ।ਫੇਰ ਮੈਂ ਕੰਧ ਟੱਪ ਕੇ ਅੰਦਰ ਚਲਾ ਜਾਨੈ।ਲੋਹਾ, ਭਾਂਡਾ ਠੀਕਰ ਜੋ ਸਮਾਨ ਘਰ ਪਿਆ ਅਰਾਮ ਨਾਲ ਮਿਲ ਜਾਵੇ ਚੱਕ ਲਿਆਉਨੈ ਜੀ ਤੇ ਉਹ ਸਮਾਨ ਵੇਚ ਕੇ ਟੀਕੇ ਵਗੈਰਾ ਲੈ ਕੇ ਟਾਇਮ ਪਾਸ ਕਰ ਰਿਹਾਂ ਆ ਜੀ।ਹੋਰ ਮੈਂ ਵੱਡੀ ਚੋਰੀ ਕੋਈ ਨੀ ਕੀਤੀ ਅੱਜ ਤੱਕ।" ਇਹ ਸਾਰਾ ਕੁਝ ਕਹਿ ਕੇ ਸੌਰਵ ਧਾਹਾਂ ਮਾਰਨ ਲੱਗ ਪਿਆ।

" ਤੇ ਜਿਹੜੀਆਂ ਪਰਸੋਂ ਛੁੱਟੀ ਵੇਲੇ ਕੁੜੀਆਂ ਦੇ ਸਕੂਲ ਮੂਹਰਿਓਂ ਮੈਡਮ ਦੀਆਂ ਵਾਲ਼ੀਆਂ ਲਾਹੀਆਂ ਉਹ ਕਿੱਥੇ ਆ ਓਏ।" ਥਾਣੇਦਾਰ ਨੇ ਜੋਰ ਨਾਲ ਬੈਂਤ ਦੀ ਛਿਟੀ ਸੌਰਵ ਦੇ ਗਿਟਿਆਂ ਤੇ ਮਾਰਦਿਆਂ ਕਿਹਾ।

"ਓਹ ਮੈਂ ਨੀ ਸੀ ਜੀ, ਸੱਚ ਬੋਲਦਾ ਧਰਮ ਨਾਲ, ਕੋਈ ਹੋਰ ਹੋਣੈ।"

"ਲੈ ਜਾਓ ਓਏ ਇਹਨੂੰ ਕਰ ਦਿਓ ਬੰਦ।ਅਜੇ ਪੂਰਾ ਸੱਚ ਨਹੀਂ ਬੋਲ ਰਿਹਾ।" ਥਾਣੇਦਾਰ ਉੱਠ ਖੜਾ ਹੋਇਆ ਤੇ ਮੁਣਸ਼ੀ ਨਾਲ ਕੁਝ ਗਿਟ ਮਿਟ ਕਰਕੇ ਦਫਤਰ ਬੈਠੀ ਦੂਜੀ ਪਾਰਟੀ ਨੂੰ ਮਿਲਣ ਚਲਾ ਗਿਆ।ਮੁਣਸ਼ੀ ਨੇ ਧੰਨੇ ਪੰਚ ਨੂੰ ਇਸ਼ਾਰਾ ਕਰਕੇ ਕੋਲ ਸੱਦਦਿਆਂ ਕਿਹਾ "ਪੰਚਾ ਮੁੰਡੇ ਦਾ ਛੁਟਣਾ ਮੁਸ਼ਕਿਲ ਐ।ਸਾਹਬ ਹੁਰਾਂ ਕੋਲ ਤਾਂ ਕਈ ਕੇਸ ਪਏ ਆ ਪੈਂਡਿੰਗ।ਕਿਤੇ ਇਸਦੇ ਸਿਰ ਈ ਨਾ ਮੜ੍ਹ ਦੇਣ।ਜੇ ਤੁਸੀਂ ਲਿਜਾਣਾ ਚਾਹੁੰਦੇ ਹੋ ਤਾਂ ਖੁੱਲ੍ਹਾ ਜਿਹਾ ਚਾਹ ਪਾਣੀ ਨੂੰ ਹੱਥ ਮਾਰੋ।ਬਾਕੀ ਮੈਂ ਸਾਂਭ ਲਊਂ ਸਾਰਾ ਕੁਝ ਆਪੇ।" ਹੱਥ ਨਾਲ ਇਸ਼ਾਰਾ ਕਰੇ ਮੁਣਸ਼ੀ ਪੈਸਿਆਂ ਦਾ ਹਿਸਾਬ ਵੀ ਦੱਸ ਗਿਆ ਸੀ।

ਧੰਨੇ ਨੇ ਬ੍ਰਹਮਜੀਤ ਨਾਲ ਗੱਲ ਕੀਤੀ।ਕੋਈ ਗੱਲ ਨਾ ਬਣਦੀ ਦੇਖ ਕੇ ਉਹਨਾਂ ਦਸ ਹਜ਼ਾਰ ਦੀ ਥੱਬੀ ਮੁਣਸ਼ੀ ਦੇ ਹੱਥ ਫੜਾਈ ਤੇ ਮੁਣਸ਼ੀ ਨੇ ਦੱਬੀ ਦਰਾਜ 'ਚ ਰੱਖਦਿਆਂ ਈ ਗਿਣ ਲਈ।ਚਿਹਰੇ ਤੇ ਮੁਸਕਰਾਹਟ ਫੈਲਾ ਕੇ ਕਾਗਜ਼ਾਂ ਉੱਤੇ ਘੁੱਗੀ ਮਰਵਾਈ ਤੇ ਸੌਰਵ ਨੂੰ ਲੈ ਜਾਣ ਦੀ ਸੈਨ੍ਹਤ ਮਾਰ ਦਿੱਤੀ।ਉਹ ਮੁੰਡੇ ਨੂੰ ਲੈ ਕੇ ਘਰ ਆ ਗਏ।

ਦੋਵਾਂ ਜੀਆਂ ਨੇ ਸੌਰਵ ਨੂੰ ਘਰ ਅੰਦਰ ਵਾੜ ਕੇ ਕਿੰਨਾ ਚਿਰ ਸਿਰ ਖਪਾਈ ਕੀਤੀ।ਸੌਰਵ ਨੀਵੀਂ ਪਾ ਕੇ ਸਾਰਾ ਕੁਝ ਸੁਣੀ ਗਿਆ।ਇੱਕ ਅੱਖਰ ਵੀ ਮੂੰਹ 'ਚੋਂ ਨਾ ਕੱਢਿਆ ਉਸਨੇ।ਦਿਨ ਹੌਲੀ ਹੌਲੀ ਆਪਣੀ ਮਿੱਥੀ ਚਾਲੇ ਗੁਜ਼ਰਨ ਲੱਗੇ।ਸੌਰਵ ਦੀ ਹਾਲਤ 'ਚ ਕੋਈ ਸੁਧਾਰ ਨਾ ਆਇਆ।।ਹੁਣ ਤਾਂ ਉਸਨੇ ਪੈਸਿਆਂ ਲਈ ਲੜਨਾ ਝਗੜਨਾ ਵੀ ਸ਼ੁਰੂ ਕਰ ਦਿੱਤਾ ਸੀ:

"ਕਿੱਥੇ ਲੈ ਕੇ ਜਾਣੇ ਤੁਸਾਂ ਇਹ ਨੋਟ।ਜਦ ਮਰ ਗਿਆ ਤਾਂ ਉੱਤੇ ਪਾ ਦਿਓ ਮੇਰੇ।" ਜਦੋਂ ਉਸਨੂੰ ਨਸ਼ੇ ਦੀ ਤੋਟ ਆਉਂਦੀ ਤਾਂ ਇਹੋ ਜਿਹੀ ਬੋਲੀ ਹੀ ਬੋਲਦਾ।

"ਪਰ ਅਸੀਂ ਪੈਸੇ ਤੈਨੂੰ ਨਸ਼ੇ ਕਰਨ ਨੂੰ ਨਹੀਂ ਦੇਣੇ।ਸਾਡੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਆ।ਤੇਰੇ ਨਾਲੋਂ ਤਾਂ ਕਿਸੇ ਗਰੀਬ ਗੁਰਬੇ ਤੇ ਲਾਉਣੇ ਜਿਆਦਾ ਬਿਹਤਰ ਲਗਦੇ ਆ।"

"ਠੀਕ ਆ।ਫੇਰ ਮੈਨੂੰ ਜਮਾਇਆ ਕਾਹਤੋਂ ਸੀ।ਉਦੋਂ ਗਲ਼ਾ ਘੁੱਟ ਕੇ ਮਾਰ ਦਿੰਦੇ।"

"ਜੇ ਪਤਾ ਹੁੰਦਾ ਨਾ ਤੂੰ ਏਦਾਂ ਦਾ ਨਿਕਲਣਾ ਤਾਂ ਸੱਚੀਂ ਮਾਰ ਦਿੰਦੇ।" ਬ੍ਰਹਮਜੀਤ ਬਹੁਤ ਗੁੱਸੇ ਵਿਚ ਸੀ।ਗੁੱਸੇ ਵਿਚ ਹੀ ਉਸ ਕੋਲੋਂ ਸੌਰਵ ਦੇ ਚਪੇੜ ਮਾਰ ਹੋ ਗਈ।

ਸੌਰਵ ਦੇ ਮਨ 'ਚ ਪਤਾ ਨੀ ਕੀ ਆਇਆ ਉਸਨੇ ਉੱਠ ਕੇ ਬ੍ਰਹਮਜੀਤ ਨੂੰ ਘੰਡੀਓਂ ਫੜ ਕੇ ਕੰਧ ਨਾਲ ਲਾ ਦਿੱਤਾ।ਉਸਦੇ ਡੇਲੇ ਬਾਹਰ ਆ ਗਏ।ਰਾਮ ਪਿਆਰੀ ਨੇ ਰੌਲਾ ਪਾ ਦਿੱਤਾ:

"ਓ ਲੋਕੋ ਬਚਾ ਲਓ ਓ, ਓਏ ਪਿਓ ਮਾਰ ਦੇਣਾ ਆਪਣਾ ਇਹਨੇ..।"

ਉਸਦੀਆਂ ਲੇਰਾਂ ਸੁਣ ਕੇ ਗਲ਼ੀ ਗੁਆਂਢ ਦੇ ਲੋਕ ਦੌੜੇ ਆਏ।ਉਹਨਾਂ ਬੜੀ ਮੁਸ਼ਕਲ ਨਾਲ ਸੌਰਵ ਦੇ ਹੱਥੋਂ ਬ੍ਰਹਮਜੀਤ ਦਾ ਗਲ਼ਾ ਛੁਡਾਇਆ।ਉਹਨੂੰ ਚੰਗੀ ਤਰ੍ਹਾਂ ਸਾਹ ਵੀ ਨਹੀਂ ਸੀ ਆ ਰਿਹਾ।ਲੋਕਾਂ ਨੇ ਪਾਣੀ ਪਿਲਾਇਆ।ਕਈ ਚਿਰ ਬਾਅਦ ਉਸਦੇ ਸਾਹ ਨਾਲ ਸਾਹ ਰਲ਼ੇ।

"ਕੀ ਥੁੜਿਆ ਇਹੋ ਜਿਹੀ ਓਲਾਦ ਖੁਣੋਂ।ਇਹਦੇ ਨਾਲੋਂ ਤਾਂ ਰੱਬ ਨਾ ਈ ਦੇਵੇ ਤਾਂ ਚੰਗੈ।" ਮੂੰਹ ਵਿਚ ਬੁੜ-ਬੁੜ ਕਰਦਾ ਭਾਨਾ ਬੂੜਾ ਬੂਹਿਓਂ ਬਾਹਰ ਹੋ ਗਿਆ।

ਬ੍ਰਹਮਜੀਤ ਨੇ ਉਸ ਦਿਨ ਵਾਲੀ ਘਟਨਾ ਨੂੰ ਬਹੁਤ ਮਨ ਤੇ ਲਾ ਲਿਆ ਸੀ।ਜਿਸ ਪੁੱਤ ਨੂੰ ਉਸਨੇ ਬਚਪਨ ਵਿਚ ਮਿੱਟੀ ਦਾ ਇੱਕ ਕਣ ਵੀ ਨਹੀਂ ਸੀ ਲੱਗਣ ਦਿੱਤਾ, ਚਾਵਾਂ ਮਲਾਰਾਂ ਨਾਲ ਪਾਲ਼ਿਆ ਸੀ ਅੱਜ ਉਸਨੇ ਸਾਰੇ ਪਿੰਡ ਸਾਹਮਣੇ ਧੌਣੋਂ ਫੜ ਕੇ ਕੱਖੋਂ ਹੌਲ਼ਾ ਕਰ ਦਿੱਤਾ ਸੀ।ਜਦੋਂ ਵੀ ਇਹ ਘਟਨਾ ਉਹਦੇ ਜ਼ਿਹਨ 'ਚ ਆਉਂਦੀ ਤਾਂ ਉਹਦੀਆਂ ਅੱਖਾਂ ਘਰਾਲ਼ਾ ਵਾਂਗ ਵਗਣ ਲੱਗ ਪੈਂਦੀਆਂ।ਬ੍ਰਹਮਜੀਤ ਦੀ ਹਾਲਤ ਦੇਖ ਕੇ ਰਾਮ ਪਿਆਰੀ ਦਾ ਕਾਲ਼ਜਾ ਮੂੰਹ ਨੂੰ ਆਉਂਦਾ ਸੀ ਪਰ ਉਹ ਕਰਮਾਂ ਮਾਰੀ ਕਰ ਕੁਝ ਨਾ ਸਕਦੀ ਸੀ।ਸੌਰਵ ਮਨ ਆਈਆਂ ਤੇ ਉਤਰ ਆਇਆ ਸੀ।ਰਸੋਈ ਦੇ ਭਾਂਡੇ ਉਹ ਕਈ ਵਾਰ ਰਾਮ ਪਿਆਰੀ ਦੇ ਸਾਹਮਣੇ ਲਿਜਾ ਕੇ ਵੇਚ ਚੁੱਕਾ ਸੀ।ਚੰਗੇ ਭਲੇ ਹੱਸਦੇ ਵਸਦੇ ਘਰ ਦਾ ਹਾਲ ਮੜ੍ਹੀਆਂ ਵਰਗਾ ਹੋ ਗਿਆ ਸੀ ਜਿੱਥੇ ਸਦਾ ਚੁੱਪ ਛਾਈ ਰਹਿੰਦੀ ਸੀ।ਸਕੂਲ ਵੀ ਰਾਮ ਪਿਆਰੀ ਦਾ ਚਿੱਤ ਨਾ ਲਗਦਾ।ਮੈਡੀਕਲ ਛੁੱਟੀਆਂ ਲੈ ਲੈ ਕੇ ਉਹਨੇ ਖਤਮ ਕਰ ਲਈਆ ਸਨ।ਦੋ ਸਾਲ ਦੀ ਨੌਕਰੀ ਅਜੇ ਬਾਕੀ ਖੜੀ ਸੀ।ਘਰ ਰਹਿੰਦੀ ਤਾਂ ਘਰ ਉਸਨੂੰ ਵੱਢ ਵੱਢ ਖਾਣ ਨੂੰ ਆਉਂਦਾ।ਗੌਰਵ ਦੀ ਫੋਟੋ ਅੱਗੇ ਘੰਟਿਆਂ ਬੱਧੀ ਬੈਠੀ ਅੱਥਰੂ ਕੇਰਦੀ ਰਹਿੰਦੀ।ਸੌਰਵ ਦੀਆਂ ਹਰਕਤਾਂ ਦੇਖ ਦੇਖ ਅਤੇ ਦੁਖ ਸਹਿ ਸਹਿ ਉਹਦਾ ਮਾੜਾ ਮੋਹ ਨਹੀਂ ਸੀ ਰਿਹਾ ਉਸ ਨਾਲ।ਜਿਸ ਦਿਨ ਦੀ ਉਸਨੇ ਪਿਓ ਦੀ ਬੇਇਜ਼ਤੀ ਕੀਤੀ ਸੀ ਉਸ ਦਿਨ ਦਾ ਤਾਂ ਸੌਰਵ ਉਸਨੂੰ ਜ਼ਹਿਰ ਦਿਖਾਈ ਦਿੰਦਾ ਸੀ।

ਰਾਤ ਦੇ ਤੀਜੇ ਪਹਿਰ ਚਾਰੇ ਪਾਸੇ ਸੁੰਨ-ਮਸਾਣ ਸੀ।ਰਾਮ ਪਿਆਰੀ ਦਾ ਹੱਥ ਸੌਰਵ ਨੂੰ ਪਿਆਰ ਨਾਲ ਲਗਾਤਾਰ ਪਲ਼ੋਸੀ ਜਾ ਰਿਹਾ ਸੀ।ਮਮਤਾ ਵਿਚ ਗੜੁਚ ਹੋਈ ਦੇ ਅੱਥਰੂ ਵਗੀ ਜਾ ਰਹੇ ਸਨ।ਉਹ ਕਦੇ ਉਸਦਾ ਮੱਥਾ ਚੁੰਮਦੀ ਤੇ ਕਦੇ ਪਿੰਡਾ ਟੋਹ ਟੋਹ ਦੇਖਦੀ।ਫੇਰ ਪਤਾ ਨਹੀਂ ਰਾਮ ਪਿਆਰੀ ਦੇ ਮਨ ਵਿਚ ਕਿਹੜੀ ਗੱਲ ਆਈ, ਹੱਥ ਜਕ-ਦਮ ਸੌਰਵ ਤੋਂ ਪਰ੍ਹਾਂ ਖਿੱਚ ਲਏ।ਮੂੰਹ ਫੇਰ ਲਿਆ।ਅੱਥਰੂ ਸਾਫ ਕਰਕੇ ਲੰਮੇ ਲੰਮੇ ਸਾਹ ਲੈਣ ਲੱਗ ਪਈ।ਉਸਦੀਆਂ ਉਂਗਲ਼ਾਂ ਗੁੱਸੇ ਵਿਚ ਇਕੱਠੀਆਂ ਹੋ ਕੇ ਮੁੱਠੀ ਬਣ ਗਈਆਂ।ਕੁਰਸੀ ਤੋਂ ਤੇਜ਼ੀ ਨਾਲ ਉੱਠੀ ਤੇ ਰਸੋਈ ਵਿਚ ਜਾ ਕੇ ਕਰਦ ਲੱਭਣ ਲੱਗੀ।ਇੱਧਰ ਉੱਧਰ ਹੱਥ ਮਾਰਿਆ ਪਰ ਕਰਦ ਨੀ ਮਿਲੀ।ਮੱਥਾ ਫੜ ਕੇ ਕੁਰਸੀ ਤੇ ਬੈਠ ਗਈ।ਉਸ ਦੇ ਸਾਹਾਂ ਦੀ ਗਤੀ ਪਹਿਲਾਂ ਨਾਲੋਂ ਵੀ ਤੇਜ਼ ਸੀ।ਦੁਬਾਰਾ ਫੇਰ ਉੱਠੀ, ਬੈੱਡਰੂਮ ਅੰਦਰੋਂ ਡ੍ਰੈਸਿੰਗ ਟੇਬਲ 'ਚੋਂ ਨਵਾਂ ਬਲੇਡ ਕੱਢ ਲਿਆਈ।ਜਦੋਂ ਬਲੇਡ ਆਪਣੇ ਗੁੱਟ ਵੱਲ ਲਿਜਾਣ ਲੱਗੀ ਤਾਂ ਉਸਦੀਆਂ ਅੱਖਾਂ ਸਾਹਵੇਂ ਉਸ ਦਿਨ ਦਾ ਬ੍ਰਹਮਜੀਤ ਦਾ ਚਿਹਰਾ ਆ ਗਿਆ ਜਿਸ ਦਿਨ ਸੌਰਵ ਨੇ ਉਸ ਦੇ ਗਾਟੇ ਨੂੰ ਆਪਣੇ ਹੱਥਾਂ ਵਿਚ ਨੱਪਿਆ ਹੋਇਆ ਸੀ।ਰਾਮ ਪਿਆਰੀ ਨੇ ਜਕਦਮ ਬਲੇਡ ਵਾਲਾ ਹੱਥ ਪਿਛਾਂਹ ਖਿੱਚ ਲਿਆ।ਉਸਦੀ ਨਿਗਾਹ ਕੰਧ ਤੇ 'ਨਸ਼ੇ ਨਾ ਕਰੋ' ਵਾਲੇ ਪੋਸਟਰ ਤੇ ਪਈ।ਫੇਰ ਜਦੋਂ ਸੌਰਵ ਦੇ ਚਿਹ ੇ ਨੂੰ ਨਿਹਾਰਿਆ ਤਾਂ ਉਸਨੂੰ ਬੜਾ ਭੈਅ ਆਇਆ।ਖੱਬੇ ਹੱਥ ਨਾਲ ਸੌਰਵ ਦਾ ਆਖਰੀ ਵਾਰ ਖੱਬਾ ਹਥ ਫੜਿਆ ਤੇ ਸੱਜੇ



ਹੱਥ ਵਿਚ ਫੜੇ ਬਲੇਡ ਨਾਲ ਉਸਦੀ ਨਬਜ਼ ਕੱਟ ਕੇ ਹੱਥ ਛੱਡ ਦਿੱਤਾ।ਬਲੇਡ ਲੱਗਣ ਤੇ ਸੌਰਵ ਇੱਕ ਵਾਰ ਮਾੜਾ ਜਿਹਾ ਤ੍ਰਭਕਿਆ ਬਸ ਫੇਰ ਨੀ ਹਿੱਲਿਆ।ਬਾਂਹ ਦੀਵਾਨ ਤੋਂ ਹੇਠਾਂ ਲਮਕਣ ਲੱਗ ਪਈ ਤੇ ਫਰਸ਼ ਉੱਤੇ ਹੌਲੀ ਹੌਲੀ ਰੱਤ ਦੀ ਬਰੀਕ ਤਤੀਰੀ ਚੋਣ ਲੱਗ ਪਈ।ਰੋਟੀ ਦੀ ਕੰਗਣੀ ਜੇਡਾ ਚਟਾਕ ਬਣਨ ਤੋਂ ਬਾਅਦ ਖ਼ੂਨ ਦਾ ਵਹਾਅ ਦੀਵਾਨ ਦੀਆਂ ਪੌਨੀਆ ਵੱਲ ਨੂੰ ਹੋ ਤੁਰਿਆ।

ਸਵੇਰੇ ਪੰਜ ਵਜੇ ਹਵੇਲੀਓਂ ਬ੍ਰਹਮਜੀਤ ਆ ਕੇ ਗੇਟ ਦੀ ਬੈੱਲ ਵਜਾਉਣ ਲੱਗ ਪਿਆ।ਪੰਜ ਛੇ ਵਾਰ ਬੈੱਲ ਵਜਾਉਣ ਤੋਂ ਬਾਅਦ ਉਸਨੇ ਗੇਟ ਦਾ ਅਰਲ ਘੁੰਮਾਇਆ।ਗੇਟ ਖੁੱਲ੍ਹਾ ਸੀ।ਏਦਾਂ ਅੱਗੇ ਕਦੇ ਹੋਇਆ ਨਹੀਂ ਸੀ।ਬਾਥਰੂਮ ਜਾਣ ਦੀ ਬਜਾਏ ਜਦੋਂ ਉਸਨੇ ਲਾਬੀ ਦਾ ਬੂਹਾ ਖੋਲ੍ਹਿਆ ਤਾਂ ਉਸਦੀਆਂ ਅੱਖਾਂ ਅੱਡੀਆਂ ਰਹਿ ਗਈਆਂ।

ਖ਼ੂਨ ਦੀ ਛਪੜੀ ਦੇਖ ਕੇ ਉਸਨੇ ਸੌਰਵ ਨੂੰ ਹਿਲਾਇਆ, ਹਾਕਾਂ ਮਾਰੀਆਂ

"ਸੌਰਵ, ਸੌਰਵ, ਕਾਕਾ..ਉੱਠ, ਓਏ ਸੌਰਵ.।"

ਸੌਰਵ ਹੁੰਦਾ ਤਾਂ ਬੋਲਦਾ।ਉਹ ਤਾਂ ਕਦੋਂ ਦਾ ਖਤਮ ਹੋ ਚੁੱਕਾ ਸੀ।ਰਾਮ ਪਿਆਰੀ ਦੇ ਹੱਥ ਫੜਿਆ ਬਲੇਡ ਦੇਖ ਕੇ ਉਸਨੂੰ ਝੰਜੋੜਿਆ।ਹੱਥੋਂ ਬਲੇਡ ਫੜ ਕੇ ਸੰਭਾਲਦਿਆਂ ਬੋਲਿਆ:

"ਪਾਗਲੇ..ਏਹ ਕੀ ਕਰਤਾ.ਤੂੰ।ਪੁੱਤ ਆਪਣੇ ਹੱਥੀਂ ਮਾਰ..ਤਾ."

"ਕਿਹੜਾ ਪੁੱਤ." ਰਾਮ ਪਿਆਰੀ ਦੀ ਸੁਰਤੀ ਖੁੱਲ੍ਹੀ।

"ਮੇਰਾ ਪੁੱਤ ਤਾਂ ਓਦਣ ਦਾ ਮੁੱਕ ਗਿਆ ਸੀ ਜਿੱਦਣ ਤੁਹਾਨੂੰ ਗਲ਼ਮੇ ਤੋਂ ਫੜਿਆ ਸੀ।ਇਹ ਤਾਂ ਉਹਦੀ ਲੋਥ ਘੁੰਮਦੀ ਸੀ ਓਦਣ ਦੀ" ਕਹਿ ਕੇ ਰਾਮ ਪਿਆਰੀ ਬ੍ਰਹਮਜੀਤ ਦੇ ਗਲ਼ੇ ਨੂੰ ਚੰਬੜ ਗਈ।ਘੰਟਿਆਂ ਬੱਧੀ ਚੁੱਪ ਬੈਠੀ ਦਾ ਮਨ ਉੱਛਲ਼ ਪਿਆ।ਉੱਚੀ ਉੱਚੀ ਧਾਹਾਂ ਨਿਕਲਣ ਲੱਗ ਪਈਆ।ਰੋਂਦੀ ਦਾ ਜਦ ਕੜ ਪਾਟਣ ਲੱਗਾ ਤਾਂ ਲੋਕੀ ਵਾਹੋ ਦਾਹੀ ਉਹਨਾਂ ਦੇ ਘਰ ਵੱਲ ਭੱਜੇ ਆਏ:

"ਹੈਂਅ ਮੁਕ ਗਿਆ ਸੌਰਵ..।"

"ਝੁੱਲੀ ਨੇਰ੍ਹੀ ਨੇ ਘਰ ਜਾੜਤਾ।" ਡਗੋਰੀ ਦੇ ਸਹਾਰੇ ਦਰੀ ਤੇ ਬੈਠਦੇ ਬੁੜੇ ਭਾਨੇ ਦੇ ਅੱਧੀ ਗੱਲ ਗਲ਼ੇ ਵਿਚ ਹੀ ਅਟਕ ਕੇ ਰਹਿ ਗਈ।

*9815825999*

# ਮਿਰਜ਼ਾ-ਸਾਹਿਬਾਂ ਦੀ ਪ੍ਰੀਤ ਕਥਾ

*ਚਾਰਲਸ ਸਵੀਨਰਟਨ*

ਝਨਾਂ ਕੰਢੇ ਵਸਦੇ ਸ਼ਹਿਰ ਗੂਲਵਾਲ਼ਾ ਵਿਚ ਝੰਗ ਦਾ ਰਾਜਾ ਖੀਵਾ ਰਹਿੰਦਾ ਸੀ। ਉਸਦੀ ਇਕ ਧੀ ਸੀ ਸਾਹਿਬਾਂ। ਉਹ ਸਿਆਲ਼ ਸਨ। ਬਾਰਾਂ ਸਾਲ ਤਕ ਸਾਹਿਬਾਂ ਨੇ ਮਸੀਤ ਵਿਚ ਚਲਦੇ ਮਦਰੱਸੇ ਵਿਚ ਪੜ੍ਹਾਈ ਤੋਂ ਇਲਾਵਾ ਕੁਝ ਨਹੀਂ ਕੀਤਾ। ਕਾਜ਼ੀ ਉਨ੍ਹਾਂ ਨੂੰ ਪੜ੍ਹਾਉਂਦਾ ਸੀ। ਸਾਹਿਬਾਂ ਦੀ ਕੁੜਮਾਈ ਚੰਧੜਾਂ ਦੇ ਤਾਹਾ ਖ਼ਾਨ ਨਾਲ਼ ਹੋਈ ਹੋਈ ਸੀ।

ਰਾਵੀ ਦੇ ਕੰਢੇ ਖਰਲਾਂ ਦਾ ਕਬੀਲਾ ਰਹਿੰਦਾ ਸੀ। ਇਨ੍ਹਾਂ ਖਰਲਾਂ ਵਿਚੋਂ ਹੀ ਇਕ ਦਾ ਨਾਂ ਦਾਦੂ ਖ਼ਾਨ ਸੀ ਜਿਸਦਾ ਪੁੱਤਰ ਸੀ ਮਿਰਜ਼ਾ। ਮਿਰਜ਼ੇ ਦਾ ਚਾਚਾ ਇਬਰਾਹੀਮ ਖ਼ਾਨ ਕਬੀਲੇ ਦਾ ਸਰਦਾਰ ਸੀ।

ਮਿਰਜ਼ੇ ਨੂੰ ਸ਼ਿਕਾਰ ਦਾ ਬੇਹੱਦ ਸ਼ੌਕ ਸੀ। ਉਹ ਇਕ ਤਕੜੇ ਸ਼ਿਕਾਰੀ ਦੇ ਤੌਰ 'ਤੇ ਜਾਣਿਆ ਜਾਂਦਾ ਸੀ। ਉਹ ਤੁਰਦੀ ਫਿਰਦੀ ਤਲਵਾਰ ਸੀ। ਪੈਦਲ ਹੋਵੇ ਜਾਂ ਘੋੜੇ 'ਤੇ ਉਹ ਜੰਗਲੀ ਤੇ ਆਪਣੇ ਆਪ ਵਿਚ ਮਸਤ ਸੀ। ਲੋਕ ਉਸਨੂੰ ਨੀਮ ਪਾਗਲ ਸਮਝਦੇ ਸਨ। ਇਕ ਦਿਨ ਉਹ ਸ਼ਿਕਾਰ 'ਤੇ ਨਿਕਲਿਆ। ਸਿਖ਼ਰ ਦੁਪਹਿਰੇ ਉਹ ਝੰਗ ਸਿਆਲ਼ਾਂ ਦੀ ਹੱਦ ਉੱਪਰ ਪਹੁੰਚਿਆ। ਸਾਹਿਬਾਂ ਦਰਿਆ ਵਿਚ ਸੱਠ ਸਹੇਲੀਆਂ ਨਾਲ਼ ਨਹਾ ਰਹੀ ਸੀ। ਉਹ ਕਹਿ ਰਹੀ ਸੀ, 'ਇਸ ਸਿਖ਼ਰ ਦੁਪਹਿਰ ਵਿਚ ਕਿਹੜਾ ਘੋੜ ਸਵਾਰ ਇਧਰ ਆ ਰਿਹਾ ਹੈ ?' ਉਸਨੇ ਉਸਨੂੰ ਸੱਦ ਕੇ ਕਿਹਾ, 'ਚੀਨੀ ਘੋੜੀ ਦੇ ਘੋੜ ਸਵਾਰ, ਤੂੰ ਇੱਥੇ ਧੁੱਪੇ ਕਿਉਂ ਜਲ਼

ਰਿਹਾ ਹੈਂ ? ਮਿਰਜ਼ੇ ਨੇ ਜਵਾਬ ਵਿਚ ਕਿਹਾ, 'ਸੂਰਜ ਤਾਂ ਸੂਰਜ ਹੈ। ਸਾਡੇ ਦੇਸ਼ ਵੀ ਇਹੀ ਸੂਰਜ ਚਮਕਦਾ ਹੈ। ਮੇਰੀ ਕਿਸਮਤ ਵਿਚ ਛਾਂ ਨਹੀਂ ਲਿਖੀ ਹਈ। ਅੱਜ ਤਾਂ ਮੈਨੂੰ ਸਿਰਫ਼ ਤੇਰੇ ਨਾਲ਼ ਵਾਸਤਾ ਹੈ। ਦੂਸਰਿਆਂ ਨੂੰ ਆਪਣੀ ਥਾਂ ਜਿਊਣ ਦਿਉ।'

ਇਹ ਕਹਿ ਕੇ ਮਿਰਜ਼ੇ ਨੇ ਪਾਣੀ ਮੰਗਿਆ, 'ਮੈਂ ਏਨੀ ਧੁੱਪ ਵਿਚ ਆਇਆ ਹਾਂ। ਮੈਨੂੰ ਪਾਣੀ ਤਾਂ ਪਿਲ਼ਾ ਦਿਉ।' ਪਹਿਲੀ ਬਾਰ ਉਸਨੇ ਸਾਹਿਬਾਂ ਨੂੰ ਕਿਹਾ। ਸਾਹਿਬਾਂ ਨੇ ਜਵਾਬ ਦਿੱਤਾ, 'ਇਹ ਪਾਣੀ ਝੰਗ ਸਿਆਲ਼ ਦਾ ਹੈ, ਪਿਆਰ ਦਾ ਪਾਣੀ ਹੈ। ਤੈਨੂੰ ਇਹ ਪਸੰਦ ਨਹੀਂ ਆਵੇਗਾ।

ਮਿਰਜ਼ੇ ਨੇ ਉਸਨੂੰ ਦੂਜੀ ਬਾਰ ਕਿਹਾ, 'ਮੈਨੂੰ ਪੀਣ ਲਈ ਪਾਣੀ ਦਿਉ।' ਸਾਹਿਬਾਂ ਨੇ ਦੂਜੀ ਵਾਰ ਵੀ ਪਹਿਲੇ ਵਾਲ਼ਾ ਜਵਾਬ ਦਿੱਤਾ, 'ਇਹ ਪਾਣੀ ਝੰਗ ਸਿਆਲ਼ ਦਾ ਹੈ, ਪਿਆਰ ਦਾ ਪਾਣੀ ਹੈ। ਤੈਨੂੰ ਇਹ ਪਸੰਦ ਨਹੀਂ ਆਵੇਗਾ।"

ਮਿਰਜ਼ਾ ਬੋਲਿਆ, 'ਦੋ ਰੂਹਾਂ ਕਿਵੇਂ ਇਕ ਦੂਜੇ ਦੇ ਆਹਮੋ-ਸਾਹਮਣੇ ਆ ਗਈਆਂ ਹਨ। ਕਿਸਮਤ ਨੇ ਹੀ ਇਨ੍ਹਾਂ ਨੂੰ ਮਿਲਾਇਆ ਹੈ। ਅਸੀਂ ਆਪਣੀ ਮਰਜ਼ੀ ਦਾ ਖਾਂਦੇ ਪੀਂਦੇ ਹਾਂ ਪਰ ਅੱਲਾ ਹੱਥ ਸਾਡੀਆਂ ਡੋਰਾਂ ਹਨ। ਰਾਵੀ ਕੰਢੇ ਮੈਂ ਜੰਮਿਆ। ਕੋਈ ਪ੍ਰੇਮੀ ਮੌਤ ਤਂ ਨਹੀਂ ਡਰਦਾ, ਭਾਵੇਂ ਉਸਦੀ ਕਬਰ ਹੀ ਕਿਉਂ ਨਾ ਪੁੱਟੀ ਜਾਵੇ।

ਸਾਹਿਬਾਂ ਨੇ ਇਕ ਸਾਥਣ ਨੂੰ ਮਿਰਜ਼ੇ ਲਈ ਪਾਣੀ ਲਿਆਉਣ ਲਈ ਕਿਹਾ। ਕੁੜੀ ਨੇ ਪਿੱਤਲ ਦਾ ਲੋਟਾ ਭਰਿਆ ਤੇ ਲੈ ਆਈ। ਜਦੋਂ ਉਸਨੇ ਲੋਟਾ ਫੜਿਆ ਤਾਂ ਉਸਦਾ ਅੰਗੂਠਾ ਪਾਣੀ ਵਿਚ ਪਿਆ ਹੋਇਆ ਸੀ। ਮਿਰਜ਼ੇ ਨੇ ਕਿਹਾ, 'ਪਾਣੀ ਵਿਚ ਤੇਰਾ ਅੰਗੂਠਾ ਡੁੱਬਾ ਹੋਇਆ ਹੈ, ਇਸ ਲਈ ਮੈਂ ਪਾਣੀ ਨਹੀਂ ਪੀ ਸਕਦਾ।' ਕੁੜੀ ਸਾਹਿਬਾਂ ਕੋਲ਼ ਮੁੜ ਆਈ ਅਤੇ ਮਿਰਜ਼ੇ ਨਾਲ਼ ਹੋਈ ਸਾਰੀ ਵਾਰਤਾਲਾਪ ਉਸਨੂੰ ਸੁਣਾ ਦਿੱਤੀ।

ਸਾਹਿਬਾਂ ਨੇ ਦੂਸਰੀ ਕੁੜੀ ਨੂੰ ਬੁਲਾਇਆ, 'ਤੂੰ ਉਸ ਲਈ ਪਾਣੀ ਲੈ ਕੇ ਜਾਹ। ਪਰ ਧਿਆਨ ਰੱਖੀਂ ਲੋਟਾ ਤੇਰੀ ਹਥੇਲੀ 'ਤੇ ਹੋਣਾ ਚਾਹੀਦਾ ਹੈ। ਕੁੜੀ ਨੇ ਅਜਿਹਾ ਹੀ ਕੀਤਾ ਪਰ ਅਚਾਨਕ ਵਾਵਰੋਲਾ ਆਇਆ ਤੇ ਉਸਨੇ ਘੱਟਾ-ਮਿੱਟੀ ਅਤੇ ਘਾਹ ਦੇ ਤਿਣਕੇ ਲੋਟੇ ਵਿਚ ਪਾ ਦਿੱਤੇ। ਮਿਰਜ਼ਾ ਕਹਿਣ ਲੱਗਾ, 'ਮੈਂ ਇਸ ਪਾਣੀ ਨੂੰ ਨਹੀਂ ਪੀ ਸਕਦਾ। ਪਾਣੀ ਘੱਟੇ ਨਾਲ਼ ਭਰਿਆ ਪਿਆ ਹੈ ਤੇ ਘਾਹ ਦੇ ਤੀਲ੍ਹੇ ਵੀ ਇਸ ਵਿਚ ਪਏ ਹਨ।'

ਕੁੜੀ ਸਾਹਿਬਾਂ ਕੋਲ਼ ਗਈ ਅਤੇ ਲੋਟਾ ਵਗਾਹ ਮਾਰਿਆ ਤੇ ਨਾਲ਼ ਹੀ ਬੋਲੀ, 'ਆਦਮੀ ਕਹਿੰਦਾ ਹੈ ਕਿ ਜਿੰਨਾ ਚਿਰ ਸਾਹਿਬਾਂ ਪਾਣੀ ਨਹੀਂ ਦਏਗੀ, ਉਹ ਜਿੱਥੇ ਖੜ੍ਹਾ ਹੈ ਉਥੇ ਹੀ ਖੜ੍ਹਾ ਖੜੋਤਾ ਤਿਹਾਇਆ ਹੀ ਮਰ ਜਾਵੇਗਾ।'

ਗੋਡੇ-ਗੋਡੇ ਪਾਣੀ ਵਿਚ ਖੜੀ ਸਾਹਿਬਾਂ ਬੋਲ ਉੱਠੀ, 'ਤੇਰੀ ਚਮਕਦੀ ਚੀਨੀ ਘੋੜੀ ਤੇ ਤੇਰਾ ਹਾਰ ਖ਼ੁਸ਼ਬੂਦਾਰ ਫੁੱਲਾਂ ਦਾ ਬਣਿਆ ਹੈ। ਤੀਰਾਂ ਦਾ ਭੱਥਾ ਹਰਾ ਤੇ ਖਿੜਿਆ ਹੋਇਆ ਹੈ। ਪੈਂਦੇ ਪਾਣੀ ਨਾਲ਼ ਤੇਰੇ ਤੋਂ ਡਿੱਗਦੇ ਪਾਣੀ ਦੇ ਮੋਤੀ। ਕੀ ਤੂੰ ਸਾਡੇ ਖ਼ਾਨਾਂ ਬਾਰੇ ਨਹੀਂ ਜਾਣਦਾ ? ਕਿ ਉਹ ਕਿੰਨੇ ਤਾਕਤਵਰ ਹਨ ? ਧਿਆਨ ਰੱਖੀਂ ਕਿਤੇ ਤੇਰੀ ਘੋੜੀ ਲੈਣ ਨਾ ਉਹ ਆ ਜਾਣ। ਪਾਣੀ ਪੀ ਤੇ ਆਪਣੇ ਰਾਹੇ ਪੈ।'

ਪਰ ਇਹ ਸੁਣ ਕੇ ਵੀ ਮਿਰਜ਼ਾ ਅਹਿਲ ਖੜਾ ਉਸ ਵਲ ਤੱਕਦਾ ਰਿਹਾ। ਉਹ ਬੋਲਿਆ, 'ਰਾਵੀ ਦੇ ਕੰਢੇ ਮੇਰੇ ਊਠ ਚਰਦੇ ਹਨ। ਲੱਗਦਾ ਊਨ੍ਹਾਂ ਦਾ ਤੇਰੇ ਝਨਾਂ ਨਾਲ਼ ਵੀ ਕੋਈ ਰਿਸ਼ਤਾ ਹੈ। ਮੈਂ ਚੜ੍ਹਦੇ ਲਹਿੰਦੇ ਹਰ ਥਾਂ ਘੁੰਮਿਆਂ ਪਰ ਖੀਵੇ ਦਾ ਸ਼ਹਿਰ ਨਹੀਂ ਸੀ ਦੇਖਿਆ। ਮੈਂ ਦਾਦੂ ਖਾਂ ਦਾ ਪੁੱਤਰ ਵੀ ਹਾਂ ਤੇ ਵਾਰਿਸ ਵੀ ਤੇ ਲੋਕ ਮੈਨੂੰ ਮਿਰਜ਼ਾ ਕਹਿੰਦੇ ਹਨ। ਤੇਰਾ ਸੁਹੱਪਣ ਵਿਚ ਕਿਸੇ ਨਾਲ਼ ਕੋਈ ਜੋੜ ਨਹੀਂ, ਤੂੰ ਮੈਨੂੰ ਦੱਸ ਕਿ ਮੈਂ ਕੀ ਗੁਨਾਹ ਕੀਤਾ ਹੈ ਕਿ ਖੀਵਾ ਖ਼ਾਨ ਮੇਰੀ ਘੋੜੀ ਲੈ ਜਾਵੇਗਾ।

ਇਸ ਤੋਂ ਬਾਅਦ ਸਾਹਿਬਾਂ ਨੇ ਆਪ ਪਾਣੀ ਲਿਜਾ ਕੇ ਮਿਰਜ਼ੇ ਨੂੰ ਦਿੱਤਾ। ਉਸਨੇ ਲੋਟਾ ਇਕ ਪਾਸੇ ਰੱਖ ਦਿੱਤਾ ਅਤੇ ਘੋੜੀ ਦੀ ਲਗਾਮ ਫੜ ਕੇ ਸਹੇਲੀਆਂ ਨੂੰ ਕਹਿਣ ਲੱਗੀ। ਤੁਸੀਂ ਨਹਾਉਣਾ ਜਾਰੀ ਰੱਖੋ। ਮੈਂ ਮੁਸਾਫਿਰ ਨੂੰ ਰਾਹ ਦਿਖਾ ਆਵਾਂ।' ਸਾਹਿਬਾਂ ਮਿਰਜ਼ੇ ਨਾਲ਼ ਜੰਗਲ ਵਿਚ ਤੁਰਦੀ ਗਈ। ਉਹ ਇਕ



ਜੰਡ ਦੇ ਦਰਖ਼ਤ ਹੇਠ ਜਾ ਕੇ ਬੋਲੀ, 'ਤੂੰ ਆਪਣੀ ਘੋੜੀ ਤੋਂ ਹੇਠਾਂ ਉੱਤਰ ਆ। ਮਿਰਜ਼ਾ ਘੋੜੀ ਤੋਂ ਉਤਰਿਆ ਤਾਂ ਉਹ ਠੰਡੀ ਛਾਂ ਵਿਚ ਬੈਠ ਗਏ। ਉਹ ਗੱਲਾਂ ਵਿਚ ਏਨੇ ਮਸਤ ਹੋ ਗਏ ਕਿ ਸ਼ਾਮ ਪੈਣ ਦਾ ਵੀ ਉਨ੍ਹਾਂ ਨੂੰ ਪਤਾ ਨਾ ਲੱਗਾ। ਮਿਰਜ਼ੇ ਨੇ ਮਨ ਵਿਚ ਹੀ ਸੋਚਿਆ, 'ਸ਼ਾਮ ਪੈ ਗਈ ਹੈ ਤੇ ਮੈਂ ਘਰ ਵੀ ਪਰਤਣਾ ਹੈ।' ਸਾਹਿਬਾਂ ਨੇ ਉਸਨੂੰ ਇਹ ਕਹਿ ਕੇ ਰੋਕਣਾ ਚਾਹਿਆ ਕਿ, 'ਹੁਣ ਬਹੁਤ ਦੇਰ ਹੋ ਗਈ ਹੈ। ਤੂੰ ਮੇਰਾ ਮਹਿਮਾਨ ਬਣ ਏਥੇ ਹੀ ਰਹਿ।' ਪਰ ਉਸਨੇ ਕਿਹਾ, 'ਦਸ ਦਿਨਾਂ ਨੂੰ ਮੈਂ ਦੁਬਾਰਾ ਆਵਾਂਗਾ।' ਇਹ ਕਹਿ ਉਹ ਘੋੜੀ ਤੇ ਚੜ੍ਹ ਕੇ ਦੁੜਕੀ ਪੈ ਗਿਆ।

ਦਸ ਦਿਨ ਗੁਜ਼ਰ ਗਏ ਤਾਂ ਮਿਰਜ਼ਾ ਦੁਬਾਰਾ ਝੰਗ ਸਿਆਲੀਂ ਆਇਆ। ਉਸਨੇ ਸਾਰੇ ਸ਼ਹਿਰ ਦਾ ਗੇੜਾ ਲਾਇਆ। ਉਹ ਸਾਹਿਬਾਂ ਨੂੰ ਭਾਲ਼ ਰਿਹਾ ਸੀ। ਪਰ ਸਾਹਿਬਾਂ ਦਾ ਕੋਈ ਪਤਾ ਨਹੀਂ ਸੀ। ਅਖ਼ੀਰ ਉਹ ਇਕ ਔਰਤ ਦੇ ਘਰ ਗਿਆ। ਉਸਨੇ ਉਥੇ ਘੋੜਾ ਬੰਨ੍ਹਿਆਂ ਅਤੇ ਕੁਝ ਦੇਰ ਆਰਾਮ ਕੀਤਾ। ਉਸਨੇ ਔਰਤ ਨੂੰ ਕਿਹਾ, 'ਮੇਰੇ ਨਾਲ਼ ਚਲ ਤੇ ਮੈਨੂੰ ਸਾਹਿਬਾਂ ਦੇ ਘਰ ਲੈ ਚਲ।'

'ਨਹੀਂ,' ਔਰਤ ਨੇ ਕਿਹਾ, 'ਤੂੰ ਇਥੇ ਹੀ ਰਹਿ। ਮੈਂ ਪਹਿਲਾਂ ਜਾ ਕੇ ਸਾਹਿਬਾਂ ਨੂੰ ਤੇਰੇ ਆਉਣ ਦੀ ਖ਼ਬਰ ਦਿੰਦੀ ਹਾਂ ਅਤੇ ਉਸ ਤੋਂ ਪੁੱਛਦੀ ਹਾਂ ਕਿ ਤੈਨੂੰ ਲੈ ਕੇ ਆਵਾਂ ਕਿ ਨਾ।'

'ਜੇ ਤੈਨੂੰ ਉਹ ਪੁੱਛੇ ਕਿ ਕੌਣ ਆਇਆ ਹੈ,' ਮਿਰਜ਼ੇ ਨੇ ਕਿਹਾ, 'ਤਾਂ ਦੱਸੀਂ ਕਿ ਉਸਦੀ ਮਾਸੀ ਦਾ ਪੁੱਤ ਭਰਾ ਉਸਨੂੰ ਮਿਲਣ ਆਇਆ ਹੈ।'

ਔਰਤ ਸਾਹਿਬਾਂ ਦੇ ਘਰ ਗਈ ਅਤੇ ਉਸਨੂੰ ਮਿਰਜ਼ੇ ਦੇ ਆਉਣ ਦੀ ਖ਼ਬਰ ਦਿੱਤੀ। ਸਾਹਿਬਾਂ ਨੇ ਪੁੱਛਿਆ, 'ਉਹ ਆਇਆ ਕਿੱਥੋਂ ਹੈ ?'

'ਉਹ ਕਹਿੰਦਾ ਹੈ ਕਿ ਉਹ ਰਾਵੀ ਤੋਂ ਆਇਆ ਹੈ,' ਔਰਤ ਨੇ ਦੱਸਿਆ, 'ਅਤੇ ਉਹ ਤੇਰੀ ਮਾਸੀ ਦਾ ਪੁੱਤਰ ਹੈ।'

ਤਦ ਸਾਹਿਬਾਂ ਨੇ ਕਿਹਾ, 'ਪੱਕਾ ਕਰ ਕਿ ਉਹ ਠੀਕ ਕਹਿ ਰਿਹਾ ਹੈ ਅਤੇ ਫਿਰ ਉਸਨੂੰ ਚੁੱਪਚਾਪ ਲੈ ਕੇ ਆਵੀਂ।'

ਔਰਤ ਵਾਪਿਸ ਮਿਰਜ਼ੇ ਕੋਲ਼ ਆਈ ਅਤੇ ਉਸਨੂੰ ਨਾਲ਼ ਲਿਜਾਣ ਲੱਗੀ। ਪਰ ਮਿਰਜ਼ਾ ਕਹਿਣ ਲੱਗਾ, 'ਪਰ ਮੈਂ ਘੋੜੇ ਦਾ ਅਤੇ ਹਥਿਆਰਾਂ ਦਾ ਕੀ ਕਰਾਂ ?'

ਔਰਤ ਨੇ ਕਿਹਾ, 'ਨਾਲ਼ ਹੀ ਲੈ ਆ।' ਉਸਦਾ ਜਵਾਬ ਸੀ। ਮਿਰਜ਼ੇ ਨੇ ਉਵੇਂ ਹੀ ਕੀਤਾ। ਸਾਹਿਬਾਂ ਨੇ ਉਸਨੂੰ ਬਾਹਰ ਰੁਕਣ ਲਈ ਕਿਹਾ ਅਤੇ ਅੰਦਰ ਜਾ ਕੇ ਆਪਣੀ ਮਾਂ ਨਾਲ਼ ਰਾਜ਼ ਸਾਂਝਾ ਕੀਤਾ, 'ਓ ਅੰਮਾ ! ਆਦਮੀ ਨਾਲ਼ ਯਾਰੀ ਲਾਉਣੀ ਤੇ ਪਾਲਣੀ ਜੰਮਣ ਪੀੜਾਂ ਤੋਂ ਕਿਤੇ ਘੱਟ ਨਹੀਂ। ਉਦਾਸਿਆ ਪ੍ਰੇਮੀ ਪਿਆਰ ਨੂੰ ਇਉਂ ਬਰਦਾਸ਼ਤ ਕਰਦਾ ਹੈ ਜਿਵੇਂ ਦਿਉਦਾਰ ਦੇ ਦਰਖ਼ਤ ਉਪਰ ਬਰਫ਼ ਆਪਣਾ ਵਾਰ ਕਰਦੀ ਹੈ। ਧਰਤੀ ਸਭ ਤੋਂ ਵੱਧ ਕੀ ਚਾਹੁੰਦੀ ਹੈ ? ਉਹ ਅਸਮਾਨ ਤੋਂ ਪਾਣੀ ਦੀਆਂ ਬੂੰਦਾਂ ਲਈ ਤਰਸਦੀ ਹੈ। ਗੁੱਝੇ ਆਟੇ ਅਤੇ ਖ਼ਮੀਰੇ ਆਟੇ ਨੂੰ ਸਹੀ ਕਰਨ ਲਈ ਅਤੇ ਸੁਆਦੀ ਬਣਾਉਣ ਲਈ ਲੂਣ ਦੀ ਲੋੜ ਪੈਂਦੀ ਹੈ। ਜਿੰਨੇ ਛਾਨਣੀ ਵਿਚ ਛੇਕ ਹਨ ਤੇ ਜਿੰਨੇ ਅਸਮਾਨ ਵਿਚ ਤਾਰੇ ਹਨ। ਓਨੀਆਂ ਹੀ ਪਿਆਰ ਦੀਆਂ ਪੀੜਾਂ ਝੱਲਣੀਆਂ ਪੈਂਦੀਆਂ ਹਨ।'

ਮਾਂ ਨੇ ਜਵਾਬ ਦਿੱਤਾ, 'ਧੀਏ ਬਾਰਾਂ ਸਾਲ ਤੂੰ ਮਸੀਤੇ ਕਾਜ਼ੀ ਕੋਲ਼ ਪੜ੍ਹਦੀ ਰਹੀ। ਤੂੰ ਬਾਰਾਂ ਹਜ਼ਾਰ ਚੌਧਰਾਂ ਦੀ ਧੀ ਹੈਂ। ਪਰ ਤੂੰ ਇਹ ਕੀ ਬਕਬਕ ਕਰ ਰਹੀ ਹੈਂ। ਇਹ ਸਭ ਕੁਫ਼ਰ ਹੈ। ਹੋਰ ਕੁਝ ਵੀ ਨਹੀਂ। ਅੱਲਾ ਤੈਨੂੰ ਬਖ਼ਸ਼ੇ ਜੇ ਉਹ ਠੀਕ ਹੈ ਜੋ ਤੂੰ ਕਹਿ ਰਹੀ ਹੈਂ।'

ਇਸ ਸਾਰੇ ਸਮੇਂ ਦੌਰਾਨ ਮਿਰਜ਼ਾ ਗਲ਼ੀ ਵਿਚ ਖੜਾ ਰਿਹਾ। ਬਾਲਣ ਦੇ ਢੇਰ ਪਿੱਛੋਂ ਉਹ ਸਭ ਕੁਝ ਦੇਖ ਰਿਹਾ ਸੀ। ਘਰ ਦੀ ਛੱਤ 'ਤੇ ਸਾਹਿਬਾਂ ਕਸੀਦਾ ਕੱਢ ਰਹੀ ਸੀ। ਵਿਹੜੇ ਵਿਚ ਉਸਦੀ ਮਾਂ ਝਾੜੂ ਲਾ ਰਹੀ ਸੀ। ਅਚਾਨਕ ਮਾਂ ਦੀ ਨਜ਼ਰ ਝਾਕਦੇ ਮਿਰਜ਼ੇ ਉਪਰ ਪਈ। ਉਸਨੂੰ ਲੱਗਾ ਕਿ ਉਸਦੀਆਂ ਅੱਖਾਂ ਅੱਗ ਵਾਂਗ ਬਲ ਰਹੀਆਂ ਸਨ। ਉਸਨੇ ਝਾੜੂ ਰੱਖਿਆ ਤੇ ਬਾਹਰ ਗਲ਼ੀ ਵਲ ਆਈ। ਉਸਨੇ ਪਛਾਣ ਲਿਆ ਕਿ ਉਹ ਤਾਂ ਉਸਦੀ ਭੈਣ ਦਾ ਪੁੱਤਰ ਸੀ। ਮਾਸੀ ਨੇ ਭਾਣਜੇ ਦੀ ਖ਼ੂਬਸੂਰਤੀ ਬਾਰੇ ਅਤੇ ਉਸਦੀ ਮਸ਼ਹੂਰ

ਘੋੜੀ ਬਾਰੇ ਸੁਣ ਰੱਖਿਆ ਸੀ। ਮਿਰਜ਼ੇ ਦੀ ਮਾਂ ਵੀ ਉਸ ਵਾਂਗ ਝੰਗ ਸਿਆਲ਼ ਸੀ। ਉਸਨੇ ਮਿਰਜ਼ੇ ਨੂੰ ਕਿਹਾ, 'ਇਕ ਪੁੱਤਰ ਆਪਣੀ ਮਾਂ ਦੇ ਪਿਤਾ ਵਾਲ਼ੇ ਪਿੰਡ ਵਿਚ ਲੁਕਦਾ ਕਿਉਂ ਫਿਰਦਾ ? ਤੂੰ ਕਿਸ ਲਈ ਝਾਤੀਆਂ ਮਾਰ ਰਿਹਾ ਹੈਂ ? ਤੇਰੀਆਂ ਅੱਖਾਂ ਬੜੀਆਂ ਤਿੱਖੀਆਂ ਤੇ ਵਿੰਨਦੀਆਂ ਅੱਖਾਂ ਹਨ। ਤੇਰੀਆਂ ਅੱਖਾਂ ਵਿਚ ਖ਼ੂਨ ਉਤਰਿਆ ਹੋਇਆ ਹੈ, ਇਨ੍ਹਾਂ ਵਿਚ ਹਿਰਸ ਦਿਖਾਈ ਦੇ ਰਹੀ ਹੈ। ਅੱਖਾਂ ਕਿਸੇ ਨੂੰ ਖਾਣ ਲਈ ਤਿਆਰ ਹਨ। ਅੱਖਾਂ ਪਿੱਛੇ ਗਿਣਤੀਆਂ ਮਿਣਤੀਆਂ ਹਨ, ਪਰ ਸਾਹਮਣੇ ਕਮੀਨੀਆਂ ਦਿਖਾਈ ਦੇ ਰਹੀਆਂ ਹਨ ਜਿਨ੍ਹਾਂ ਵਿਚ ਕੋਈ ਰਾਜ਼ ਛਿਪਿਆ ਹੋਇਆ ਹੈ। ਕੀ ਤੂੰ ਪੁਰਾਣੇ ਕਤਲ ਨੂੰ ਭੁੱਲ ਚੁੱਕਾ ਹੈਂ ?' ਇਹ ਕਹਿੰਦਿਆਂ ਸਾਹਿਬਾਂ ਦੀ ਮਾਂ ਨੇ ਮਿਰਜ਼ੇ ਨੂੰ ਅੰਦਰ ਬੁਲਾ ਲਿਆ।

ਵਿਹੜੇ ਵਿਚ ਅੰਬ ਦਾ ਦਰਖ਼ਤ ਸੀ। ਮਾਸੀ ਨੇ ਇਸ ਹੇਠ ਮੰਜਾ ਡਾਹ ਕੇ ਮਿਰਜ਼ੇ ਨੂੰ ਬੈਠਣ ਲਈ ਕਿਹਾ। ਆਪ ਉਹ ਬਾਹਰ ਚਲੀ ਗਈ। ਸਾਹਿਬਾਂ ਛੱਤ ਤੋਂ ਹੇਠਾਂ ਉੱਤਰ ਕੇ ਉਸ ਨਾਲ਼ ਬੈਠ ਗਈ ਅਤੇ ਗੱਲਾਂ ਕਰਨ ਲੱਗੀ। ਦੁਪਹਿਰ ਤੋਂ ਬਾਦ ਮਾਂ ਵਾਪਿਸ ਆਈ ਅਤੇ ਉਸਨੇ ਸਾਹਿਬਾਂ ਨੂੰ ਇਸ਼ਾਰੇ ਕਰਦੇ ਦੇਖ ਲਿਆ ਸੀ ਤੇ ਉਸਨੂੰ ਸਮਝ ਵੀ ਆ ਗਈ ਇਸ ਲਈ ਉਹ ਇਕਦਮ ਉੱਠ ਖਲੋਤਾ। ਉੱਠਦੇ ਨੂੰ ਸਾਹਿਬਾਂ ਨੇ ਫੜ ਕੇ ਕਿਹਾ, 'ਤੂੰ ਮੇਰਾ ਮਹਿਮਾਨ ਹੈਂ। ਮੈਂ ਤੈਨੂੰ ਕਿਤੇ ਲੁਕਾ ਲਵਾਂਗੀ। ਤੂੰ ਮੇਰੇ ਕਹੇ ਠਹਿਰ ਜਾ।'

ਇਹ ਸੋਚ ਕੇ ਕਿ ਪਿੰਡ ਦੀਆਂ ਕੁੜੀਆਂ ਤਕ ਉਨ੍ਹਾਂ ਦੀ ਖ਼ਬਰ ਪਹੁੰਚ ਚੁੱਕੀ ਹੋਵੇਗੀ, ਉਸਨੇ ਕਿਹਾ, 'ਆਪਣੀ ਖਾਤਿਰ ਹੁਣ ਤਾਂ ਮੈਂ ਜਾ ਰਿਹਾ ਹਾਂ। ਦਸ ਦਿਨਾਂ ਤਕ ਮੈਂ ਫੇਰ ਆਵਾਂਗਾ।' ਉਸਨੇ ਯਤਨ ਨਾਲ਼ ਆਪਣੇ ਆਪ ਨੂੰ ਛੁਡਾਇਆ ਅਤੇ ਘੋੜੀ 'ਤੇ ਚੜ੍ਹ ਕੇ ਵਾਪਿਸ ਚਲਾ ਗਿਆ। ਸਾਹਿਬਾਂ ਛੱਤ ਤੋਂ ਉਸਨੂੰ ਉਦੋਂ ਤੱਕ ਦੇਖਦੀ ਰਹੀ ਜਦੋਂ ਤਕ ਉਹ ਅੱਖਾਂ ਤੋਂ ਉਹਲੇ ਨਹੀਂ ਹੋ ਗਿਆ। ਉਸਨੇ ਹੇਠ ਵਿਛਾਈ ਚੱਟਾਈ ਇਕੱਠੀ ਕੀਤੀ ਅਤੇ ਹੇਠਾਂ ਵਿਹੜੇ ਵਿਚ ਆ ਗਈ ਅਤੇ ਉਸਨੇ ਚਰਖਾ ਡਾਹ ਲਿਆ। ਨਾਲ਼-ਨਾਲ਼ ਉਹ ਗਾ ਰਹੀ ਹੈ, 'ਓ ਮੇਰੇ ਮਿਰਜ਼ੇ ਉਨ੍ਹਾਂ ਨੇ ਤੈਨੂੰ ਦੂਰ ਭੇਜ ਦਿੱਤਾ ਹੈ ? ਮੇਰੇ ਲਈ ਇਸ ਦੁਨੀਆਂ ਵਿਚ ਬਾਕੀ ਕੀ ਬਚਿਆ ਹੈ। ਮੇਰੇ ਲਈ ਕਿਹੜੀ ਆਸ ਬਾਕੀ ਰਹੀ ਹੈ ਅਤੇ ਦੇਖਣ ਲਈ ਕੀ ਬਚਿਆ ਹੈ ? ਮੈਂ ਬੇਮਤਲਬ ਆਪਣੀ ਕਾਲ਼ੀ ਬਾਲ਼ਾਂ ਦੀ ਲਿਟ ਵਿਚ ਉਲਝੀ ਹੋਈ ਹਾਂ। ਦਰਖ਼ਤ ਹੇਠ ਮੈਂ ਇਕੱਲੀ ਹੀ ਬੈਠੀ ਹੋਈ ਹਾਂ। ਅੰਬ ਦੀ ਛਾਵੇਂ ਕੱਲਮ ਕੱਲੀ।

'ਮੇਰਾ ਛੋਟਾ ਭਰਾ ਮੇਰੇ ਆਲ਼ੇ ਦੁਆਲੇ ਦੁੜੰਗੇ ਮਾਰ ਰਿਹਾ ਹੈ ਤੇ ਕਹਿ ਰਿਹਾ ਹੈ, "ਆ ਮੇਰੇ ਨਾਲ਼ ਗੀਤ ਗਾ।" ਮੈਂ ਗੀਤ ਗਾ ਰਹੀ ਹਾਂ ਪਰ ਹਰ ਗੀਤ ਵਿਚ ਮਿਰਜ਼ੇ ਦਾ ਨਾਂ ਆ ਰਿਹਾ ਹੈ। ਮਿਰਜ਼ਾ, ਮਿਰਜ਼ਾ ਸ਼ਬਦ ਮਲ੍ਹਮ ਦਾ ਕੰਮ ਕਰਦਾ ਹੈ ਅਤੇ ਮਨ ਨੂੰ ਸਕੂਨ ਦਿੰਦਾ ਹੈ।'

ਅਤਿ ਦੇ ਦੁੱਖ ਕਾਰਣ ਉਹ ਗਸ਼ ਖਾ ਕੇ ਡਿੱਗ ਪਈ। ਬਹੁਤ ਸਾਰੇ ਹਕੀਮ ਬੁਲਾਏ ਗਏ ਪਰ ਕੋਈ ਵੀ ਉਸਦੀ ਮਰਜ਼ ਨੂੰ ਸਮਝ ਨਾ ਸਕਿਆ। ਅਖ਼ੀਰ 'ਤੇ ਕਾਜ਼ੀ ਆਇਆ ਜੋ ਉਸਨੂੰ ਪੜ੍ਹਾਉਂਦਾ ਸੀ। ਉਸਨੇ ਉਸਦੀ ਨਬਜ਼ ਦੇਖੀ। ਪਹਿਲਾਂ ਕਦੇ ਵੀ ਉਹ ਇਹ ਖੁੱਲ੍ਹ ਨਹੀਂ ਸੀ ਲੈ ਸਕਦਾ। ਭਾਵੇਂ ਉਹ ਚਾਹੁੰਦਾ ਸੀ ਕਿਉਂਕਿ ਉਹ ਵੀ ਸਾਹਿਬਾਂ ਨੂੰ ਪਿਆਰ ਕਰਦਾ ਸੀ ਪਰ ਹੁਣ ਉਹ ਨਬਜ਼ ਟੋਹ ਸਕਦਾ ਸੀ ਤੇ ਉਸਨੇ ਖੁਲ੍ਹ ਲਈ। ਉਸਨੇ ਸਾਹਿਬਾਂ ਦੀ ਮਾਂ ਨੂੰ ਕਿਹਾ, 'ਕੋਈ ਭੈੜੀ ਰੂਹ ਸਾਹਿਬਾਂ ਨੂੰ ਡਰਾ ਰਹੀ ਹੈ। ਕੋਈ ਭਾਰੀ ਸ਼ੈਅ, ਕੋਈ ਵੱਡਾ ਦਿਓ।'

'ਜੋ ਕੁਝ ਕਰਨਾ ਕਰੋ, ਜਿੰਨੇ ਦੀ ਵੀ ਦਵਾਈ ਆਵੇ ਆਉਣ ਦਿਉ।' ਮਾਂ ਨੇ ਕਿਹਾ।

'ਇਹੋ ਜਿਹੀ ਸ਼ੈਅ ਚਾਰ ਸੌ ਰੁਪਏ ਦਾ ਖਰਚਾ ਤਾਂ ਕਰਵਾਏਗੀ ਹੀ।' ਕਾਜ਼ੀ ਨੇ ਦੱਸਿਆ।

'ਜੋ ਖਰਚ ਹੁੰਦਾ ਕਰੋ,' ਮਾਂ ਨੇ ਕਿਹਾ, 'ਸਾਹਿਬਾਂ ਠੀਕ ਹੋਣੀ ਚਾਹੀਦੀ ਹੈ।'

'ਠੀਕ ਹੈ,' ਕਾਜ਼ੀ ਨੇ ਕਿਹਾ, 'ਅੱਜ ਇਲਾਜ ਹੁੰਦੇ ਨੂੰ ਘੰਟਾ ਹੋ ਗਿਆ ਹੈ। ਹੁਣ ਬਹੁਤ ਦੇਰ ਹੋ ਗਈ ਹੈ। ਕਲ੍ਹ ਨੂੰ ਕੋਈ ਨਾ ਕੋਈ ਇਲਾਜ ਜ਼ਰੂਰ ਹੋ ਜਾਵੇਗਾ।'

ਪਰ ਮਨ ਵਿਚ ਉਹ ਕਹਿ ਰਿਹਾ ਸੀ, 'ਅੱਜ ਉਹ ਚਾਰ ਸੌ ਰੁਪਏ ਦੇਣ ਲਈ ਤਿਆਰ ਹੈ। ਕਲ੍ਹ ਨੂੰ ਸ਼ਾਇਦ ਅੱਠ ਸੌ ਦੇਣ ਲਈ ਵੀ ਤਿਆਰ ਹੋ ਜਾਵੇ।' ਅਜਿਹਾ ਸੋਚਦਾ ਉਹ ਘਰ ਚਲਿਆ ਗਿਆ। ਪਰ ਰਾਤ ਨੂੰ ਉਹ ਸੌਂ ਨਹੀਂ ਸਕਿਆ। ਉਸ ਨੂੰ ਪਛਤਾਵਾ ਸੀ ਕਿ ਉਸਨੇ ਚਾਰ ਸੌ ਰੁਪਈਆ ਲੈ ਕਿਉਂ ਨਹੀਂ



ਲਿਆ ? ਇਕ ਰਾਤ ਉਸ ਲਈ ਇਕ ਸਾਲ ਦੇ ਬਰਾਬਰ ਸੀ। ਇਸ ਉਧੇੜ ਬੁਣ ਵਿਚ ਸਵੇਰ ਦੀ ਬਜਾਇ ਉਹ ਅੱਧੀ ਰਾਤ ਦੀ ਉੱਠ ਬੈਠਾ ਅਤੇ ਉਸਨੇ ਬਾਂਗ ਦੇ ਦਿੱਤੀ। ਲੋਕ ਬਾਂਗ ਸੁਣ ਉੱਠ ਖਲੋਤੇ ਅਤੇ ਸਵੇਰ ਦੀ ਨਮਾਜ਼ ਪੜ੍ਹਨ ਲਈ ਮਸੀਤੇ ਪਹੁੰਚ ਗਏ। ਲੋਕਾਂ ਨੂੰ ਕਾਜੀ ਨੇ ਕਾਫ਼ੀ ਇੰਤਜ਼ਾਰ ਕਰਵਾਈ। ਅਖ਼ੀਰ ਜਦ ਉਹ ਆਇਆ ਤਾਂ ਵੀ ਅਜੇ ਸਵਖਤਾ ਸੀ। ਜਦੋਂ ਉਸਨੇ ਮਦਰੱਸਾ ਖੋਲ੍ਹਿਆ ਤਾਂ ਵੀ ਉਸਦੇ ਦਿਮਾਗ਼ ਵਿਚ ਚਾਰ ਸੌ ਰੁਪਏ ਹੀ ਘੁੰਮ ਰਹੇ ਸਨ। ਇਸ ਲਈ ਉਹ ਸਬਕ ਵੀ ਉਲਟ ਪੁਲਟ ਦੇ ਰਿਹਾ ਸੀ। ਉਸ ਦੀਆਂ ਨਿਗਾਹਾਂ ਦਰਵਾਜ਼ੇ ਵਲ ਹੀ ਲੱਗੀਆਂ ਹੋਈਆਂ ਸਨ ਅਤੇ ਉਹ ਮਨੋਮਨੀ ਸੋਚ ਰਿਹਾ ਸੀ ਕਿ, 'ਹੁਣ ਵੀ ਕੋਈ ਨਾ ਕੋਈ ਆਵੇਗਾ।' ਅਤੇ ਫਿਰ ਸੋਚਦਾ, 'ਜ਼ਰੂਰ ਹੀ ਸਾਹਿਬਾਂ ਦੇ ਘਰੋਂ ਮੈਨੂੰ ਬੁਲਾਉਣ ਲਈ ਕੋਈ ਨਾ ਕੋਈ ਆਏਗਾ।'

ਸਵੇਰ ਤਕ ਸਾਹਿਬਾਂ ਦੀ ਹਾਲਤ ਵਿਚ ਸੁਧਾਰ ਆ ਗਿਆ ਅਤੇ ਉਹ ਮਦਰੱਸੇ ਜਾਣ ਲਈ ਤਿਆਰ ਹੋ ਗਈ। ਜਦੋਂ ਉਹ ਹੱਥ ਧੋ ਰਹੀ ਸੀ ਤਾਂ ਉਸਨੇ ਮਾਂ ਨੂੰ ਕਿਹਾ, 'ਓ ਮਾਂ ਮੈਂ ਝਨਾਂ ਵਿਚ ਨਹਾ ਰਹੀ ਸੀ ਕਿ ਮੇਰੇ ਦਿਲ ਵਿਚ ਭੂਚਾਲ ਆ ਗਿਆ। ਇਸੇ ਸਮੇਂ ਮਿਰਜ਼ੇ ਨੇ ਆ ਕੇ ਆਪਣਾ ਮੂੰਹ ਦਿਖਾ ਦਿੱਤਾ। ਮੇਰੇ ਚਿਹਰੇ ਤੋਂ ਪਰਦਾ ਉੱਠ ਗਿਆ। ਮਾਂ ਜੇ ਤੂੰ ਮੇਰੀ ਮਾਂ ਹੈਂ ਤਾਂ ਮੇਰੀ ਅਰਜ਼ ਮੰਨੀ। ਰਾਤ ਦਿਨ ਮੇਰਾ ਪਰਦਾ ਢੱਕੀ ਰੱਖੀਂ।'

ਇਹ ਕਹਿ ਉਹ ਮਸੀਤੇ ਚਲੇ ਗਈ। ਜਦੋਂ ਕਾਜ਼ੀ ਨੇ ਉਸਨੂੰ ਆਉਂਦੇ ਦੇਖਿਆ ਉਹ ਤਾਂ ਗੁੱਸੇ ਵਿਚ ਲਾਲ ਹੋ ਗਿਆ। ਉਹ ਸੋਚ ਰਿਹਾ ਸੀ, 'ਇਸ ਕਲਹਿਣੀ ਨੂੰ ਕਲ੍ਹ ਕੀ ਹੋਇਆ ਸੀ ਕਿ ਅੱਜ ਇਹ ਠੀਕ ਵੀ ਹੋ ਗਈ ? ਮੇਰੇ ਚਾਰ ਸੌ ਰੁਪਏ ਗਏ।' ਉਸਨੇ ਬੱਚਿਆਂ ਨੂੰ ਕਿਹਾ, 'ਤੂਤ ਦੀ ਛਮਕ ਲੈ ਕੇ ਆਉ ਤੇ ਇਸ ਸਾਹਿਬਾਂ ਨੂੰ ਕੁਟਾਪਾ ਚਾੜ੍ਹੋ। ਭਾਵੇਂ ਇਸਨੂੰ ਸਬਕ ਯਾਦ ਹੋਵੇ ਜਾਂ ਨਾ।' ਮਸੀਤ ਵਿਚ ਦਾਖਿਲ ਹੁੰਦਿਆਂ ਹੀ ਸਾਹਿਬਾਂ ਨੇ ਕਾਜ਼ੀ ਦਾ ਗੁੱਸਾ ਤਾੜ ਲਿਆ ਤੇ ਉਹ ਮਾਰ ਖਾਣ ਲਈ ਵੀ ਤਿਆਰ ਹੋ ਗਈ। 'ਪਰ,' ਉਸਨੇ ਸੋਚਿਆ, 'ਮੇਰਾ ਬਚਾਅ ਹੋ ਸਕਦਾ ਹੈ ਜੇ ਮੈਂ ਕਾਜ਼ੀ ਨੂੰ ਇਹ ਇਸ਼ਾਰਾ ਦੇ ਦੇਵਾਂ ਕਿ ਮਿਰਜ਼ਾ ਖ਼ਾਨ ਮੇਰਾ ਦੋਸਤ ਹੈ।' ਉਸਨੇ ਕਾਜ਼ੀ ਨੂੰ ਕਿਹਾ, 'ਓ ਕਾਜ਼ੀ ਮੈਨੂੰ ਛਮਕਾਂ ਦੀ ਮਾਰ ਨਾ ਮਾਰ ਅਤੇ ਨਾ ਹੀ ਹੱਥ ਚਲਾ। ਮੇਰਾ ਯਾਦ ਕੀਤਾ ਸਭ ਕੁਝ ਸਾਫ਼ ਹੋ ਗਿਆ ਹੈ। ਮੇਰੀ ਯਾਦਾਸ਼ਤ ਜਾਂਦੀ ਰਹੀ ਹੈ। ਪਿਆਰ ਨੇ ਮੇਰੇ ਅੰਦਰ ਅੱਗ ਲਾਈ ਹੋਈ ਹੈ। ਮੈਂ ਸੌਂਦੀ ਰਹਿੰਦੀ ਹਾਂ, ਪਰ ਇਹ ਪਿਆਰ ਮੈਨੂੰ ਜਗਾ ਦਿੰਦਾ ਹੈ। ਮੇਰੇ ਦਿਲ ਵਿਚ ਹਲਚਲ ਹੋ ਰਹੀ ਹੈ। ਜਦੋਂ ਨਮਾਜ਼ ਦਾ ਵਕਤ ਹੁੰਦਾ ਹੈ ਤਾਂ ਦਿਲ ਵਿਚ ਪਿਆਰ ਖੌਰੂ ਪਾਉਣ ਲੱਗਦਾ ਹੈ। ਕਾਲ਼ੇ ਬਦਲ਼ਾਂ ਵਿਚ ਜਿਵੇਂ ਬਿਜਲੀ ਦੀ ਤਾਰ ਫਿਰ ਜਾਂਦੀ ਹੈ। ਮੇਰੇ ਦਿਲ ਵਿਚ, ਹਾਂ ਮੇਰੇ ਦਿਲ ਵਿਚ ਮਿਰਜ਼ਾ ਖ਼ਾਨ ਵਸ ਗਿਆ ਹੈ।

ਕਾਜ਼ੀ ਹਫੜਾ ਦਫੜੀ ਵਿਚ ਉੱਠਿਆ। ਉਹ ਆਪਣੀ ਪੱਗ ਢਾਹ-ਢਾਹ ਕੇ ਬੰਨਣ ਲੱਗਾ। ਅਖ਼ੀਰ ਪੱਗ ਬੰਨ੍ਹ ਉਹ ਸਾਹਿਬਾਂ ਦੇ ਘਰ ਆ ਗਿਆ। ਕਾਹਲ਼ੀ-ਕਾਹਲ਼ੀ ਉਸਦੀ ਮਾਂ ਕੋਲ਼ ਜਾ ਕੇ ਕਹਿਣ ਲੱਗਾ, 'ਸਾਹਿਬਾਂ ਦੀ ਮਾਂ, ਸਾਹਿਬਾਂ ਨਹੀਂ ਪੜ੍ਹ ਸਕਦੀ।'

'ਓ ਕਾਜ਼ੀ,' ਮਾਂ ਬੋਲੀ, 'ਕੀ ਹੋਇਆ ਉਹ ਪੜ੍ਹ ਕਿਉਂ ਨਹੀਂ ਸਕਦੀ।'

'ਉਸਦੀ ਮਿਰਜ਼ੇ ਖਾਨ ਨਾਲ਼ ਯਾਰੀ ਹੈ,' ਕਾਜ਼ੀ ਕਹਿਣ ਲੱਗਾ, 'ਇਕ ਦਿਨ ਇਹ ਯਾਰੀ ਨੂੰ ਜੇ ਵਧਣ ਦਿੱਤਾ ਤਾਂ ਮੇਰੇ ਸ਼ਬਦ ਯਾਦ ਰੱਖੀਂ ਕਿ ਉਹ ਤੇਰੇ ਘਰ ਵਿਚ ਨਹੀਂ ਰਹੇਗੀ। ਅੱਜ ਜਾਂ ਕੱਲ੍ਹ ਉਹ ਉਹਦੇ ਨਾਲ਼ ਨਿਕਲ਼ ਜਾਵੇਗੀ।'

'ਓ ਕਾਜ਼ੀ,' ਸਾਹਿਬਾਂ ਦੀ ਮਾਂ ਬੋਲੀ, 'ਹੁਣ ਤੂੰ ਜਾਹ, ਮੈਨੂੰ ਇਕੱਲੀ ਛੱਡ ਦੇ। ਜਦੋਂ ਉਹ ਘਰ ਆਈ ਮੈਂ ਉਸਦੀ ਗਤ ਬਣਾਵਾਂਗੀ। ਮੇਰੇ ਤੇ ਯਕੀਨ ਕਰ।'

ਕਾਜ਼ੀ ਚਲਾ ਗਿਆ। ਜਦੋਂ ਸਾਹਿਬਾਂ ਆਈ ਤਾਂ ਉਸਦੀ ਮਾਂ ਤੰਦੂਰ ਤਾਅ ਰਹੀ ਸੀ। ਤੰਦੂਰ ਵਾਲ਼ੀ ਲੱਕੜੀ ਉਸਦੇ ਹੱਥ ਵਿਚ ਸੀ। ਉਸਨੇ ਉਸੇ ਨਾਲ਼ ਹੀ ਸਾਹਿਬਾਂ ਦੀ ਪਿੱਠ ਸੇਕ ਦਿੱਤੀ। ਸਾਹਿਬਾਂ ਬੋਲੀ, 'ਮੈਂ ਮਿਰਜ਼ੇ ਖ਼ਾਨ ਨੂੰ ਗਲ਼ੀ ਵਿਚ ਆਉਣ ਤੋਂ ਰੋਕ ਦਿੱਤਾ ਹੈ ਪਰ ਫਿਰ ਵੀ ਤੂੰ ਮੇਰੀ ਮਾਂ ਮੈਨੂੰ ਤਾਹਨੇ ਮਾਰ ਰਹੀ ਹੈਂ। ਅਸੀਂ ਦੋਨੋਂ ਇਕੋ ਹੀ ਸਬਕ ਲੈ ਰਹੇ ਹਾਂ। ਇਹ ਸਬਕ ਤਾਂ ਹੁਣ ਖ਼ੂਨ ਵਿਚ ਰਚ ਗਿਆ ਹੈ। ਪਰ

ਜੇ ਤੂੰ ਮੇਰੀ ਮਾਂ ਹੈਂ ਤਾਂ ਮੇਰਾ ਪਰਦਾ ਰੱਖ।'

ਸਮਾਂ ਬੀਤਿਆ, ਮਿਰਜ਼ਾ ਦੁਬਾਰਾ ਆਇਆ ਪਰ ਕਿਸੇ ਸਾਜਿਸ਼ ਦੀ ਸ਼ੱਕ ਹੋਣ 'ਤੇ ਉਸਨੇ ਸੋਚਿਆ, 'ਚੰਗਾ ਹੋਵੇਗਾ ਕਿ ਘਰ ਨਾ ਜਾਇਆ ਜਾਵੇ। ਇਸ ਲਈ ਉਹ ਤੇਲੀ ਦੀ ਹੱਟੀ ਜਾ ਚੜ੍ਹਿਆ। ਹੱਟੀ 'ਤੇ ਕਈ ਲੋਕ ਜੁੜੇ ਹੋਏ ਸਨ, ਉਨ੍ਹਾਂ ਦਾ ਅੰਦਾਜ਼ਾ ਲਾਉਂਦਾ ਰਿਹਾ।

ਉਸੇ ਦਿਨ ਸਾਹਿਬਾਂ ਨੇ ਆਪਣੀਆਂ ਮੀਢੀਆਂ ਖੋਲ੍ਹੀਆਂ ਹੋਈਆਂ ਸਨ। ਉਸਨੇ ਮਾਂ ਨੂੰ ਕਿਹਾ, 'ਮਾਂ ਹੱਟੀ 'ਤੇ ਜਾ ਤੇ ਮੇਰੇ ਲਈ ਤੇਲ ਲੈ ਕੇ ਆ, ਮੈਨੂੰ ਖੁਲ੍ਹੇ ਕੇਸੀਂ ਜਾਂਦਿਆਂ ਸ਼ਰਮ ਆਉਂਦੀ ਹੈ।

'ਮੈਂ ਹੁਣ ਬੁੱਢੀ ਹੋ ਗਈ ਹਾਂ,' ਮਾਂ ਦਾ ਜਵਾਬ ਸੀ, 'ਜਾਹ ਆਪੇ ਹੀ ਤੇਲ ਲੈ ਆ।'

ਸਾਹਿਬਾਂ ਨੇ ਕਟੋਰੀ ਫੜੀ ਅਤੇ ਖੁਲ੍ਹੇ ਕੇਸੀਂ ਹੀ ਤੇਲ ਲੈਣ ਚਲੇ ਗਈ। ਤੇਲੀ ਦੀ ਦੁਕਾਨ 'ਤੇ ਘੋੜੀ ਉਪਰ ਮਿਰਜ਼ਾ ਖ਼ਾਨ ਵੀ ਖੜ੍ਹਾ ਸੀ। ਸਾਹਿਬਾਂ ਨੇ ਉਸ ਨੂੰ ਦੇਖਿਆ। ਮਿਰਜ਼ੇ ਨੇ ਵੀ ਸਾਹਿਬਾਂ ਨੂੰ ਦੇਖ ਲਿਆ। ਮਿਰਜ਼ੇ ਨੇ ਤੇਲੀ ਨੂੰ ਪੁੱਛਿਆ, 'ਤੂੰ ਤੇਲ ਵੇਚਣ ਤੇ ਕਿੰਨਾਂ ਕੁ ਕਮਾ ਲੈਂਦਾ ਹੈਂ?'

'ਚਾਰ-ਪੰਜ ਰੁਪਏ,' ਤੇਲੀ ਨੇ ਜਵਾਬ ਵਿਚ ਦੱਸਿਆ।

'ਆਹ ਲੈ ਦਸ ਰੁਪਏ,' ਮਿਰਜ਼ੇ ਨੇ ਕਿਹਾ ਅਤੇ ਹੱਟੀ ਇਕ ਦਿਨ ਲਈ ਮੇਰੇ ਲਈ ਛੱਡ ਦੇ। ਮੈਂ ਉਸ ਕੁੜੀ ਨਾਲ਼ ਹਿਸਾਬ ਕਿਤਾਬ ਕਰ ਲਵਾਂ। ਉਹ ਦੁਕਾਨ 'ਤੇ ਜਾ ਬੈਠਾ ਅਤੇ ਸਾਹਿਬਾਂ ਨੂੰ ਤਪਾਕ ਨਾਲ਼ ਮਿਲ਼ਿਆ। ਤੇਲੀ ਨੇ ਦੁਕਾਨ ਨੂੰ ਤਾਲਾ ਲਾਇਆ ਤੇ ਚਲਾ ਗਿਆ। ਸ਼ਾਮ ਨੂੰ ਉਸਨੇ ਵਾਪਿਸ ਆ ਕੇ ਤਾਲਾ ਖੋਲ੍ਹਿਆ ਤੇ ਕਿਹਾ, 'ਹੁਣ ਦੇਰ ਹੋ ਗਈ ਹੈ। ਤੁਸੀਂ ਆਪਣੇ ਘਰ ਜਾਉ।' ਸਾਹਿਬਾਂ ਆਪਣੇ ਘਰ ਚਲੇ ਗਈ ਅਤੇ ਮਿਰਜ਼ਾ ਆਪਣੇ ਘਰ ਚਲਾ ਗਿਆ। ਸਾਹਿਬਾਂ ਜਦੋਂ ਘਰ ਪਹੁੰਚੀ ਉਸਦੀ ਮਾਂ ਨੇ ਉਸਨੂੰ ਦੁਬਾਰਾ ਡੰਡਿਆਂ ਦੀ ਮਾਰ ਮਾਰੀ। ਨਾਲ਼ ਹੀ ਕਿਹਾ, 'ਸਵੇਰ ਦੀ ਤੂੰ ਤੇਲ ਲੈਣ ਗਈ ਸੀ। ਏਨੀ ਦੇਰ ਤੂੰ ਕਿੱਥੇ ਸੀ।'

'ਤੂੰ ਮੈਨੂੰ ਤੇਲ ਲੈਣ ਲਈ ਭੇਜਿਆ ਸੀ,' ਸਾਹਿਬਾਂ ਨੇ ਜਵਾਬ ਦਿੱਤਾ, 'ਮੈਂ ਤੇਲੀ ਦੀ ਹੱਟੀ ਗਈ ਸੀ। ਉਥੇ ਤਿੰਨ ਆਦਮੀ ਖੜ੍ਹੇ ਸਨ। ਇਕ ਬ੍ਰਾਹਮਣ ਸੀ ਤੇ ਦੋ ਜੱਟ। ਉਨ੍ਹਾਂ ਨੂੰ ਤਕੜੀ 'ਤੇ ਤੋਲਣਾ ਨਹੀਂ ਸੀ ਆਉਂਦਾ। ਉਨ੍ਹਾਂ ਸਿਲਕ ਵੇਚਣੀ ਸੀ ਤੇ ਸੌਦਾ ਕਰਨਾ ਸੀ। ਫਿਰ ਮੈਨੂੰ ਮਿਰਜ਼ਾ ਮਿਲ਼ ਗਿਆ। ਮੈਂ ਤੇਲ ਤਾਂ ਨਹੀਂ ਲਿਆ, ਮੈਨੂੰ ਪਿਆਰ ਬੇਹੱਦ ਮਿਲ਼ ਗਿਆ, ਹਾਂ ਪਿਆਰ ਏਨਾ ਸਾਰਾ।'

ਇਸ ਬਾਰ ਮਿਰਜ਼ੇ ਨੇ ਤਿੰਨ ਚਾਰ ਦਿਨ ਬਾਦ ਮਿਲਣ ਦਾ ਵਾਅਦਾ ਕੀਤਾ। ਉਨ੍ਹਾਂ ਨੇ ਸ਼ਹਿਰ ਤੋਂ ਬਾਹਰ, ਸਾਹਿਬਾਂ ਦੇ ਬਾਗ਼ ਨੇੜੇ ਮਿਲਣਾ ਸੀ। ਇਕੋ ਇਕ ਧੀ ਹੋਣ ਕਰਕੇ ਪਿਉ ਸਾਹਿਬਾਂ ਨੂੰ ਬਹੁਤ ਪਿਆਰ ਕਰਦਾ ਸੀ ਇਸ ਲਈ ਉਸਨੇ ਸਾਹਿਬਾਂ ਨੂੰ ਜਾਣ ਦੀ ਇਜਾਜ਼ਤ ਦੇ ਦਿੱਤੀ। ਉਸਨੇ ਸਿਰਫ਼ ਏਨਾ ਕਿਹਾ, 'ਥਾਂ ਸ਼ਹਿਰ ਤੋਂ ਬਾਹਰ ਹੈ ਅਤੇ ਖ਼ਤਰੇ ਤੋਂ ਖ਼ਾਲੀ ਨਹੀਂ। ਇਸ ਲਈ ਆਪਣੇ ਨਾਲ਼ ਸੱਠ ਸਹੇਲੀਆਂ ਲੈ ਜਾ।' ਸਾਰੇ ਜਣੇ ਬਾਹਰ ਚਲੇ ਗਏ। ਸਮਾਂ ਆ ਗਿਆ। ਪਰ ਮਿਰਜ਼ਾ ਕਿਤੇ ਦਿਖਾਈ ਨਹੀਂ ਦਿੱਤਾ। ਸਾਹਿਬਾਂ ਦਰਖ਼ਤਾਂ ਦੇ ਝੁਰਮਟ ਵਿਚ ਪਈ ਪੀਂਘ 'ਤੇ ਚੜ੍ਹ ਦੂਰ ਤਕ ਦੇਖਦੀ ਹੈ ਕਿ ਮਿਰਜ਼ਾ ਕਿਤੇ ਆਉਂਦਾ ਹੈ, ਪਹਿਲਾਂ ਤਾਂ ਉਹ ਖੁਸ਼ ਹੁੰਦੀ ਹੈ ਪਰ ਜਦ ਉਹ ਦਿਖਾਈ ਨਾ ਦਿੱਤਾ ਤਾਂ ਉਹ ਉਦਾਸ ਹੋ ਗਈ। ਉਹ ਕੁਝ ਦਿਨ ਬਾਦ ਆ ਰਿਹਾ ਸੀ। ਅਖ਼ੀਰ ਉਹ ਪੰਜਵੇਂ ਦਿਨ ਆਇਆ। ਸਾਹਿਬਾਂ ਨੇ ਉਸਨੂੰ ਆਉਂਦੇ ਦੇਖ ਲਿਆ ਪਰ ਪਿੱਠ ਫੇਰ ਲਈ। ਮਿਰਜ਼ੇ ਨੇ ਸੋਚਿਆ ਕਿ ਸਾਹਿਬਾਂ ਨੇ ਉਸਨੂੰ ਦੇਖਿਆ ਨਹੀਂ ਸੀ ਇਸ ਲਈ ਉਹ ਉਸਦੇ ਸਾਹਮਣੇ ਆ ਖੜ੍ਹਾ ਹੋਇਆ। ਪਰ ਉਸਨੇ ਦੁਬਾਰਾ ਉਸ ਵਲ ਪਿੱਠ ਕਰ ਲਈ। ਮਿਰਜ਼ਾ ਭੰਬਲਭੂਸੇ ਵਿਚ ਪੈ ਗਿਆ, ਫਿਰ ਮਨ ਵਿਚ ਸੋਚਦਾ ਹੈ ਕਿ, 'ਸ਼ਾਇਦ ਉਸਨੇ ਅਜੇ ਵੀ ਮੈਨੂੰ ਨਹੀਂ ਦੇਖਿਆ।' ਉਹ ਇਕ ਵਾਰ ਫੇਰ ਉਸਦੇ ਸਾਹਮਣੇ ਆ ਗਿਆ। ਪਰ ਇਸ ਵਾਰ ਵੀ ਉਸਨੂੰ ਸਾਹਿਬਾਂ ਦੀ ਪਿੱਠ ਹੀ ਦੇਖਣੀ ਪਈ। ਇਸ ਵਾਰ ਉਸਨੇ ਸੋਚਿਆ, 'ਉਹ ਮੇਰੇ ਨਾਲ਼ ਗੁੱਸੇ ਹੈ।' ਇਹ ਸੋਚ ਕੇ ਉਸਨੇ ਘੋੜਾ ਪਿਛਾਂਹ ਨੂੰ ਮੋੜ ਲਿਆ, ਜਿਵੇਂ ਉਹ ਘਰ ਨੂੰ ਚੱਲਿਆ ਹੋਵੇ। ਉਹ ਥੋੜ੍ਹੀ ਦੂਰ ਗਿਆ ਤੇ ਸੋਚਣ ਲੱਗਾ, 'ਪਰ ਮੈਂ ਇਹ ਤਾਂ ਪੁੱਛਿਆ ਹੀ ਨਹੀਂ ਕਿ ਉਹ ਮੇਰੇ ਨਾਲ਼ ਗੁੱਸੇ ਕਿਉਂ ਹੈ?' ਉਹ ਵਾਪਿਸ ਆਇਆ ਪਰ ਇਸ ਵਾਰ ਵੀ ਉਸਨੂੰ ਸਾਹਿਬਾਂ ਦਾ ਮੂੰਹ ਦੇਖਣਾ ਨਸੀਬ ਨਹੀਂ ਹੋਇਆ।' ਮਿਰਜ਼ਾ



ਸਾਹਿਬਾਂ ਨੂੰ ਕਹਿੰਦਾ ਹੈ, 'ਖੀਵੇ ਦੇ ਸ਼ਹਿਰ ਵਿਚ ਅਣਗਿਣਤ ਟਾਹਲੀਆਂ ਦੇ ਝੁਰਮਟ ਹਨ, ਜੰਗਲ ਸੰਘਣਾ ਤੇ ਵਿਸ਼ਾਲ ਹੈ। ਇਨ੍ਹਾਂ ਦੀ ਛਾਂ ਹੇਠ ਬੇਹਿਸਾਬੀਆਂ ਘੋੜੀਆਂ ਬੰਨ੍ਹੀਆਂ ਹੋਈਆਂ ਹਨ। ਘੋੜੀਆਂ ਦੇ ਰੇਸ਼ਮੀ ਤੰਗ ਪਤਾ ਨਹੀਂ ਕਿੰਨੇ ਲਾੜਿਆਂ ਨੇ ਕੱਸੇ ਹਨ। ਉਸੇ ਖੀਵੇ ਦੀ ਧੀ ਸਾਹਿਬਾਂ ਵੰਗਾਂ ਨਾਲ਼ ਅੱਟੀ ਪਈ ਹੈ। ਓ ਸਾਹਿਬਾਂ ਚੂੜੇ ਵਲੋਂ ਧਿਆਨ ਹਟਾ ਕੇ ਮੇਰੀ ਵਲ ਇਕ ਨਿਗਾਹ ਤਾਂ ਮਾਰ। ਦੇਖ ਮੈਂ ਤੇਰੇ ਸਾਹਮਣੇ ਖੜ੍ਹਾ ਹਾਂ ਕੀ ਤੂੰ ਮੈਨੂੰ ਜਾਣਦੀ ਹੀ ਨਹੀਂ?'

ਇਹ ਕਹਿ ਕੇ ਮਿਰਜ਼ੇ ਨੇ ਇਕ ਵਾਰ ਫੇਰ ਘੋੜਾ ਪਿੱਛੇ ਵਲ ਮੋੜ ਲਿਆ। ਹੁਣ ਸਾਹਿਬਾਂ ਨੇ ਸੋਚਿਆ, 'ਹੁਣ ਉਹ ਗੁੱਸੇ ਹੋ ਕੇ ਪਰਤ ਰਿਹਾ ਹੈ।' ਇਸ ਲਈ ਉਸਨੇ ਉਸਦੇ ਘੋੜੇ ਦੀ ਲਗਾਮ ਫੜ ਲਈ। ਕਿਉਂਕਿ ਉਸਨੇ ਸੋਚਿਆ, 'ਸ਼ਾਇਦ ਉਹ ਇਸ ਬਾਰ ਗਿਆ ਵਾਪਿਸ ਹੀ ਨਾ ਆਏ।' ਉਹ ਕਹਿਣ ਲੱਗੀ, 'ਮੇਰੇ ਹੱਥ ਵਿਚ ਦਹੀਂ ਦਾ ਕਟੋਰਾ ਹੈ ਅਤੇ ਮੈਂ ਦਰਿਆ 'ਤੇ ਇਸ ਨਾਲ਼ ਆਪਣੇ ਕੇਸ ਧੋਣ ਜਾ ਰਹੀ ਹਾਂ। ਦਰਿਆ ਵਗ ਰਿਹਾ ਹੈ ਜਿਸ ਵਿਚ ਸਾਰਾ ਦਹੀਂ ਰੁੜ੍ਹ ਗਿਆ ਹੈ। ਪਰ ਪਿਆਰ ਤਾਂ ਹਮੇਸ਼ਾ ਰਹਿਣ ਵਾਲ਼ੀ ਸ਼ੈਅ ਹੈ। ਕਟਾਰ ਲੈ ਤੇ ਮੇਰਾ ਮਾਸ ਕੱਟ, ਡਰੀਂ ਨਾ ਮੈਂ ਸੀਅ ਤਕ ਨਹੀਂ ਕਰਾਂਗੀ। ਮੇਰੀਆਂ ਨਸਾਂ 'ਚੋਂ ਖ਼ੂਨ ਦਾ ਕਤਰਾ ਤਕ ਨਹੀਂ ਵਹੇਗਾ ਕਿਉਂਕਿ ਉਨ੍ਹਾਂ ਵਿਚ ਤਾਂ ਪਿਆਰ ਹੀ ਵਸਦਾ ਹੈ।'

ਫਿਰ ਸਾਹਿਬਾਂ ਨੇ ਕਿਹਾ, 'ਹੁਣ ਅੰਦਰ ਆ ਤੇ ਮੇਰਾ ਘਰ ਦੇਖ।' ਉਸਨੇ ਮਿਰਜ਼ੇ ਨੂੰ ਸਾਰਾ ਬਾਗ਼ ਘੁੰਮਾਇਆ ਅਤੇ ਪਿਛਲੇ ਪਾਸੇ ਲੈ ਗਈ। ਇੱਥੇ ਆ ਕੇ ਮਿਰਜ਼ਾ ਸੋਚਦਾ ਹੈ, 'ਸਾਹਿਬਾਂ ਦੀਆਂ ਸਹੇਲੀਆਂ ਦੀਆਂ ਨਿਗਾਹਾਂ ਤੋਂ ਬਚਣ ਲਈ ਇਹ ਜਗ੍ਹਾ ਬਹੁਤ ਸੁਹਣੀ ਹੈ।' ਪਰ ਇਸ ਥਾਂ ਦਾ ਦੂਸਰਿਆਂ ਨੂੰ ਪਤਾ ਲੱਗਣ ਦੇ ਡਰੋਂ ਅਤੇ ਬਹੁਤੀ ਦੇਰ ਠਹਿਰਨ ਦੇ ਖ਼ਤਰੇ ਨੂੰ ਮਹਿਸੂਸ ਕਰਦਿਆਂ ਮਿਰਜ਼ੇ ਨੇ ਸਾਹਿਬਾਂ ਨੂੰ ਕਿਹਾ, 'ਹੁਣ ਤੂੰ ਮੈਨੂੰ ਆਪਣਾ ਘਰ ਦਿਖਾ।'

ਮਿਰਜ਼ੇ ਦਾ ਹੱਥ ਫੜੀ ਇਹ ਕਹਿੰਦੀ ਹੋਈ ਸਾਹਿਬਾਂ ਅੱਗੇ ਲੱਗ ਤੁਰੀ, 'ਆ ਮੈਂ ਤੇਰੇ ਨਾਲ਼ ਚੱਲਾਂਗੀ।' ਰਸਤੇ ਵਿਚ ਸਾਹਿਬਾਂ ਦੀ ਸਹੇਲੀ ਮਿਲ਼ ਪਈ।' ਉਹ ਕਹਿਣ ਲੱਗੀ, 'ਓ ਅਜਨਬੀ ਨੌਜਵਾਨ, ਤੂੰ ਛੀਂਟਕਾ ਤੇ ਸਿੱਧਾ-ਸ਼ਤੀਰ ਹੈ। ਕਿਹੜੀ ਚੀਜ਼ ਤੈਨੂੰ ਸਾਹਿਬਾਂ ਦੇ ਦਰ 'ਤੇ ਲੈ ਆਈ? ਹੋਰਨਾਂ ਨੂੰ ਛੱਡ ਕੇ ਤੂੰ ਸਿਰਫ਼ ਇਸ ਕੋਲ਼ ਆਇਆ ਹੈਂ, ਕੀ ਤੂੰ ਦਿਲ ਦਾ ਫੱਟੜ ਤਾਂ ਨਹੀਂ?'

ਮਿਰਜ਼ਾ ਕੁੜੀ ਦੀ ਗੱਲ 'ਤੇ ਉਲਝ ਗਿਆ, ਪਰ ਉਸਨੇ ਉਸਨੂੰ ਜਵਾਬ ਦਿੱਤਾ, 'ਕਿਸਮਤ ਤੋਂ ਬਿਨਾਂ ਕੋਈ ਕਿਸੇ ਦੇ ਰਸਤੇ ਨੂੰ ਨਹੀਂ ਕੱਟ ਸਕਦਾ। ਦਾਣਾ ਪਾਣੀ ਬੰਦੇ ਦੇ ਆਪਣੇ ਹੱਥ ਨਹੀਂ। ਇਹ ਸਭ ਕੁਝ ਅੱਲਾ ਦੇ ਹੱਥ ਵਿਚ ਹੈ, ਉਸਦੇ ਹੱਥ ਸਾਡੀ ਡੋਰ ਹੈ। ਕੀ ਮੁਸੀਬਤ ਕਿਸੇ ਨੂੰ ਪੁੱਛ ਕੇ ਆਉਂਦੀ ਹੈ? ਜਾਂ ਫਿਰ ਦਿਲ ਨੂੰ ਵਿੰਨਣ ਤੋਂ ਪਹਿਲਾਂ ਪਿਆਰ ਕਿਸੇ ਨੂੰ ਪੁੱਛਦਾ ਹੈ? ਤੇ ਜੇ ਮੇਰੇ ਪਿਆਰ ਨੇ ਕਲਾਈਆਂ ਵਿਚ ਹੱਥਕੜੀਆਂ ਪਾ ਦਿੱਤੀਆਂ ਹਨ ਤਾਂ ਕੀ ਉਹ ਮੈਨੂੰ ਆਜ਼ਾਦ ਕਰ ਦੇਵੇਗਾ?'

ਇਸ ਤੋਂ ਬਾਅਦ ਮਿਰਜ਼ੇ ਨੇ ਸਾਹਿਬਾਂ ਨੂੰ ਕਿਹਾ, 'ਹੁਣ ਤੂੰ ਮੈਨੂੰ ਜਾਣ ਦੇ।'

'ਤੂੰ ਮੈਨੂੰ ਕਿਹਾ ਸੀ ਕਿ ਘਰ ਤਿਆਰ ਰੱਖੀਂ,' ਸਾਹਿਬਾਂ ਬੋਲੀ, 'ਤੇਰੇ ਵਾਸਤੇ ਮੈਂ ਪਹਿਲਾਂ ਹੀ ਤਿਆਰ ਰੱਖਿਆ ਹੈ। ਪਰ ਤੈਨੂੰ ਇਸ ਵਿਚ ਠਹਿਰਨਾ ਪਵੇਗਾ। ਇਹ ਨਹੀਂ ਕਿ ਆਇਆ ਤੇ ਚਲਾ ਗਿਆ।'

ਮਿਰਜ਼ੇ ਨੇ ਮਨ ਨਾਲ਼ ਸੋਚਿਆ ਕਿ, 'ਸਭ ਤੋਂ ਚੰਗਾ ਕੀ ਰਹੇਗਾ?' ਕੁਝ ਸੋਚ ਉਹ ਫਿਰ ਬਹਿ ਗਿਆ। ਸਾਹਿਬਾਂ ਦੀਆਂ ਸਾਰੀਆਂ ਸਹੇਲੀਆਂ ਉਸਦੇ ਦੁਆਲ਼ੇ ਝੁਰਮਟ ਪਾ ਕੇ ਬੈਠ ਗਈਆਂ। ਸਾਹਿਬਾਂ ਨੇ ਉਨ੍ਹਾਂ ਨੂੰ ਪੁੱਛਿਆ, 'ਕੀ ਸਾਰੀ ਦੁਨੀਆਂ ਵਿਚ ਮਿਰਜ਼ੇ ਦੇ ਬਰਾਬਰ ਕੋਈ ਆਦਮੀ ਹੈ?'

'ਉਹ ਏਨਾ ਸੁੰਦਰ ਅਤੇ ਗੋਰਾ ਚਿੱਟਾ ਹੈ ਅਤੇ ਉਸਨੂੰ ਏਨੇ ਇਹਤਿਆਤ ਨਾਲ਼ ਬਣਾਇਆ ਗਿਆ ਹੈ ਕਿ ਉਸਦੇ ਗਲ਼ੇ ਤੋਂ ਉਤਰਦਾ ਪਾਣੀ ਸਾਫ਼ ਦੇਖਿਆ ਜਾ ਸਕਦਾ ਹੈ।'

ਸਾਰੀਆਂ ਸਹੇਲੀਆਂ ਮਿਰਜ਼ੇ ਦੇ ਆਉਣ 'ਤੇ ਖੁਸ਼ ਸਨ ਅਤੇ ਉਹ ਚਾਹੁੰਦੀਆਂ ਸਨ ਕਿ ਉਹ ਉਥੇ ਹੀ ਰਹੇ। ਉਸਨੇ ਸਾਰੀਆਂ ਕੁੜੀਆਂ 'ਤੇ ਨਜ਼ਰ ਮਾਰੀ ਪਰ ਉਸ ਦੀ ਨਜ਼ਰ ਅਖ਼ੀਰ ਸਾਹਿਬਾਂ ਉਪਰ ਆ ਕੇ ਟਿਕ ਗਈ।

ਉਸ ਰਾਤ ਸਾਹਿਬਾਂ ਨੂੰ ਮਿਰਜ਼ੇ ਨੇ ਆਪਣੇ ਨਾਲ਼ ਰੱਖਿਆ। ਸਾਰੀ ਰਾਤ ਸਾਹਿਬਾਂ ਤੇ ਸਹੇਲੀਆਂ ਨੇ ਉਸਦਾ ਮਨ ਲਾ ਰੱਖਿਆ। ਉਹ ਉਸਦੀ ਸਿਫ਼ਤ ਕਰਦੀਆਂ ਰਹੀਆਂ।

ਸਵੇਰੇ ਸਾਹਿਬਾਂ ਦੀ ਮਾਂ ਮਿਰਜ਼ੇ ਕੋਲ਼ ਆਈ ਅਤੇ ਉਸਨੂੰ ਚੇਤਾਵਨੀ ਦਿੱਤੀ ਕਿ, 'ਮਿਰਜ਼ਿਆ ਤੈਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਮੇਰੀ ਧੀ ਬਹੁਤ ਵੱਡੇ ਕਬੀਲੇ ਵਿਚ ਮੰਗੀ ਹੋਈ ਹੈ। ਚਾਹੇਂ ਤਾਂ ਤੂੰ ਅੱਠ ਦਿਨ ਤਕ ਇਥੇ ਰਹਿ ਸਕਦਾ ਹੈ, ਪਰ ਉਸ ਤੋਂ ਬਾਦ ਨਹੀਂ ਅਤੇ ਖ਼ਿਆਲ ਰੱਖੀ ਉਸ ਤੋਂ ਬਾਦ ਤੂੰ ਕਦੇ ਵੀ ਸਾਹਿਬਾਂ ਨੂੰ ਮਿਲਣ ਨਹੀਂ ਆਵੇਂਗਾ। ਅਜਿਹਾ ਨਾ ਹੋਵੇ ਕਬੀਲਾ ਆ ਕੇ ਸ਼ਹਿਰ ਖ਼ਾਲੀ ਕਰ ਦੇਵੇ।' ਮਾਂ ਨੇ ਸਾਹਿਬਾਂ ਨੂੰ ਵੀ ਕਿਹਾ, 'ਚਲ ਅਤੇ ਆਪਣੀਆਂ ਕਿਤਾਬਾਂ ਚੁੱਕ।'

ਮਿਰਜ਼ੇ ਨੇ ਸਾਹਿਬਾਂ ਦੀ ਮਾਂ ਨੂੰ ਕਿਹਾ, 'ਪੰਦਰਾਂ ਦਿਨ ਤਾਂ ਮੈਂ ਕੁਝ ਵੀ ਨਹੀਂ ਸਿਖਿਆ। ਮੈਨੂੰ ਵੀ ਮਸੀਤ ਵਿਚ ਜਾ ਕੇ ਸਬਕ ਲੈਣ ਦੇ।'

ਕਾਜ਼ੀ ਮੁੰਡਿਆਂ ਨੂੰ ਮਸੀਤੋਂ ਬਾਹਰ ਬਿਠਾਉਂਦਾ ਸੀ ਅਤੇ ਕੁੜੀਆਂ ਨੂੰ ਅੰਦਰ। ਕੁੜੀਆਂ ਨੇ ਕਿਹਾ, 'ਠੀਕ ਹੈ ਤੂੰ ਸਾਡੇ ਨਾਲ਼ ਚਲ ਪਰ ਤੂੰ ਮਸੀਤ ਦੇ ਬਾਹਰ ਮੁੰਡਿਆਂ ਨਾਲ਼ ਬੈਠੇਂਗਾ। ਕੁੜੀਆਂ ਨਾਲ਼ ਅੰਦਰ ਨਹੀਂ ਜਾਵੇਂਗਾ।'

ਮਿਰਜ਼ਾ ਮਸੀਤੇ ਪੜ੍ਹਨੇ ਚਲਾ ਗਿਆ ਅਤੇ ਬਾਹਰ ਮੁੰਡਿਆਂ ਨਾਲ਼ ਬੈਠ ਗਿਆ। ਉਸਨੇ ਕਾਜ਼ੀ ਨੂੰ ਕਿਹਾ, 'ਤੁਸੀਂ ਆਪਣੇ ਸ਼ਹਿਰ ਦੇ ਮੁੰਡਿਆਂ ਨੂੰ ਪੜ੍ਹਾਉਂਦੇ ਹੋ। ਮੈਂ ਅਜਨਬੀ ਹਾਂ। ਤੁਸੀਂ ਮੈਨੂੰ ਕਿਉਂ ਨਹੀਂ ਪੜ੍ਹਾਉਂਦੇ।'

ਕਾਜ਼ੀ ਨੇ ਆ ਕੇ ਪੁੱਛਿਆ, 'ਤੂੰ ਕੌਣ ਅਜਨਬੀ ਹੈਂ ?'

'ਮੈਂ ਰਾਵੀ ਤੋਂ ਆਇਆ ਹਾਂ,' ਮਿਰਜ਼ੇ ਨੇ ਜਵਾਬ ਦਿੱਤਾ, 'ਮੈਂ ਖੀਵੇ ਖ਼ਾਨ ਦਾ ਭਤੀਜਾ ਹਾਂ। ਮੈਂ ਅਰਜ਼ ਕਰਦਾ ਹਾਂ ਕਿ ਮੈਨੂੰ ਵੀ ਪੜ੍ਹਾਉ।'

ਕਾਜ਼ੀ ਨੇ ਮਿਰਜ਼ੇ ਨੂੰ ਕਿਹਾ, 'ਜੋ ਤੂੰ ਪਹਿਲਾਂ ਪੜ੍ਹਿਆ ਹੈ ਪਹਿਲਾਂ ਉਸਨੂੰ ਦੁਹਰਾ। ਜਦੋਂ ਤੂੰ ਪਹਿਲਾ ਯਾਦ ਕਰ ਲਵੇਂਗਾ ਤਾਂ ਮੈਂ ਤੈਨੂੰ ਅਗਲਾ ਸਬਕ ਦੇਵਾਂਗਾ।' ਮਿਰਜ਼ੇ ਨੇ ਅੱਲਾ ਦਾ ਨਾਂ ਲੈ ਕੇ ਪੜ੍ਹਾਈ ਸ਼ੁਰੂ ਕੀਤੀ, ਉਹ ਬਾਰ-ਬਾਰ ਇਕੋ ਸ਼ਬਦ ਰਟਣ ਲੱਗ ਪਿਆ, 'ਸਾਹਿਬਾਂ ਸਿਆਲ਼, ਸਾਹਿਬਾਂ ਸਿਆਲ਼' ਕਾਜ਼ੀ ਨੇ ਜਦੋਂ ਮਿਰਜ਼ੇ ਨੂੰ ਇਹ ਸ਼ਬਦ ਰੱਟਦਿਆਂ ਦੇਖਿਆ, ਉਹ ਹੈਰਾਨ ਹੋਇਆ ਅਤੇ ਮਨ ਵਿਚ ਕਹਿਣ ਲੱਗਾ, 'ਇਹ ਕੀ ਬੁੜ ਬੁੜ ਕਰੀ ਜਾ ਰਿਹਾ ਹੈ ?'

ਜਦੋਂ ਇਹ ਸਭ ਕੁਝ ਵਾਪਰ ਰਿਹਾ ਸੀ ਤਾਂ ਕੁੜੀਆਂ ਮਸੀਤ ਤੋਂ ਬਾਹਰ ਆ ਕੇ ਕਹਿਣ ਲੱਗੀਆਂ, 'ਕਾਜ਼ੀ ਸਾਹਿਬ, ਕਾਜ਼ੀ ਸਾਹਿਬ, ਸਾਨੂੰ ਅਗਲਾ ਸਬਕ ਦਿਉ।' ਪਰ ਮਿਰਜ਼ੇ ਨੇ ਕਾਜ਼ੀ ਨੂੰ ਕਿਹਾ, 'ਨਹੀਂ ਨਹੀਂ, ਪਹਿਲਾਂ ਮੈਨੂੰ ਮੇਰਾ ਸਬਕ ਦਿਉ।' ਇਹ ਸੋਚ ਕੇ ਕਿ ਕੋਈ ਪਾਗਲ ਉਸਦੇ ਮਦਰੱਸੇ ਵਿਚ ਆ ਗਿਆ ਹੈ ਕਾਜ਼ੀ ਅੰਦਰ ਗਿਆ ਅਤੇ ਪਹਿਲਾਂ ਉਸਨੇ ਸਾਹਿਬਾਂ ਨੂੰ ਸੱਦ ਕੇ ਕਿਹਾ, 'ਲਿਆ ਪਹਿਲਾਂ ਆਪਣਾ ਸਬਕ ਸੁਣਾ।'

ਕਾਜ਼ੀ ਨੇ ਮੁੰਡਿਆਂ ਨੂੰ ਕੁੱਟਣ ਲਈ ਡੰਡਾ ਰੱਖਿਆ ਹੋਇਆ ਸੀ ਤੇ ਕੁੜੀਆਂ ਲਈ ਉਹ ਕੋੜਾ ਵਰਤਦਾ ਸੀ। ਜਦੋਂ ਸਾਹਿਬਾਂ ਨੇ ਜਵਾਬ ਦਿੱਤਾ, ਰੱਬ ਦੇ ਨਾਂ ਤੇ ਮਿਰਜ਼ਾ ਖ਼ਾਨ ਖਰਲ, ਮਿਰਜ਼ਾ ਖ਼ਾਨ ਖਰਲ ਤਾਂ ਕਾਜ਼ੀ ਚਿਲਾਇਆ, 'ਮੂਰਖੇ ਤੂੰ ਕੀ ਕਹਿ ਰਹੀ ਹੈਂ ? ਬਾਰਾਂ ਸਾਲ ਮੈਂ ਤੈਨੂੰ ਪੜ੍ਹਾਇਆ ਹੈ ਪਰ ਤੂੰ ਆ ਕੀ ਬਕ ਰਹੀ ਹੈ ?'

'ਕੀ ਮੈਂ ਆਪਣਾ ਸਬਕ ਨਹੀਂ ਸਿਖਾ ਰਹੀ ?' ਕੁੜੀ ਨੇ ਪੁੱਛਿਆ, 'ਮੈਨੂੰ ਤਾਂ ਇਹੀ ਯਾਦ ਹੈ ਤੇ ਇਹੀ ਮੈਂ ਦੁਹਰਾਵਾਂਗੀ। ਮੈਂ ਕੋਈ ਅਲੋਕਾਰ ਗੱਲ ਕੀਤੀ ਹੈ ?'

ਕਾਜ਼ੀ ਨੇ ਕੋੜੇ ਨਾਲ਼ ਸਾਹਿਬਾਂ ਨੂੰ ਮਾਰਿਆ। ਇਕ ਨਹੀਂ ਦੋ ਨਹੀਂ ਉਸਨੇ ਤਿੰਨ ਕੋੜੇ ਵਰ੍ਹਾਏ। ਇਸ 'ਤੇ ਮਿਰਜ਼ਾ ਉੱਠਿਆ ਉਸਨੇ ਕਾਜ਼ੀ ਨੂੰ ਫੜ ਕੇ ਦਰਵਾਜ਼ੇ ਤੋਂ ਬਾਹਰ ਲੈ ਆਂਦਾ। ਸਾਰੇ ਪੜ੍ਹਾਕੂ ਹੈਰਾਨ ਪਰੇਸ਼ਾਨ ਆਪਸ ਵਿਚ ਗੱਲਾਂ ਕਰ ਰਹੇ ਸਨ, 'ਇਹ ਕਿਹੋ ਜਿਹਾ ਸ਼ਗਿਰਦ ਹੈ ? ਉਸਨੇ ਕਾਜ਼ੀ ਨੂੰ ਬਾਹਰ ਲਿਆ ਸੁੱਟਿਆ ਅਤੇ ਉਸਨੂੰ ਅੱਧ ਮੋਇਆ ਕਰ ਦਿੱਤਾ।' ਮੁੰਡਿਆਂ ਨੇ ਕਾਜ਼ੀ ਨੂੰ ਛੁਡਾਉਣਾ



ਚਾਹਿਆ ਪਰ ਮਿਰਜ਼ੇ ਨੇ ਕਿਹਾ, 'ਕਿਉਂ ? ਮੈਂ ਉਸ ਨੂੰ ਕਿਉਂ ਛੱਡਾਂ ? ਉਹ ਇਕ ਕੁੜੀ ਨੂੰ ਇਉਂ ਮਾਰ ਰਿਹਾ ਹੈ ਜਿਵੇਂ ਉਹ ਉਸਦੀ ਘਰ ਵਾਲ਼ੀ ਹੋਵੇ ?'

'ਉਹ ਮੇਰੀ ਘਰ ਵਾਲ਼ੀ ਨਹੀਂ ਹੈ,' ਕਾਜ਼ੀ ਨੇ ਕਿਹਾ, 'ਪਰ ਉਹ ਮੇਰੀ ਸ਼ਗਿਰਦ ਹੈ ਤੇ ਉਹ ਵੀ ਬਾਰਾਂ ਸਾਲ ਤੋਂ।'

'ਸਹੀ,' ਮਿਰਜ਼ਾ ਬੋਲਿਆ, 'ਤੂੰ ਆਪਣੀ ਸ਼ਗਿਰਦ ਨੂੰ ਮਾਰਿਆ, ਪਰ ਮੈਨੂੰ ਕੁੱਟਣ ਦਾ ਤੇਰੇ ਕੋਲ਼ ਕੀ ਬਹਾਨਾ ਹੈ ?'

'ਝੂਠਾ,' ਬੱਚੇ ਇਕ ਆਵਾਜ਼ ਵਿਚ ਬੋਲੇ, 'ਤੈਨੂੰ ਕਿਸਨੇ ਕੁੱਟਿਆ ਹੈ ?'

'ਤੇ ਕੀ ਮੈਂ ਝੂਠ ਬੋਲ ਰਿਹੈਂ ?' ਮਿਰਜ਼ੇ ਨੇ ਕਿਹਾ ਅਤੇ ਆਪਣੀ ਸ਼ੇਰਵਾਨੀ ਉਤਾਰ ਕੇ ਨੰਗੀ ਪਿੱਠ ਉਪਰ ਪਏ ਤਿੰਨ ਕੋੜਿਆਂ ਦੇ ਨਿਸ਼ਾਨ ਦਿਖਾਏ। ਸਾਰਿਆਂ ਦੇ ਮੂੰਹ ਅੱਡੇ ਰਹਿ ਗਏ, 'ਕਾਜ਼ੀ ਨੇ ਕੋੜੇ ਕੁੜੀ ਦੇ ਮਾਰੇ ਪਰ ਨਿਸ਼ਾਨ ਇਸ ਮੁੰਡੇ ਦੇ ਪੈ ਗਏ। ਇਹ ਕਿਵੇਂ ਹੋਇਆ। ਇਹ ਤਾਂ ਕੋਈ ਗੂੜ੍ਹਾ ਪਿਆਰ ਦਾ ਸੰਬੰਧ ਹੈ।' ਇਹ ਕੁਝ ਵਾਪਰਨ ਤੋਂ ਬਾਦ ਕਾਜ਼ੀ ਨੇ ਫੈਸਲਾ ਕਰ ਲਿਆ ਕਿ ਉਸਨੇ ਕੀ ਕਰਨਾ ਹੈ। ਉਸਨੇ ਚੋਰੀ ਚੋਰੀ ਤਾਹਾ ਖ਼ਾਨ ਨੂੰ ਇਕ ਖ਼ਤ ਲਿਖਿਆ। ਉਹ ਵਿਚ ਉਸਨੇ ਲਿਖਿਆ, 'ਮਿਰਜ਼ਾ ਖ਼ਾਨ ਤੇਰੀ ਮੰਗੇਤਰ ਨੂੰ ਪਿਆਰ ਕਰਦਾ ਹੈ। ਉਹ ਉਸਨੂੰ ਕੱਢ ਕੇ ਲੈ ਜਾਵੇਗਾ। ਬਾਰਾਤ ਤਿਆਰ ਰੱਖ। ਅੱਠਾਂ ਦਿਨਾਂ ਵਿਚ ਸਾਹਿਬਾਂ ਨੂੰ ਵਿਆਹ ਕੇ ਲੈ ਜਾ। ਪਰ ਆਪਣਾ ਖਿਆਲ ਰੱਖੀਂ ਨਹੀਂ ਤਾਂ ਉਹ ਉਸਨੂੰ ਲੈ ਜਾਵੇਗਾ ਅਤੇ ਤੂੰ ਹੱਥ ਮਲ਼ਦਾ ਰਹਿ ਜਾਵੇਂਗਾ।' ਇਸ ਤੋਂ ਬਾਦ ਉਹ ਸਾਹਿਬਾਂ ਦੇ ਪਿਉ ਖੀਵੇ ਖ਼ਾਨ ਕੋਲ਼ ਗਿਆ ਅਤੇ ਉਸਨੂੰ ਵੀ ਸਭ ਕੁਝ ਜਾ ਦੱਸਿਆ, 'ਗੱਲ ਇਥੇ ਪਹੁੰਚ ਗਈ ਹੈ ਤੇ ਇਹ ਇਹ ਕੁਝ ਮਸੀਤ ਵਿਚ ਵਾਪਰਿਆ ਹੈ।'

ਖੀਵੇ ਖ਼ਾਨ ਅਤੇ ਸਾਹਿਬਾਂ ਦੀ ਮਾਂ ਨੇ ਮਿਰਜ਼ੇ ਨੂੰ ਸੱਦਿਆ ਤੇ ਕਿਹਾ, 'ਤੂੰ ਖਰਲ ਹੈਂ ਅਤੇ ਅਸੀਂ ਸਿਆਲ਼। ਅਸੀਂ ਆਪਣੀ ਧੀ ਦਾ ਰਿਸ਼ਤਾ ਤੇਰੇ ਨਾਲ਼ ਨਹੀਂ ਜੋੜ ਸਕਦੇ। ਫਿਰ ਸਾਹਿਬਾਂ ਪਹਿਲਾਂ ਹੀ ਮੰਗੀ ਹੋਈ ਹੈ। ਇਸ ਲਈ ਆਪਣੇ ਘਰ ਜਾ ਤੇ ਮੁੜ ਕਦੀ ਇਧਰ ਪੈਰ ਨਾ ਪਾਵੀਂ।' ਮਿਰਜ਼ਾ ਝੰਗ ਸਿਆਲ਼ ਵਿਚੋਂ ਨਿਕਲ਼ ਕੇ ਘੋੜੇ 'ਤੇ ਚੜ੍ਹ ਆਪਣੇ ਘਰ ਵਲ ਤੁਰ ਪਿਆ। ਉਸਨੂੰ ਜਾਂਦੇ ਨੂੰ ਸਾਹਿਬਾਂ ਆਪਣੀ ਘਰ ਦੀ ਛੱਤ 'ਤੇ ਖੜ੍ਹੀ ਓਨੀ ਦੇਰ ਦੇਖਦੀ ਰਹੀ ਜਿੰਨੀ ਦੇਰ ਉਹ ਨਜ਼ਰ ਤੋਂ ਦੂਰ ਨਾ ਚਲਾ ਗਿਆ। ਉਹ ਅਜੇ ਵੀ ਓਧਰ ਹੀ ਦੇਖ ਰਹੀ ਸੀ ਸੀ ਕਿ ਉਸਦੀ ਮਾਂ ਉਪਰ ਆ ਕੇ ਉੱਚੀ-ਉੱਚੀ ਬੋਲੀ, 'ਹੇਠਾਂ ਚਲ, ਹੇਠਾਂ। ਹੁਣ ਤੂੰ ਉਸਦੇ ਪਿੱਛੇ ਜਾਵੇਂਗੀ ਤੇ ਮਰੇਂਗੀ ?'

ਸਾਹਿਬਾਂ ਨੇ ਮਾਂ ਵਲ ਦੇਖਦਿਆਂ ਕਿਹਾ, 'ਮਾਂ ਜਾਹ ਤੇ ਮੈਨੂੰ ਇਕੱਲਿਆ ਛੱਡ ਦੇ। ਤੂੰ ਮੇਰੇ ਮਿਰਜ਼ੇ ਨੂੰ ਮੇਰੇ ਤੋਂ ਦੂਰ ਕਰ ਦਿੱਤਾ ਹੈ। ਇਹ ਥਾਂ 'ਤੇ ਕਿੰਨੀ ਘੱਟ ਰੌਸ਼ਨੀ ਹੈ ਜੇ ਤੇਰੇ ਲਈ ਘੁਸਮੁਸਾ ਹੈ ਤਾਂ ਮੇਰੇ ਲਈ ਤਾਂ ਹਨੇਰ ਹੈ। ਕਾਲ਼ੇ ਸੱਪ ਦੇ ਦੋ ਟੋਟੇ ਹੋ ਜਾਣਗੇ ਜੇ ਮਿਰਜ਼ਾ ਵਾਪਿਸ ਨਾ ਆਇਆ। ਜੋੜੀ ਟੁੱਟ ਜਾਵੇਗੀ। ਛੋਟੀ ਜਿਹੀ ਮੰਜੀ ਉਪਰ ਮੈਂ ਮੂਧੇ ਮੂੰਹ ਪਈ ਹਾਂ। ਕੌੜੇ ਕੌੜੇ ਹੰਝੂ ਮੇਰੇ ਮੂੰਹ ਨੂੰ ਧੋ ਰਹੇ ਹਨ। ਘਰ ਦੀ ਛੱਤ ਸ਼ਿਕਾਇਤ ਕਰਦੀ ਹੌਕੇ ਭਰ ਰਹੀ ਹੈ। ਮੈਂ ਦੁਖਦੀ ਛਾਤੀ ਨੂੰ ਦਬਾ ਰਹੀ ਹਾਂ ਤੇ ਕਰਾਹ ਰਹੀ ਹਾਂ। "ਓ ਮੇਰੇ ਮਿਰਜ਼ੇ ਸ਼ੇਰ ਵਾਂਗ ਉੱਠ ਤੇ ਬਾਜ਼ ਵਾਂਗ ਉਡਾਰੀ ਮਾਰ ਅਤੇ ਝੰਗ ਸਿਆਲ਼ ਨੂੰ ਮੁੜ ਆ।'

ਪਰ ਮਿਰਜ਼ਾ ਨਾ ਮੁੜਿਆ। ਘਰ ਜਾ ਕੇ ਉਹ ਪਲੰਘ 'ਤੇ ਜਾ ਡਿੱਗਾ। ਉਸ ਦਾ ਦਿਲ ਟੁੱਟ ਚੁੱਕਾ ਸੀ। ਉਸਨੂੰ ਘਰ ਦਾ, ਘੋੜੇ ਦਾ ਜਾਂ ਆਪਣੇ ਹਥਿਆਰਾਂ ਦਾ ਵੀ ਕੋਈ ਪਤਾ ਨਹੀਂ ਸੀ ਕਿ ਉਹ ਕਿੱਥੇ ਹਨ।

ਕਾਜ਼ੀ ਦਾ ਖ਼ਤ ਚੰਧੜ ਕਬੀਲੇ ਤਕ ਸਹੀ ਸਲਾਮਤ ਪਹੁੰਚ ਗਿਆ। ਉਨ੍ਹਾਂ ਨੇ ਆਪਣੇ ਬਾਰਾਂ ਹਜ਼ਾਰ ਹਥਿਆਰਬੰਦ ਲੋਕਾਂ ਨੂੰ ਇਕੱਠਿਆਂ ਕੀਤਾ ਅਤੇ ਉਨ੍ਹਾਂ ਨੂੰ ਅੱਠਵੇਂ ਦਿਨ ਜਾਣ ਲਈ ਤਿਆਰ ਰਹਿਣ ਲਈ ਕਹਿ ਦਿੱਤਾ। ਸਾਹਿਬਾਂ ਦੀ ਸਹੇਲੀ ਨੇ ਇਹ ਖ਼ਬਰ ਸਾਹਿਬਾਂ ਤੱਕ ਪਹੁੰਚਾ ਦਿੱਤੀ। ਸਾਹਿਬਾਂ ਉਦਾਸ ਖ਼ਾਲੀ ਅੱਖਾਂ ਨਾਲ਼ ਤੱਕਦੀ ਲੇਟੀ ਹੋਈ ਸੀ। ਉਸਨੂੰ ਆਪਣੇ ਪਿਉ ਦਾ ਡਰ ਸਤਾ ਰਿਹਾ ਸੀ। ਉਸਨੇ ਸੋਚਿਆ, 'ਜੇ ਉਹ ਉੱਡ ਕੇ ਵੀ ਇਹ ਖ਼ਬਰ ਮਿਰਜ਼ੇ ਤਕ ਪੁਚਾ ਸਕਦੀ।' ਸਾਹਿਬਾਂ ਏਨੀ ਕਮਜ਼ੋਰ

ਹੋ ਗਈ ਸੀ ਕਿ ਉਸਦੀ ਮਾਂ ਨੇ ਕਾਜ਼ੀ ਨੂੰ ਦੁਬਾਰਾ ਬੁਲਾਉਣ ਦੀ ਸੋਚੀ ਪਰ ਸਾਹਿਬਾਂ ਨੇ ਕਿਹਾ, 'ਮੇਰੇ ਲਈ ਕਾਜ਼ੀ ਨੂੰ ਕਿਉਂ ਸੱਦਣਾ ਹੈ ? ਤੈਨੂੰ ਮੇਰੀ ਬਿਮਾਰੀ ਦਾ ਪਤਾ ਨਹੀਂ ਕਿ ਤੂੰ ਕਾਜ਼ੀ ਨੂੰ ਸਦੇਂਗੀ ? ਤੂੰ ਏਨੀ ਸਿਧਰੀ ਤਾਂ ਹੈ ਨਹੀਂ।'

ਇਸ ਦੇ ਬਾਵਜੂਦ ਮਾਂ ਨੇ ਕਾਜ਼ੀ ਨੂੰ ਬੁਲਾ ਲਿਆ। ਉਹ ਆਪਣੇ ਨਾਲ਼ ਆਪਣੇ ਗ੍ਰੰਥ ਵੀ ਚੁੱਕ ਲਿਆਇਆ। ਉਹ ਕਿਤਾਬਾਂ ਪੜ੍ਹਨ ਦਾ ਬਹਾਨਾ ਕਰਦਾ ਰਿਹਾ ਪਰ ਮੂੰਹ ਵਿਚ ਆਪਣੇ ਹੀ ਸ਼ਬਦ ਉਚਾਰਦਾ ਰਿਹਾ। ਉਸਨੇ ਕਿਹਾ, 'ਇਸ ਕਿਤਾਬ ਵਿਚ ਲਿਖਿਆ ਹੈ ਕਿ ਮਿੱਠਾ ਭੋਜਨ ਮਿਲ਼ੇਗਾ, ਪੰਜ ਸੌ ਸੇਰ ਸੇਮੀਆਂ, ਦਸ ਮੁਰਗੇ ਤਾਂ ਇਹ ਠੀਕ ਹੋ ਜਾਵੇਗੀ।'

ਸਾਹਿਬਾਂ ਅਜੇ ਵੀ ਸੋਚ ਰਹੀ ਹੈ ਕਿ, 'ਮੇਰਾ ਚਾਹੁਣ ਵਾਲ਼ਾ ਰਾਵੀ ਵਲ ਹੈ। ਮੈਂ ਆਪਣੀ ਮਾਂ ਨੂੰ ਆਪ ਦੱਸਾਂਗੀ। ਉਹ ਮੇਰੀ ਪੀੜ ਸਮਝੇਗੀ।' ਉਸਨੇ ਆਪਣੀ ਮਾਂ ਨੂੰ ਕਿਹਾ, 'ਜਦੋਂ ਤੂੰ ਮੈਨੂੰ ਤੇਲ ਲੈਣ ਬਾਜ਼ਾਰ ਭੇਜਿਆ ਸੀ ਤਾਂ ਮੈਂ ਤੈਨੂੰ ਦੱਸਿਆ ਨਹੀਂ ਸੀ ਕਿ ਉਨ੍ਹਾਂ ਨੂੰ ਤੱਕੜੀ ਫੜਨੀ ਨਹੀਂ ਸੀ ਆਉਂਦੀ, ਤੇ ਨਾ ਹੀ ਸਿਲਕ ਦਾ ਭਾਰ ਤੋਲਣਾ ਆਉਂਦਾ ਸੀ। ਉਹ ਸ਼ਹਿਦ ਵੇਚਣ ਦੀ ਥਾਂ ਪਿਆਰ ਨੂੰ ਮਿਣ ਰਹੇ ਸਨ। ਲੋਕ ਰੋਂਦੇ ਹਨ ਤਾਂ ਹੰਝੂ ਕੇਰਦੇ ਹਨ ਪਰ ਆਸ਼ਿਕ ਰੋਂਦੇ ਹਨ ਤਾਂ ਲਹੂ ਕੇਰਦੇ ਹਨ। ਮਿਰਜ਼ੇ ਨੇ ਮੈਨੂੰ ਉਸ ਗਜ਼ ਨਾਲ਼ ਮਿਣਿਆ ਹੈ ਕਿ ਮੇਰੀਆਂ ਨਸਾਂ ਵਿਚ ਲਹੂ ਦੀ ਇਕ ਬੂੰਦ ਤਕ ਨਹੀਂ ਰਹੀ। ਜਾਂ ਤਾਂ ਅੱਜ ਮਿਰਜ਼ਾ ਮੇਰੇ ਕੋਲ਼ ਆਵੇ ਨਹੀਂ ਤਾਂ ਅੱਜ ਮੈਂ ਮਰਾਂਗੀ।'

ਇਹ ਸੁਣ ਸਾਹਿਬਾਂ ਦੀ ਮਾਂ ਖਫ਼ਾ ਹੋ ਗਈ, 'ਧੋਖੇਬਾਜ਼ ਕੁੜੀ', ਉਹ ਕਹਿਣ ਲੱਗੀ, 'ਤੈਨੂੰ ਆਪਣੇ ਫਰਜ਼ਾਂ ਦੀ ਕਦੋਂ ਸੋਝੀ ਆਵੇਗੀ।' ਮਾਂ ਨੇ ਵੀ ਚੰਧੜ ਕਬੀਲੇ ਨੂੰ ਖ਼ਤ ਲਿਖਿਆ ਕਿ ਉਹ ਛੇਤੀ ਆ ਕੇ ਧੀ ਵਿਆਹ ਲੈ ਜਾਣ। ਉਸਨੇ ਲਿਖਿਆ, 'ਖੀਵੇ ਖ਼ਾਨ ਦੀ ਧੀ ਸਾਹਿਬਾਂ, ਤਾਹਾ ਖਾਨ ਦੀ ਮੰਗੇਤਰ। ਆਉ ਤੇ ਉਸਦੀ ਡੋਲ਼ੀ ਲੈ ਜਾਉ। ਅੱਲਾ ਸ਼ਾਂਤੀ ਬਖ਼ਸ਼ੇ।'

ਇਧਰ ਸਾਹਿਬਾਂ ਨੇ ਵੀ ਇਕ ਖ਼ਤ ਲਿਖਿਆ ਅਤੇ ਇਕ ਛੋਟੇ ਜਿਹੇ ਡੱਬੇ ਪਾ ਕੇ ਦਰਿਆ ਵਿਚ ਰੋੜ੍ਹ ਦਿੱਤਾ ਤਾਂ ਕਿ ਉਹ ਉਸਦੇ ਆਸ਼ਿਕ ਨੂੰ ਮਿਲ਼ ਸਕੇ। ਉਸਨੇ ਮਿਰਜ਼ੇ ਨੂੰ ਲਿਖਿਆ, 'ਖ਼ਤ ਸਾਹਿਬਾਂ ਦਾ ਲਿਖਿਆ ਮਿਰਜ਼ੇ ਖ਼ਾਨ ਨੂੰ। ਜੇ ਤੂੰ ਬੈਠਾ ਹੈ ਤਾਂ ਖੜ੍ਹਾ ਹੋ, ਖੜ੍ਹਾ ਹੈ ਤਾਂ ਛੇਤੀ ਬਹੁੜ। ਤਾਹਾ ਖ਼ਾਨ ਹਜ਼ਾਰਾਂ ਬੰਦਿਆਂ ਦੀ ਬਾਰਾਤ ਨਾਲ਼ ਪਹੁੰਚ ਰਿਹਾ ਹੈ। ਸਾਰੇ ਘੋੜਿਆਂ 'ਤੇ ਹਨ, ਕੋਈ ਪੈਦਲ ਨਹੀਂ। ਮੈਨੂੰ ਚੰਧੜਾਂ ਨਾਲ਼ ਜਾਣਾ ਪਵੇਗਾ। ਫਿਰ ਤੂੰ ਕੀ ਕਰੇਂਗਾ ?'

ਮਿਰਜ਼ਾ ਖ਼ਾਨ ਹਿੱਲਿਆ ਹੋਇਆ ਸੀ ਤੇ ਬਿਮਾਰ ਸੀ। ਦਿਲ ਦੀ ਉਦਾਸੀ ਕੁਝ ਘੱਟ ਕਰਨ ਲਈ ਉਹ ਦਰਿਆ ਵਲ ਜਾਂਦਾ ਹੈ। 'ਮੈਂ ਦਰਿਆ ਨੂੰ ਜਾਵਾਂਗਾ,' ਉਹ ਕਹਿਣ ਲੱਗਾ, 'ਮੈਂ ਉਸ ਦਰਿਆ ਦੀ ਲਹਿਰ ਦਾ ਪਾਣੀ ਪੀਵਾਂਗਾ ਜਿਹੜੀ ਸਾਹਿਬਾਂ ਵਲੋਂ ਆਉਂਦੀ ਹੈ। ਉਹੀ ਮੈਨੂੰ ਧਰਵਾਸ ਦੇਵੇਗੀ।'

ਮਿਰਜ਼ੇ ਨੇ ਆਪਣੀ ਮੰਜੀ ਦਰਿਆ ਕਿਨਾਰੇ ਡਹਾ ਲਈ ਤੇ ਉਥੇ ਹੀ ਲੰਮਾ ਪੈ ਗਿਆ। ਉਹ ਲੇਟਿਆ ਹੋਇਆ ਸੀ ਉਸਨੂੰ ਇਕ ਟੋਕਰੀ ਦਰਿਆ ਵਿਚ ਆਉਂਦੀ ਦਿਖਾਈ ਦਿੱਤੀ। ਹੈਰਾਨੀ ਨਾਲ਼ ਉਸਨੇ ਇਕ ਨੌਕਰ ਨੂੰ ਉਹ ਟੋਕਰੀ ਲਿਆਉਣ ਲਈ ਕਿਹਾ। ਨੌਕਰ ਟੋਕਰੀ ਲੈ ਆਇਆ। ਮਿਰਜ਼ੇ ਨੇ ਦੇਖਿਆ ਕਿ ਜੰਦਰਾ ਲੱਗਾ ਹੈ ਤੇ ਜੰਦਰੇ ਵਿਚ ਚਾਬੀ ਹੈ। ਮਿਰਜ਼ੇ ਨੇ ਜਿੰਦਰਾ ਲਾਹ ਕੇ ਡੱਬਾ ਖੋਲ੍ਹਿਆ, ਉਸ ਵਿਚ ਇਕ ਖ਼ਤ ਸੀ। 'ਇਹ ਕੀ,' ਮਿਰਜ਼ਾ ਚੌਂਕਿਆ ਉਸਨੇ ਖ਼ਤ ਪੜ੍ਹਿਆ। ਉਸ ਸਮੇਂ ਉਹ ਆਪਣੇ ਚਾਚੇ ਖ਼ਾਨ ਕੋਲ਼ ਗਿਆ। ਉਸਨੇ ਉਸ ਸਾਹਮਣੇ ਉਹ ਖ਼ਤ ਅਤੇ ਆਪਣੀ ਪੱਗ ਲਾਹ ਕੇ ਰੱਖ ਦਿੱਤੀ। ਚਾਚੇ ਨੇ ਖ਼ਤ ਪੜ੍ਹਿਆ ਅਤੇ ਲੋਕਾਂ ਨੂੰ ਕਿਹਾ, 'ਮੇਰੇ ਭਤੀਜੇ ਦੀ ਪੱਗ ਚੁੱਕ ਕੇ ਉਸਦੇ ਸਿਰ 'ਤੇ ਰੱਖ ਦਿਉ।'

'ਨਹੀਂ,' ਮਿਰਜ਼ਾ ਗਰਜਿਆ, 'ਓਨਾ ਚਿਰ ਨਹੀਂ ਜਦੋਂ ਤੱਕ ਤੁਸੀਂ ਸਿਆਲ਼ਾਂ ਵਿਰੁੱਧ ਮੇਰੀ ਮਦਦ ਦਾ ਵਾਅਦਾ ਨਹੀਂ ਕਰਦੇ।'

ਦੁਬਾਰਾ ਕਹਿਣ 'ਤੇ ਵੀ ਜਦੋਂ ਮਿਰਜ਼ੇ ਨੇ ਪੱਗ ਸਿਰ ਤੇ ਨਾ ਰੱਖੀ ਤਾਂ ਖ਼ਾਨ ਉਦਾਸ ਹੋ ਕੇ ਆਪ ਉੱਠਿਆ ਅਤੇ ਆਪਣੇ ਹੱਥੀ ਪੱਗ ਮਿਰਜ਼ੇ ਦੇ ਸਿਰ 'ਤੇ ਰੱਖਦੇ ਹੋਏ ਬੋਲਿਆ, 'ਭਤੀਜ ਬਹਾਦਰ



ਆਦਮੀ ਤਿਆਰ ਬਰ ਤਿਆਰ ਹਨ। ਉਹ ਰਾਵੀ ਦੇ ਕੰਢੇ ਇਕੱਠੇ ਹੋਏ ਹਨ। ਰਾਵੀ ਆਸ਼ਕੀ ਦਾ ਦਰਿਆ ਹੈ, ਆਸ਼ਿਕੀ ਦਾ। ਇਹੀ ਆਸ਼ਕੀ ਇਸਦੀ ਖੁਸ਼ਬੂ ਵਿਚ ਫੈਲੀ ਹੋਈ ਹੈ। ਸਾਹਿਬਾਂ ਸੋਨੇ ਦਾ ਕਛੂਆ ਹੈ ਤੇ ਮੇਰਾ ਭਤੀਜ ਸੋਨੇ ਦਾ ਮੋਰ। ਰਾਵੀ ਦੇ ਫੁੱਲ ਸਿਆਲ਼ਾਂ ਨੂੰ ਮਿਲਣਗੇ। ਉਹ ਲੜਨਗੇ ਤੇ ਸਿਆਲ਼ਾਂ ਉਪਰ ਹਾਵੀ ਹੋਣਗੇ, ਉਹ ਇੰਨੇ ਕੁ ਤਾਕਤਵਰ ਹਨ। ਮੈਂ ਇਬਰਾਹੀਮ ਖ਼ਾਨ ਜਦੋਂ ਤੱਕ ਜ਼ਿੰਦਾ ਹਾਂ ਹੋਰ ਸਾਹਿਬਾਂ ਨੂੰ ਕੌਣ ਲੈ ਕੇ ਆਵੇਗਾ।'

ਜਦੋਂ ਮਿਰਜ਼ੇ ਦੀ ਮਾਂ ਨੂੰ ਇਸ ਸਭ ਕੁਝ ਦਾ ਪਤਾ ਲੱਗਾ ਤਾਂ ਉਹ ਪੁੱਤ ਘੋੜਾ ਅਤੇ ਉਸਦੇ ਹਥਿਆਰ ਲੈ ਕੇ ਚਲ ਪਈ ਅਤੇ ਉਸਨੇ ਮਿਰਜ਼ੇ ਨੂੰ ਬਾਹਰ ਨਾ ਜਾਣ ਦਾ ਅਤੇ ਘਰ ਵਿਚ ਹੀ ਰਹਿਣ ਦਾ ਹੁਕਮ ਦਿੱਤਾ। ਉਸਨੇ ਇਬਰਾਹੀਮ ਨੂੰ ਕਿਹਾ, 'ਮੇਰੇ ਤੇ ਤਰਸ ਖਾਉ। ਉਸਦੀ ਮਦਦ ਨਾ ਕਰੋ। ਉਸਨੂੰ ਕਬੀਲੇ ਦੀ ਕੋਈ ਸਭ ਤੋਂ ਸੁਹਣੀ ਕੁੜੀ ਦਿਉ ਪਰ ਝੰਗ ਸਿਆਲ਼ ਬਿਲਕੁਲ ਨਾ ਜਾਣਾ।'

ਕਬੀਲੇ ਦੀਆਂ ਸੁਹਣੀਆਂ ਤੇ ਪਿਆਰੀਆਂ ਸੁੰਦਰੀਆਂ ਨੂੰ ਮਿਰਜ਼ੇ ਸਾਹਮਣੇ ਲਿਆਂਦਾ ਗਿਆ। ਇਕ ਦੋ ਨ੍ਰਤਕੀਆਂ ਨੂੰ ਵੀ ਉਸਦਾ ਮਨ ਪਰਚਾਉਣ ਲਈ ਲਾਇਆ ਗਿਆ, ਪਰ ਮਿਰਜ਼ੇ ਨੇ ਉਨ੍ਹਾਂ ਵਲ ਕੋਈ ਧਿਆਨ ਨਹੀਂ ਦਿੱਤਾ। ਉਹ ਆਪਣੇ ਮਿੱਤਰਾਂ ਵਲ ਪਰਤਿਆ ਅਤੇ ਕਹਿਣ ਲੱਗਾ, 'ਮੈਂ ਤਾਂ ਸਿਰਫ਼ ਸਾਹਿਬਾਂ ਨੂੰ ਹੀ ਪਸੰਦ ਕਰਦਾ ਹਾਂ। ਮੈਂ ਸਿਰਫ਼ ਸਾਹਿਬਾਂ ਨੂੰ ਹੀ ਵਿਆਹ ਕੇ ਲਿਆਵਾਂਗਾ। ਕਿਸੇ ਹੋਰ ਨਾਲ਼ ਮੈਂ ਰਿਸ਼ਤਾ ਨਹੀਂ ਜੋੜ ਸਕਦਾ। ਸਾਹਿਬਾਂ ਖੀਵੇ ਖ਼ਾਨ ਦੀ ਧੀ ਹੈ। ਉਹ ਮੰਗਲਵਾਰ ਦੇ ਦਿਨ ਜੰਮੀ ਸੀ। ਉਹ ਇਕ ਸਾਲ ਦੀ ਸੀ ਜਦੋਂ ਉਸਨੇ ਆਪਣੀ ਮਾਂ ਦਾ ਆਖ਼ਰੀ ਵਾਰ ਦੁੱਧ ਪੀਤਾ। ਦੋ ਸਾਲਾਂ ਦੀ ਹੋਈ ਤਾਂ ਉਸਨੂੰ ਸੁਹਣੇ ਕੱਪੜੇ ਪੁਆਏ ਗਏ। ਚਾਰ ਸਾਲ ਦੀ ਸਾਹਿਬਾਂ ਨੇ ਚੂੜੀਆਂ ਪਾਉਣੀਆਂ ਸ਼ੁਰੂ ਕੀਤੀਆਂ। ਛੇ ਸਾਲ ਦੀ ਹੋਈ ਤਾਂ ਉਹ ਸਹੇਲੀਆਂ ਨਾਲ਼ ਜਾ ਰਲ਼ੀ। ਅੱਠਾਂ ਸਾਲਾਂ ਦੀ ਉਹ ਪੱਬਾਂ ਭਾਰ ਚੱਲਣ ਲੱਗੀ। ਦਸ ਸਾਲ ਦੀ ਸਾਹਿਬਾਂ ਚੂੰਗੀਆਂ ਭਰਨ ਲੱਗੀ। ਜਦ ਉਹ ਗਿਆਰਾਂ ਸਾਲਾਂ ਦੀ ਹੋਈ ਤਾਂ ਉਸ ਵਿਚ ਪਹਾੜੀ ਤੇ ਟੱਪਦੀ ਮੱਝ ਜਿੰਨਾ ਜ਼ੋਰ ਆ ਗਿਆ। ਬਾਰਾਂ ਸਾਲ ਦੀ ਸਾਹਿਬਾਂ ਪੂਰੀ ਔਰਤ ਬਣ ਗਈ ਜੋ ਤੇਜਧਾਰ ਤਲਵਾਰ ਵਾਂਗ ਦਿਖਾਈ ਦੇਣ ਲੱਗੀ ਸੀ। ਜਵਾਨ ਹੁੰਦਿਆਂ ਹੀ ਨੌਜਵਾਨ ਖ਼ਾਨਾਂ ਨੇ ਉਸਦੇ ਸੁਹੱਪਣ 'ਤੇ ਮਰਨਾ ਸ਼ੁਰੂ ਕਰ ਦਿੱਤਾ ਅਤੇ ਉਹ ਉਸ ਦਾ ਦਿਲ ਜਿੱਤਣ ਦੇ ਆਹਰ ਵਿਚ ਲੱਗ ਗਏ।

'ਪੁੜਪੁੜੀਆਂ ਤੇ ਸਾਹਿਬਾਂ ਦੇ ਬਾਲ਼ ਕੁੰਡਲਾਂ ਮਾਰੀ ਸੱਪਾਂ ਵਾਂਗ ਦਿਖਾਈ ਦਿੰਦੇ ਸਨ। ਉਸਦੇ ਭਰਵੱਟੇ ਤਰਾਸ਼ੇ ਹੋਏ ਅਰਧ ਚੰਦਰਮਾ ਵਰਗੇ ਸਨ। ਹੁਸੈਨ ਦੀ ਤਲਵਾਰ ਵਰਗਾ ਤਿੱਖਾ ਨੱਕ ਸੀ। ਉਸਦੇ ਕਾਲ਼ੇ ਭਰਵੱਟੇ ਸੱਪਾਂ ਵਾਂਗ ਡਰਾਉਣੇ ਸਨ ਅਤੇ ਅੱਖਾਂ ਦੀ ਝਮਕ ਆਸ਼ਿਕਾਂ ਦੇ ਦਿਲਾਂ ਨੂੰ ਚੀਰਦੀ ਜਾਂਦੀ। ਇੰਨੀ ਸੁਹਣੀ ਹੈ ਸਾਹਿਬਾਂ।

ਬੁੱਕ-ਬੁੱਕ ਦੀਆਂ ਉਸਦੇ ਕੰਨੀ ਬਾਲ਼ੀਆਂ ਜਿਵੇਂ ਤਿਲੀਅਰਾਂ ਦੀ ਜੋੜੀ, ਚੰਮੇਲੀ ਵਰਗੇ ਚਮਕੀਲੇ ਚਿੱਟੇ ਦੰਦ। ਉਂਗਲਾਂ ਨੂੰ ਕਿਤੇ ਰੱਬ ਨੇ ਵਿਹਲੇ ਬੈਠ ਕੇ ਬਣਾਇਆ ਏਨੀ ਸੋਹਣੀ ਹੈ ਸਾਹਿਬਾਂ।

ਪਾਨ ਦੇ ਪੱਤੇ ਵਰਗੇ ਖੁਸ਼ਬੂਦਾਰ ਬੁਲ੍ਹ, ਆਸ਼ਿਕਾਂ ਲਈ ਸ਼ਰਬਤ ਦੀਆਂ ਘੁੱਟਾਂ ਜੋ ਵਾਜਾਂ ਮਾਰਦੀਆਂ ਆਓ ਤੇ ਪੀ ਲਓ, ਆਓ ਤੇ ਪੀ ਲਓ। ਏਨੀ ਸੋਹਣੀ ਹੈ ਸਾਹਿਬਾਂ।

ਸਾਹਿਬਾਂ ਦੀ ਠੋਡੀ ਦੁਨੀਆਂ ਦੇ ਸਭ ਤੋਂ ਵੱਧ ਸਲਾਹੇ ਜਾਂਦੇ ਸੇਬ ਦੀ ਬਰਾਬਰੀ ਕਰਦੀ। ਉਸ ਦੀਆਂ ਛਾਤੀਆਂ ਦੋ ਗੋਲ਼ ਸੁਰਾਹੀਆਂ, ਲਾਲਾਂ ਵਾਂਗ ਲਿਸ਼ਕਦੀਆਂ। ਏਨੀ ਸੁਹਣੀ ਹੈ ਸਾਹਿਬਾਂ।

ਕਟੋਰੇ ਵਰਗੀ ਹੈ ਉਸਦੀ ਨਾਭੀ, ਜਿਸਦੇ ਦੁਆਲ਼ੇ ਆਸ਼ਿਕ ਚੱਕਰ ਲਾਉਂਦੇ ਹਨ। ਏਨੀ ਸੁਹਣੀ ਹੈ ਸਾਹਿਬਾਂ।

ਛੋਟੇ ਪਤਲੇ ਪੈਰਾਂ ਵਿਚ ਮਖ਼ਮਲੀ ਜੁੱਤੀ ਨਾਲ਼ ਜਦੋਂ ਉਹ ਬੋਚ ਬੋਚ ਪੈਰ ਰੱਖਦੀ ਹੈ ਤਾਂ ਉਸਦੀ ਚਾਲ ਹੋਰ ਵੀ ਸੁਹਣੀ ਹੋ ਜਾਂਦੀ ਹੈ, ਸਫ਼ੇਦ ਚੀਤੇ ਵਰਗੀ ਸ਼ਾਨਾਮੱਤੀ ਚਾਲ। ਏਨੀ ਸੁਹਣੀ ਹੈ ਸਾਹਿਬਾਂ।

ਸਾਹਿਬਾਂ ਦੀਆਂ ਅੱਡੀਆਂ ਮਹਿੰਦੀ ਨਾਲ਼ ਲਾਲ ਰੱਤੀਆਂ ਹਨ। ਜਿੱਥੋਂ ਦੀ ਉਹ ਗੁਜ਼ਰਦੀ ਹੈ, ਲਾਲੀ ਖਿਲਾਰਦੀ ਜਾਂਦੀ ਹੈ। ਉਸਦੀਆਂ ਕੁਆਰੀਆਂ ਸਹੇਲੀਆਂ ਵਿਚੋਂ ਕੌਣ ਉਸਦੇ ਸੁਹੱਪਣ ਦੀ

ਬਰਾਬਰੀ ਕਰ ਸਕਦੀ ਹੈ ? ਏਨੀ ਸੋਹਣੀ ਹੈ ਮੇਰੀ ਸਾਹਿਬਾਂ।

'ਇਨ੍ਹਾਂ ਕੁੜੀਆਂ ਨੂੰ ਤੁਸੀਂ ਸੋਹਣੀਆਂ ਕਹਿੰਦੇ ਹੋ ? ਇਹ ਤਾਂ ਸਾਹਿਬਾਂ ਦੀਆਂ ਦਾਸੀਆਂ ਦੇ ਬਰਾਬਰ ਵੀ ਨਹੀਂ। ਮੈਂ ਇਨ੍ਹਾਂ ਨਾਲ਼ ਵਿਆਹ ਕਿਵੇਂ ਕਰ ਸਕਦਾ ਹਾਂ। ਤੁਸੀਂ ਸਾਰੇ ਮਿਲ਼ ਕੇ ਮੈਨੂੰ ਧੋਖਾ ਦੇ ਰਹੇ ਹੋ।'

ਮਿਰਜ਼ੇ ਦੇ ਭਰਾ ਕਹਿਣ ਲੱਗੇ, 'ਮਿਰਜ਼ੇ ਵਾਸਤੇ ਜੋ ਅਸੀਂ ਵੱਧ ਤੋਂ ਵੱਧ ਕਰ ਸਕਦੇ ਸੀ ਉਹ ਕੀਤਾ ਹੈ। ਜੇ ਉਸਨੇ ਮਰਨਾ ਹੀ ਮਿਥਿਆ ਹੈ ਤਾਂ ਫਿਰ ਮਰੇ। ਅਸੀਂ ਕੀ ਕਰ ਸਕਦੇ ਹਾਂ।'

ਭਰਾਵਾਂ ਨੂੰ ਦੇਖ ਕੇ ਸਾਰੀਆਂ ਕੁੜੀਆਂ ਮਿਰਜ਼ੇ ਦਾ ਸਾਥ ਛੱਡ ਚਲੀਆਂ ਗਈਆਂ। ਉਨ੍ਹਾਂ ਨੇ ਮਿਰਜ਼ੇ ਲਈ ਦੁਆਵਾਂ ਮੰਗੀਆਂ, 'ਮਿਰਜ਼ਿਆ, ਪੂਰੇ ਲਾਮ ਲਸ਼ਕਰ ਨਾਲ਼ ਸਿਆਲਾਂ ਨੂੰ ਜਾਹ, ਅੱਲਾ ਤੇਰੀ ਮਦਦ ਕਰੇ। ਤੇ ਮੋਢਿਆਂ ਤੇ ਹਰੀ ਕਮਾਨ ਹੈ। ਤੇਰੇ ਜਿਹਾ ਕੋਈ ਨਹੀਂ ਨਾ ਹੀ ਖ਼ੂਬਸੂਰਤ ਤੇ ਨਾ ਹੀ ਬਹਾਦਰ।'

ਕੁੜੀਆਂ ਆਪਣੇ ਰਾਹ ਚਲੇ ਗਈਆਂ। ਮਿਰਜ਼ਾ ਮਾਂ ਕੋਲ ਗਿਆ ਤੇ ਕਹਿਣ ਲੱਗਾ, 'ਮੇਰਾ ਘੋੜਾ ਤੇ ਹਥਿਆਰ ਮੈਨੂੰ ਦੇ ਦੇ ਮਾਂ।'

ਪਰ ਮਾਂ ਨੇ ਕਿਹਾ, 'ਤੇਰੇ ਹਥਿਆਰ, ਮੈਂ ਨਹੀਂ ਦੇ ਸਕਦੀ-ਖੜ੍ਹਾ ਹੋ।'

'ਤੂੰ ਮੈਨੂੰ ਮੇਰੇ ਹਥਿਆਰ ਕਿਉਂ ਨਹੀਂ ਦਿੰਦੀ, 'ਮਿਰਜ਼ੇ ਨੇ ਜ਼ਿੱਦ ਕੀਤੀ, 'ਕੀ ਚੰਗਾ ਨਹੀਂ ਕਿ ਮੈਂ ਉਥੇ ਜਾ ਕੇ ਮਰਾਂ ? ਕੀ ਚਾਹੁੰਦੀ ਹੈਂ ਕਿ ਮੈਂ ਤੇਰੀ ਚੌਖਟ 'ਤੇ ਹੀ ਮਰ ਜਾਵਾਂ।'

'ਓ ਮੇਰੇ ਪੁੱਤਰ,' ਮਾਂ ਨੇ ਕਿਹਾ, 'ਉਥੇ ਜਾਣਾ ਤੇਰਾ ਪਾਗਲਪਣ ਹੈ। ਉਨ੍ਹਾਂ ਦਾ ਕਬੀਲਾ ਬਹੁਤ. ਤਕੜਾ ਹੈ। ਜੇ ਤੂੰ ਨਹੀਂ ਹਟਦਾ ਤਾਂ ਸੁਣ। ਜੇ ਤੂੰ ਜਾਣਾ ਹੈਂ ਤਾਂ ਜਾਹ ਪਰ ਜੇ ਤੂੰ ਮਰਨ ਤੋਂ ਪਹਿਲਾਂ ਸਾਹਿਬਾਂ ਨੂੰ ਪੰਜ ਕੋਹ ਤਕ ਨਾ ਲੈ ਕੇ ਆਇਆ ਤਾਂ ਤੂੰ ਮੇਰਾ ਪੁੱਤ ਨਹੀਂ।'

ਇਹ ਕਹਿੰਦਿਆਂ ਮਿਰਜ਼ੇ ਦੀ ਮਾਂ ਨੇ ਉਸਦੇ ਹਥਿਆਰ ਅਤੇ ਉਸ ਦੀ ਘੋੜੀ ਲਾਖੀ ਉਸਨੂੰ ਸੌਂਪ ਦਿੱਤੀ। ਮਿਰਜ਼ੇ ਨੇ ਅੱਲਾ ਦਾ ਨਾਮ ਲਿਆ ਅਤੇ ਉਸਨੂੰ ਸਿਰ ਝੁਕਾ ਕੇ ਘੋੜੀ 'ਤੇ ਸਵਾਰ ਹੋ ਕੇ ਉਸਨੂੰ ਦੌੜਾ ਲਿਆ। ਉਹ ਝੰਗ ਸਿਆਲ਼ ਪਹੁੰਚ ਗਿਆ। ਉਸਨੇ ਉਥੇ ਬਾਰਾਂ ਹਜ਼ਾਰ ਚੰਧੜ ਆਏ ਦੇਖੇ। ਮਿਰਜ਼ਾ ਇਕੱਲਾ ਹੋਣ ਕਾਰਨ ਲੋਕ ਪੁੱਛ ਰਹੇ ਸਨ ਕਿ, 'ਇਹ ਇਕੱਲਾ ਕੌਣ ਆ ਰਿਹਾ ਹੈ ?' ਉਹ ਬੁੱਢੀ ਔਰਤ ਦੇ ਘਰ ਕੋਲੋਂ ਲੰਘਿਆ ਤਾਂ ਉਸਨੇ ਕਿਹਾ, 'ਤੂੰ ਬਰਾਤ ਵਿਚ ਕਿਉਂ ਨਹੀਂ ਜਾਂਦਾ ?' ਪਰ ਮਿਰਜ਼ੇ ਨੇ ਅਰਜ਼ ਕੀਤੀ, 'ਮੈਂ ਗੁਜ਼ਾਰਿਸ਼ ਕਰਦਾ ਹਾਂ ਕਿ ਮੈਨੂੰ ਆਪਣੇ ਇਥੇ ਪਨਾਹ ਦੇ।' ਪਰ ਬੁੱਢੀ ਨਾ ਮੰਨੀ। ਉਸਨੂੰ ਮਿਰਜ਼ੇ ਨੇ ਪੰਜੀ ਰੁਪਏ ਦਿੱਤੇ ਤਾਂ ਜਾ ਕੇ ਮੰਨੀ ਤੇ ਕਹਿਣ ਲੱਗੀ, 'ਮੈਂ ਦੇਖ ਰਹੀ ਹਾਂ ਕੀ ਤੂੰ ਉਹੀ ਮਿਰਜ਼ਾ ਖ਼ਾਨ ਤਾਂ ਨਹੀਂ ? ਓ ਮੂਰਖ ਤੂੰ ਆਪਣੀ ਮੌਤ ਆਪ ਵਿਹਾਝਣ ਕਿਉਂ ਆਇਆ ਹੈ ? ਜੇ ਤੇਰੇ ਸਰੀਰ ਦੀ ਬੋਟੀ-ਬੋਟੀ ਹੋ ਜਾਵੇ ਅਤੇ ਹਰ ਬੋਟੀ ਇਕ ਮਿਰਜ਼ਾ ਬਣ ਜਾਵੇ ਤਾਂ ਵੀ ਤੂੰ ਚੰਧੜਾਂ ਦੀ ਬਰਾਬਰੀ ਨਹੀਂ ਕਰ ਸਕਦਾ।'

'ਓ ਫਫੇਕੁਟਣੀ, 'ਮਿਰਜ਼ੇ ਨੇ ਜਵਾਬ ਵਿਚ ਕਿਹਾ, 'ਮੈਂ ਆ ਗਿਆ ਹਾਂ ਅਤੇ ਮੈਂ ਤੇਰੇ ਕੋਲ਼ ਹਾਂ। ਤੂੰ ਜੋ ਮੇਰੇ ਲਈ ਕੁਝ ਕਰ ਸਕਦੀ ਹੈਂ ਤਾਂ ਕਰ। ਜਾਹ ਸਾਹਿਬਾਂ ਨੂੰ ਖ਼ਬਰ ਕਰ ਕਿ ਮਿਰਜ਼ਾ ਪਹੁੰਚ ਗਿਆ ਹੈ।'

ਬੁੱਢੀ ਸਾਹਿਬਾਂ ਕੋਲ਼ ਪਹੁੰਚੀ। ਸਾਹਿਬਾਂ ਨੇ ਉਸਨੂੰ ਸੌ ਰੁਪਇਆ ਦਿੱਤਾ ਅਤੇ ਕਿਹਾ, 'ਅੱਜ ਰਾਤ ਉਸਨੂੰ ਮੇਰੇ ਕੋਲ਼ ਲਿਆਉਣ ਦਾ ਪ੍ਰਬੰਧ ਕਰ। ਅੱਜ ਮੈਂ ਉਸਨੂੰ ਦੇਖਣਾ ਚਾਹੁੰਦੀ ਹਾਂ, ਕਲ੍ਹ ਨੂੰ ਤਾਂ ਸ਼ਾਇਦ ਉਸਦੇ ਟੋਟੇ ਵੀ ਨਾ ਲੱਭਣ।'

'ਪਰ ਜੁਗਤ ਕੀ ਬਣੇ ?' ਔਰਤ ਨੇ ਕਿਹਾ, 'ਅੱਛਾ ਇਵੇਂ ਕਰ ਤੂੰ ਮੈਨੂੰ ਆਪਣੇ ਵਧੀਆ ਕਪੜੇ ਦੇ। ਅਜਿਹੇ ਕਪੜੇ ਜਿਨ੍ਹਾਂ ਵਿਚ ਉਸਨੂੰ ਪਹਿਚਾਣਿਆ ਨਾ ਜਾ ਸਕੇ। ਭੇਸ ਬਦਲ ਕੇ ਮੈਂ ਉਸਨੂੰ ਤੇਰੇ ਕੋਲ ਲੈ ਆਵਾਂਗੀ। ਅਜਿਹਾ ਜਾਮਾ ਚਾਹੀਦਾ ਹੈ ਜਿਸ ਵਿਚ ਉਹ ਆਪ, ਘੋੜਾ ਅਤੇ ਉਸਦੇ ਹਥਿਆਰ ਦਿਖਾਈ ਨਾ ਦੇਣ।'

ਸਾਹਿਬਾਂ ਨੇ ਬੁੱਢੀ ਨੂੰ ਪੰਜਾਹ ਸੱਠ ਗਜ਼ ਕਪੜੇ ਦਾ ਬਣਿਆ ਵੱਡਾ ਸਾਰਾ ਚੋਗਾ ਦਿੱਤਾ। ਬੁੱਢੀ ਚੋਗਾ ਲੈ ਕੇ ਚਲੇ ਗਈ। ਪਹਿਲਾਂ ਤਾਂ ਬੁੱਢੀ ਨੇ ਮਿਰਜ਼ੇ ਨੂੰ ਨਾਸ਼ਤਾ ਕਰਵਾਇਆ ਕਿਉਂਕਿ ਉਸਨੂੰ ਭੁੱਖ



ਲੱਗੀ ਹੋਈ ਸੀ। ਫਿਰ ਬੁੱਢੀ ਨੇ ਮਿਰਜ਼ੇ ਨੂੰ ਘੋੜੀ ਤੇ ਚੜ੍ਹਨ ਲਈ ਕਿਹਾ। ਕਮਾਨ ਅਤੇ ਤਲਵਾਰ ਸਜਾਈ ਅਤੇ ਮਿਰਜ਼ਾ ਅੱਗੇ ਨੂੰ ਟੇਢਾ ਹੋ ਕੇ ਕਾਠੀ 'ਤੇ ਬੈਠ ਗਿਆ। ਚੋਗੇ ਵਿਚੋਂ ਸਿਰਫ਼ ਘੋੜੀ ਦੇ ਕੰਨ ਤੇ ਪੂਛ ਹੀ ਦਿਖਾਈ ਦਿੰਦੀ ਸੀ। ਸੈਂਕੜੇ ਜੰਗੀ ਘੋੜੇ ਬੱਝੇ ਹੋਏ ਅੜਿਕਾ ਬਣੇ ਹੋਏ ਸਨ। ਉਹ ਹਿਣਕਿਣ ਲੱਗੇ ਅਤੇ ਰੱਸੇ ਤੁੜਾਉਣ ਲੱਗੇ। ਬੁੱਢੀ ਨੇ ਕਹਿਣਾ ਸ਼ੁਰੂ ਕੀਤਾ, 'ਓ ਬਰਾਤੀਓ ਸਾਵਧਾਨ! ਵਜ਼ੀਰ ਦੀ ਬੇਟੀ ਸਾਹਿਬਾਂ ਨੂੰ ਮਿਲਣ ਆ ਰਹੀ ਹੈ...' ਇਸ ਤਰ੍ਹਾਂ ਬੁੱਢੀ ਨੇ ਮਿਰਜ਼ੇ ਨੂੰ ਸ਼ੀਸ਼ ਮਹਿਲ ਦੇ ਦਰਵਾਜ਼ੇ ਤੋਂ ਪਾਰ ਕਰਵਾ ਲਿਆ। ਇਕ ਅਹਿਲਕਾਰ ਨੂੰ ਉਸਦੀ ਘੋੜੀ ਨੇੜੇ ਹੀ ਬੰਨ੍ਹਣ ਲਈ ਕਹਿ ਦਿੱਤਾ। ਮਿਰਜ਼ੇ ਨੂੰ ਘਰ ਪਹੁੰਚਾ ਕੇ ਬੁੱਢੀ ਵਾਪਿਸ ਆਪਣੇ ਘਰ ਨੂੰ ਚਲੀ ਗਈ।

ਸਾਹਿਬਾਂ ਦੀਆਂ ਸਹੇਲੀਆਂ ਤੇ ਅਹਿਲਕਾਰਾਂ ਨੇ ਮਿਰਜ਼ੇ ਨੂੰ ਕੋਈ ਰਾਜਕੁਮਾਰੀ ਸਮਝਿਆ। ਸਾਹਿਬਾਂ ਨੇ ਉਸਨੂੰ ਕਿਹਾ, 'ਤੂੰ ਏਨੀ ਦੇਰ ਨਾਲ਼ ਕਿਉਂ ਆਇਆ ਹੈਂ ? ਇਹ ਸਾਰੇ ਲੋਕ ਹੁਣ ਇਥੇ ਹਨ। ਤੂੰ ਇਕੱਲਾ 'ਕਹਿਰਾ ਕੀ ਕਰ ਲਵੇਂਗਾ ? ਮਿਰਜ਼ਿਆ ਤੂੰ ਵੱਢਿਆ ਜਾਵੇਂਗਾ। ਦੋ ਚਾਰ ਹੋਣ ਉਨ੍ਹਾਂ ਦਾ ਇਲਾਜ ਤਾਂ ਹੋ ਸਕਦਾ ਹੈ, ਪਰ ਇੱਥੇ ਤਾਂ ਹਜ਼ਾਰਾਂ ਹਨ।'

ਮਿਰਜ਼ਾ ਮੁੱਛਾਂ 'ਤੇ ਹੱਥ ਫੇਰ ਕੇ ਸਾਹਿਬਾਂ ਨੂੰ ਬੋਲਿਆ, 'ਮੇਰੀ ਗੱਲ ਸੁਣ। ਆਪਣਾ ਦਿਮਾਗ ਖ਼ਰਾਬ ਨਾ ਕਰ। ਠੰਡ ਰੱਖ।'

'ਤੂੰ ਮੈਨੂੰ ਠੰਡ ਰੱਖਣ ਲਈ ਕਹਿ ਰਿਹਾ ਹੈ ?' ਸਾਹਿਬਾਂ ਉਖੜ ਗਈ, ਉਹ- ਤੇਰੀ ਖ਼ਾਤਰ ਮੈਂ ਆਪਣੀ ਜ਼ਿੰਦਗੀ ਖ਼ਤਰੇ ਵਿਚ ਪਾਈ ਹੈ। ਤੇਰੀ ਖ਼ਾਤਿਰ ਮੈਂ ਕਿਸਮਤ ਨਾਲ਼ ਵੀ ਭਿੜੀ ਹਾਂ। ਮੈਂ ਤੇਰੀ ਹਾਂ ਤੇ ਤੂੰ ਵੀ ਮੇਰਾ। ਕਲ੍ਹ ਨੂੰ ਤਾਂ ਬਹੁਤ ਦੇਰ ਹੋ ਚੁੱਕੀ ਹੋਵੇਗੀ।

ਓ ਮੇਰੇ ਦਿਲ ਪੀ, ਪੀ ਤੇ ਪਿਆਰ ਦਾ ਪਿਆਲਾ ਪੀ। ਹੁਣ ਇਹ ਤੇਰੇ ਕੋਲ਼ ਪਿਆ ਹੈ। ਆ ਮਿਰਜ਼ਿਆ ਦੋਨੋਂ ਪਿਆਰ ਦਾ ਮਿੱਠਾ ਜ਼ਹਿਰ ਡੀਕੀਏ। ਕਿਸਮਤ ਨਾਲ਼ ਮਿਲ਼ੇ ਪਲ ਉੱਡੇ ਜਾ ਰਹੇ ਹਨ।

ਤੇਰੇ ਮਿਲਣ ਤੋਂ ਵੀ ਪਹਿਲਾਂ ਸਾਡਾ ਰਿਸ਼ਤਾ ਤੈਅ ਹੋ ਚੁੱਕਾ ਸੀ। ਦੇਖਦਿਆਂ ਹੀ ਮੈਂ ਤੇਰੀ ਹੋ ਗਈ ਸੀ। ਅਸੀਂ ਬਹੁਤ ਅਗਾਂਹ ਨਿਕਲ਼ ਆਏ ਹਾਂ। ਹੁਣ ਪਛਤਾਉਣ ਦਾ ਵੀ ਕੋਈ ਫ਼ਾਇਦਾ ਨਹੀਂ। ਸ਼ਹਿਦ ਹੁਣ ਖੀਰ ਵਿਚ ਘੁਲ਼ ਚੁੱਕਿਆ ਹੈ।

ਮਿਰਜ਼ਿਆ ਧਿਆਨ ਰੱਖੀਂ ਕਿ ਖੀਵੇ ਖ਼ਾਨ ਦੀ ਧੀ ਸਾਹਿਬਾਂ ਨੇ ਤੇਰੇ ਦਿਲ 'ਤੇ ਰਾਜ਼ ਕੀਤਾ ਹੈ। ਜੇ ਤੂੰ ਮਰਨਾ ਹੀ ਹੈ ਤਾਂ ਮੇਰੇ ਨਾਲ਼ ਮਰੀਂ। ਮੌਤ ਵੀ ਸਾਨੂੰ ਵੱਖ ਨਹੀਂ ਕਰ ਸਕਦੀ।

ਕਲ੍ਹ ਤੱਕ ਤੂੰ ਜ਼ਿੰਦਾ ਰਹੇਂਗਾ ਤੇ ਕਲ੍ਹ ਤਕ ਹੀ ਮੈਂ ਵੀ ਤੇਰੇ ਨਾਲ਼ ਜ਼ਿੰਦਾ ਹਾਂ। ਓ ਪਿਆਰੇ ਅੱਜ ਦੀ ਰਾਤ ਸਾਡੀ ਆਖ਼ਰੀ ਰਾਤ ਹੈ। ਹੁਣ ਇਹ ਖ਼ੁਸ਼ੀ ਦੁਬਾਰਾ ਨਹੀਂ ਮਿਲ਼ੇਗੀ।

ਮਿਰਜ਼ੇ ਨੇ ਸਾਹਿਬਾਂ ਨੂੰ ਬਾਹਾਂ ਵਿਚ ਲੈ ਕੇ ਚੁੰਮਿਆ ਅਤੇ ਇਹ ਸ਼ਬਦ ਕਹੇ, 'ਸਾਹਿਬਾਂ ਜੋ ਤੂੰ ਕਹਿ ਰਹੀ ਹੈਂ ਮੈਂ ਸਭ ਸਮਝ ਰਿਹਾ ਹਾਂ। ਮੈਂ ਵੀ ਇਸੇ ਲਈ ਤਿਆਰ ਹਾਂ। ਇਸੇ ਲਈ ਮੇਰੀ ਵੀ ਸੁਣ, 'ਆਸ਼ਿਕ ਨੇ ਆਪਣੀ ਤਬਾਹੀ ਦਾ ਸਮਾਨ ਬੰਨ੍ਹ ਲਿਆ ਹੈ, ਉਸਨੇ ਹੋਣੀ ਨੂੰ ਲਲਕਾਰਿਆ ਹੈ। ਮੇਰੇ ਸਰੀਰ ਦਾ ਮਾਸ ਸੁੰਗੜ ਕੇ ਸੁੱਕ ਚੁੱਕਾ ਹੈ ਮੈਂ ਹੱਡੀਆਂ ਦੀ ਮੁੱਠ ਦਿਖਾਈ ਦੇ ਰਿਹਾ ਹਾਂ। ਜੇ ਮੇਰਾ ਸਿਰ ਵੱਢਿਆ ਜਾਣਾ ਹੈ ਤਾਂ ਇਹ ਵੱਢਿਆ ਜਾਏ, ਕੀ ਹੋਣੀ ਨੂੰ ਟਾਲ਼ਿਆ ਜਾ ਸਕਦਾ ਹੈ ? ਮੇਰਾ ਪਿਆਰ ਅਤੇ ਵਿਸ਼ਵਾਸ ਸਦਾ ਤੇਰੇ ਨਾਲ਼ ਹੈ ਉਦੋਂ ਤਕ ਜਦ ਤਕ ਜਾਨ ਹੈ।'

'ਪਰ ਸਾਹਿਬਾਂ ਮੈਂ ਜਾਣ ਦਾ ਵਸੀਲਾ ਕਰ ਸਕਦਾ ਹਾਂ ਜੇ ਤੇਰੀਆਂ ਸਹੇਲੀਆਂ ਨੂੰ ਕਿਸੇ ਤਰ੍ਹਾਂ ਸੁਆ ਦਿੱਤਾ ਜਾਵੇ। ਉਨ੍ਹਾਂ ਨੂੰ ਸ਼ਰਾਬ ਪਿਲਾ।'

ਸਾਹਿਬਾਂ ਨੇ ਆਪਣੀਆਂ ਸਾਥਣਾਂ ਨੂੰ ਬੁਲਾ ਕੇ ਕਿਹਾ, 'ਓ ਸਹੇਲੀਓ ਖ਼ੁਸ਼ੀਆਂ ਮਨਾਓ, ਕਿਉਂਕਿ ਮੈਂ ਕਲ੍ਹ ਨੂੰ ਤੁਰ ਜਾਣਾ ਹੈ। ਉਸਨੇ ਸੁਰਾਹੀਆਂ ਭਰ-ਭਰ ਸ਼ਰਾਬ ਵਰਤਾਉਣ ਲਈ ਕਿਹਾ। 'ਉਨ੍ਹਾਂ ਨੂੰ ਸ਼ਰਬਤ ਕਹਿ ਕੇ ਪਿਲਾ ਦਿਉ।' ਇਸ ਤਰ੍ਹਾਂ ਪਿਆਲ਼ੇ ਇਕ ਤੋਂ ਦੂਜੇ ਹੱਥਾਂ ਵਿਚ ਜਾਣ ਲੱਗੇ ਤੇ ਸਾਰੀਆਂ ਕੁੜੀਆਂ ਨਸ਼ਈ ਹੋ ਗਈਆਂ। ਪਰ ਇਕ ਸਹੇਲੀ ਨੂੰ ਦਾਲ਼ ਵਿਚ ਕੁਝ ਕਾਲ਼ਾ ਨਜ਼ਰ ਆਇਆ। ਉਸਨੇ ਪਿਆਲਾ ਪੀਣ ਦੀ ਥਾਂ ਆਪਣੀ ਛਾਤੀ 'ਤੇ ਪਾ ਲਿਆ। ਇਸ ਸਹੇਲੀ ਨੂੰ ਸਾਹਿਬਾਂ ਸਭ ਤੋਂ ਵੱਧ ਪਿਆਰ

ਕਰਦੀ ਸੀ।

ਅੱਧੀ ਰਾਤ ਸਾਹਿਬਾਂ ਨੇ ਉੱਠ ਕੇ ਆਲ਼ਾ ਦੁਆਲ਼ਾ ਦੇਖਿਆ। ਇਕ ਨੂੰ ਛੱਡ ਕੇ ਸਾਰੀਆਂ ਕੁੜੀਆਂ ਘੂਕ ਸੁੱਤੀਆਂ ਪਈਆਂ ਸਨ। ਜਾਗਦੀ ਸਹੇਲੀ ਨੇ ਸਾਹਿਬਾਂ ਨੂੰ ਕਿਹਾ, 'ਸ਼ਰਾਬ ਮੈਂ ਵੀ ਲਈ ਸੀ, ਪਰ ਮੈਂ ਤੇਰੀ ਪੱਕੀ ਸਹੇਲੀ ਹਾਂ। ਮੈਂ ਫਿਰ ਇਹ ਕਿਉਂ ਪੀਂਦੀ। ਮੈਂ ਤੇਰੀ ਸੁੱਖ ਮੰਗਦੀ ਹਾਂ।' ਸਾਹਿਬਾਂ ਨੇ ਮਿਰਜ਼ੇ ਨੂੰ ਕਿਹਾ, 'ਉੱਠ ਹੁਣ ਹੀ ਸਮਾਂ ਹੈ।'

ਮਿਰਜ਼ਾ ਉੱਠ ਪਿਆ ਅਤੇ ਬੋਲਿਆ, 'ਤਾਹਾ ਖ਼ਾਨ ਅਤੇ ਉਸਦੇ ਸਰਦਾਰ ਅਤੇ ਔਰਤਾਂ ਨੱਚਣ ਗਾਉਣ ਵਿਚ ਮਸ਼ਗੂਲ ਹਨ, ਰੌਸ਼ਨੀਆਂ ਚਮਕੀਲੀਆਂ ਹਨ। ਸਾਰੇ ਮਸਤੀ ਕਰ ਰਹੇ ਹਨ। ਹਾਂ ਹੁਣ ਹੀ ਸਮਾਂ ਹੈ।'

ਉਸਨੇ ਘੋੜੀ ਤੇ ਕਾਠੀ ਪਾਈ। ਕਾਠੀ ਦਾ ਤੰਗ ਇੰਨੀ ਜ਼ੋਰ ਦੀ ਕੱਸਿਆ ਕਿ ਉਹ ਟੁੱਟ ਗਿਆ। ਸਾਹਿਬਾਂ ਨੇ ਕਿਹਾ, 'ਮੈਨੂੰ ਛਿੱਕ ਆਈ ਹੈ ਤੇ ਲੱਖੀ ਦਾ ਤੰਗ ਟੁੱਟ ਗਿਆ ਹੈ। ਜਾਂ ਤਾਂ ਰਾਜਾ ਹਾਰੇਗਾ ਜਾਂ ਰਾਜਕੁਮਾਰ ਮਾਰਿਆ ਜਾਵੇਗਾ।'

'ਤੂੰ ਔਰਤਾਂ ਵਾਲ਼ੀਆਂ ਗੱਲਾਂ ਕਰ ਰਹੀ ਹੈਂ,' ਮਿਰਜ਼ੇ ਨੇ ਕਿਹਾ, 'ਸਭ ਕੁਝ ਅੱਲਾ 'ਤੇ ਛੱਡ ਅਤੇ ਮੇਰੇ ਪਿੱਛੇ ਬੈਠ।'

ਸਾਹਿਬਾਂ ਘੋੜੀ 'ਤੇ ਚੜ੍ਹ ਗਈ, ਠੀਕ ਤਰ੍ਹਾਂ ਬੈਠ ਗਈ ਤਾਂ ਜਿਸ ਕੁੜੀ ਨੇ ਸ਼ਰਾਬ ਨਹੀਂ ਸੀ ਪੀਤੀ ਉੱਠੀ ਅਤੇ ਉਸਨੇ ਘੋੜੀ ਦੀ ਵਾਗ ਫੜ ਲਈ। ਬੋਲੀ, 'ਲੰਮੇ ਸਮੇਂ ਤਕ ਮੈਂ ਤੇਰਾ ਲੂਣ ਖਾਧਾ ਹੈ, ਹੁਣ ਹਰਾਮ ਨਹੀਂ ਕਰਾਂਗੀ। ਮੈਂ ਓਨਾ ਚਿਰ ਤੇਰੇ ਨਾਲ਼ ਹਾਂ ਜਿੰਨਾ ਚਿਰ ਤੁਹਾਨੂੰ ਸੁਰੱਖਿਅਤ ਜਗ੍ਹਾ 'ਤੇ ਨਹੀਂ ਪੁਚਾ ਦਿੰਦੀ।' ਵੱਡਾ ਚੋਗਾ ਦੋਨਾਂ ਆਸ਼ਿਕਾਂ ਉਪਰ ਪਾ ਦਿੱਤਾ ਗਿਆ ਅਤੇ ਕੁੜੀ ਉਨ੍ਹਾਂ ਦੇ ਅੱਗੇ ਲੱਗ ਤੁਰੀ।

ਉਹ ਲੰਘ ਰਹੇ ਸਨ ਤਾਂ ਮਿਰਜ਼ਾ ਬੋਲਿਆ, 'ਸੁਣ, ਸਾਹਿਬਾਂ ਜਾਣ ਤੋਂ ਪਹਿਲਾਂ ਮੈਂ ਤੇਰੇ ਮੰਗੇਤਰ ਤਾਹਾ ਖ਼ਾਨ ਨੂੰ ਮਿਲਣਾ ਚਾਹੁੰਦਾ ਹਾਂ।'

'ਓ ਰੱਬ ਦਾ ਵਾਸਤਾ, ਨਹੀਂ,' ਸਾਹਿਬਾਂ ਦੀ ਚੀਕ ਨਿਕਲੀ, 'ਤੂੰ ਪਾਗਲ ਹੈਂ? ਤੁਰਿਆ ਚੱਲ।'

ਪਰ ਮਿਰਜ਼ੇ ਨੇ ਜ਼ਿੱਦ ਕੀਤੀ ਉਹ ਉਧਰ ਹੋ ਤੁਰਿਆ ਜਿੱਥੇ ਰਾਤ ਭਰ ਲਈ ਨਾਚ ਗਾਣਾ ਹੋ ਰਿਹਾ ਸੀ। ਉਸਨੇ ਹੋਕਾ ਦਿੱਤਾ, 'ਲੋਕੋ ਮੇਰੀ ਸੁਣੋ ਮੈਂ ਹਾਂ ਮਿਰਜ਼ਾ ਖ਼ਾਨ। ਮੈਂ ਸਾਹਿਬਾਂ ਨੂੰ ਲੈ ਕੇ ਜਾ ਰਿਹਾ ਹਾਂ।'

ਸਾਰੇ ਬਰਾਤੀਆਂ ਨੇ ਆਪਣੀਆਂ ਤਲਵਾਰਾਂ ਨੂੰ ਹੱਥ ਪਾ ਲਏ, ਪਰ ਲਗਾਮ ਫੜੀ ਕੁੜੀ ਬੋਲੀ, 'ਲੋਕੋ ਸੁਣੋ, ਇਹ ਪਾਗਲ ਫ਼ਕੀਰ ਹੈ। ਇਹ ਪਾਗਲ ਹੈ। ਇਹ ਇਸੇ ਤਰ੍ਹਾਂ ਦੀਆਂ ਗੱਲਾਂ ਕਰੀ ਜਾਂਦਾ ਹੈ। ਤੁਹਾਡੀ ਅਣਗਿਣਤ ਲੋਕਾਂ ਦੀ ਭੀੜ ਦਾ ਜੰਗਲ਼ ਹੈ। ਇਸ ਫ਼ਕੀਰ ਨੂੰ ਘੋੜਾ ਤੇ ਚੋਗਾ ਭੇਟ ਕੀਤਾ ਗਿਆ ਹੈ। ਮਿਰਜ਼ਾ ਇਥੇ ਕਿਵੇਂ ਆ ਸਕਦਾ ਹੈ?' ਉਸੇ ਸਮੇਂ ਇਕ ਹੋਰ ਔਰਤ ਦੀ ਆਵਾਜ਼ ਆਈ, 'ਹਾਂ, ਇਹ ਤਾਂ ਪਾਗਲ ਫ਼ਕੀਰ ਹੈ। ਇਸਨੂੰ ਲੰਘ ਲੈਣ ਦਿਓ।' ਇਸ ਤੇ ਸਾਰੇ ਬਾਰਾਤੀ ਬੈਠ ਗਏ।

ਮਿਰਜ਼ਾ ਇਕ ਹੋਰ ਇਕੱਠ ਕੋਲ਼ੋਂ ਲੰਘਿਆ। ਇਥੇ ਬਾਜੇ ਵੱਜ ਰਹੇ ਸਨ ਤੁਰੀਆਂ ਦੀ ਰੌਣਕ ਸੀ। ਸਾਹਿਬਾਂ ਨੇ ਮਿਰਜ਼ੇ ਨੂੰ ਚੇਤਾਇਆ, 'ਓ ਮੂਰਖ ਤੂੰ ਸਾਰਿਆਂ ਨੂੰ ਮਰਵਾਏਂਗਾ, ਤਬਾਹ ਕਰਵਾਏਂਗਾ।'

ਮਿਰਜ਼ਾ ਕਹਿਣ ਲੱਗਾ, 'ਤਾਹਾ ਖ਼ਾਨ ਵਲ ਦੇਖ।'

'ਤੁਰਿਆ ਚਲ,' ਸਾਹਿਬਾਂ ਬੋਲੀ, 'ਮੈਂ ਉਸਨੂੰ ਬਥੇਰਾ ਦੇਖ ਲਿਆ ਹੈ। ਤਾਹਾ ਖ਼ਾਨ ਮੱਝ ਨਾਲੋਂ ਵੀ ਪਤਲਾ ਹੈ ਅਤੇ ਤਵੇ ਨਾਲੋਂ ਕਾਲ਼ਾ। ਟੋਕਰਾ ਰੋਟੀਆਂ ਦਾ ਖਾਂਦਾ ਹੈ, ਅਤੇ ਦਾਲ਼ ਦੀ ਚਾਟੀ ਪੀ ਜਾਂਦਾ ਹੈ। ਗੰਜਾ ਹੈ, ਵੱਡੇ-ਵੱਡੇ ਉਸਦੇ ਪੈਰ ਹਨ। ਇਸਨੂੰ ਦੇਖਣਾ ਹੈ? ਛੇਤੀ ਅਗਾਂਹ ਨਿਕਲ਼।

ਮਿਰਜ਼ੇ ਨੇ ਫਿਰ ਹੋਕਰਾ ਮਾਰਿਆ, 'ਓ ਲੋਕੋ ਤੁਸੀਂ ਜਾਗਦੇ ਹੋ ਜਾਂ ਸੁੱਤੇ? ਮੈਂ ਮਿਰਜ਼ਾ ਸਾਹਿਬਾਂ ਨੂੰ ਲੈ ਕੇ ਜਾ ਰਿਹਾ ਹਾਂ।' ਇਕਦਮ ਲੋਕਾਂ ਨੇ ਹਥਿਆਰ ਸੰਭਾਲ ਲਏ। ਇਸ ਬਾਰ ਫਿਰ ਕੁੜੀ ਨੇ ਆਵਾਜ਼ ਲਾਈ, 'ਲੋਕੋ ਸੁਣੋ। ਇਹ ਪਾਗਲ ਫ਼ਕੀਰ ਹੈ। ਇਸਨੇ ਪਹਿਲਾਂ ਵੀ ਪਿੱਛੇ ਇਕੱਠ ਵਿਚ ਇਹ ਕੁਝ ਕਿਹਾ ਹੈ, ਤੇ ਤੁਹਾਨੂੰ ਵੀ ਇਹੀ ਸੁਣਾ ਰਿਹਾ ਹੈ। ਇਸ ਵਲ ਧਿਆਨ ਨਾ ਦਿਉ।'



ਬਾਰਾਤੀ ਫਿਰ ਬੈਠ ਗਏ। ਸ਼ਾਂਤੀ ਹੋ ਗਏ। ਮਿਰਜ਼ਾ ਲੰਘ ਗਿਆ ਤੇ ਕੁੜੀ ਵਾਪਿਸ ਮੁੜ ਆਈ।

ਵਾਪਰਿਆ ਇਹ ਕਿ ਜਦੋਂ ਆਸ਼ਿਕ ਪਿੰਡ ਦੀ ਗਲ਼ੀ ਵਿਚੀਂ ਜਾ ਰਹੇ ਸਨ ਤਾਂ ਇਕ ਪੰਡਿਤ ਆਪਣੇ ਘਰ ਵਿਚ ਬੈਠਾ ਕੋਈ ਕਿਤਾਬ ਪੜ੍ਹ ਰਿਹਾ ਸੀ। ਉਸਨੇ ਉਨ੍ਹਾਂ ਵਲ ਦੇਖਿਆ ਤਾਂ ਚੋਗੇ ਹੇਠੋਂ ਉਸਨੂੰ ਮਿਰਜ਼ੇ ਦੀ ਲੱਤ ਦਿਖਾਈ ਦਿੱਤੀ। ਉਹ ਖੀਵੇ ਖ਼ਾਨ ਵਲ ਨੱਠ ਤੁਰਿਆ ਅਤੇ ਉਸਨੂੰ ਜਾ ਕਹਿਣ ਲੱਗਾ, 'ਮੈਂ ਤਾਂ ਹੁਣ ਜਾਦੂ ਹੀ ਦੇਖ ਲਿਆ ਹੈ, ਚਮਤਕਾਰ।'

'ਠਹਿਰ ਓ ਠਹਿਰ,' ਖੀਵੇ ਖ਼ਾਨ ਨੇ ਕਿਹਾ।

'ਮੈਂ ਦੱਸਾਂਗਾ ਉਹ ਚਮਤਕਾਰ ਕੀ ਹੈ,' ਬ੍ਰਾਹਮਣ ਨੇ ਕਿਹਾ ਅਤੇ ਕਿਤਾਬ ਤੋਂ ਪੜ੍ਹਨ ਦਾ ਬਹਾਨਾ ਕਰਦਾ ਰਿਹਾ। ਉਸਨੇ ਕਿਹਾ, 'ਖੀਵੇ ਖ਼ਾਨ ਦੇ ਸ਼ਹਿਰ ਵਿਚ, ਸ਼ਾਨੋ ਸ਼ੌਕਤ ਵਾਲ਼ੀ ਨਗਰੀ ਵਿਚ ਇਕ ਭੂਚਾਲ ਆਇਆ ਹੈ। ਸਾਹਿਬਾਂ ਨੂੰ ਮਿਰਜ਼ਾ ਉਧਾਲ਼ ਕੇ ਲੈ ਗਿਆ ਹੈ। ਹਰਾਮ ਚੋਰ ਮਿਰਜ਼ੇ ਨੇ ਇਹ ਕਾਰਾ ਕੀਤਾ ਹੈ।'

ਝੰਗ ਸਿਆਲ਼ ਤੋਂ ਪੰਜ ਕੋਹ 'ਤੇ ਪੀਰਾਂ ਦਾ ਮਜ਼ਾਰ ਸੀ ਜਿੱਥੇ ਮਿਰਜ਼ਾ ਠਹਿਰਦਾ ਅਤੇ ਮੰਨਤਾਂ ਮੰਨਦਾ ਸੀ। ਹੁਣ ਵੀ ਉਹ ਨਤਮਸਤਕ ਹੋਇਆ, 'ਪੰਜ ਪੀਰੋ, ਮੈਂ ਸਾਹਿਬਾਂ ਨੂੰ ਲਿਆਉਣ ਵਿਚ ਸਫ਼ਲ ਹੋਇਆ ਹਾਂ। ਇਥੇ ਮੈਂ ਕੁਝ ਚਿਰ ਰੁਕ ਕੇ ਆਰਾਮ ਕਰਾਂਗਾ।' ਇਥੋਂ ਤਕ ਆਸ਼ਿਕ ਉੱਡੇ ਆਏ ਸਨ, ਪਰ ਹੁਣ ਮਿਰਜ਼ੇ ਨੇ ਕਿਹਾ, 'ਇਸ ਥਾਂ 'ਤੇ ਮੈਂ ਸਹੁੰ ਖਾਧੀ ਸੀ।'

'ਬਾਰਾਂ ਹਜ਼ਾਰ ਚੰਧੜ ਪਿੱਛਾ ਕਰ ਰਹੇ ਹਨ,' ਸਾਹਿਬਾਂ ਬੋਲੀ, 'ਤੈਨੂੰ ਮਰਨ ਦਾ ਚਾਅ ਹੈ' ਚਲ ਅੱਗੇ ਚੱਲੀਏ।'

'ਮੈਂ ਸਹੁੰ ਖਾਧੀ ਹੈ,' ਉਹ ਬੋਲਿਆ, 'ਉੱਤਰ ਅਤੇ ਮੇਰੇ ਸਿਰ ਨੂੰ ਆਪਣੇ ਗੋਡੇ ਦਾ ਸਿਰਹਾਣਾ ਦੇ। ਮੈਂ ਘੜੀ ਭਰ ਆਰਾਮ ਕਰਨਾ ਚਾਹੁੰਦਾ ਹਾਂ।'

'ਦਿਨ ਚੜ੍ਹ ਰਿਹਾ ਹੈ,' ਸਾਹਿਬਾਂ ਨੇ ਕਿਹਾ, 'ਘੜੀ ਵਿਚ ਸਵੇਰ ਹੋ ਜਾਵੇਗੀ, ਤੇਰਾ ਇਰਾਦਾ ਕੀ ਹੈ?'

ਪਰ ਮਿਰਜ਼ਾ ਘੋੜੀ ਤੋਂ ਉੱਤਰਿਆ ਸਾਹਿਬਾਂ ਨੂੰ ਫੜ ਕੇ ਉਤਾਰਿਆ। ਸਾਹਿਬਾਂ ਦੀ ਗੋਦੀ ਵਿਚ ਸਿਰ ਰੱਖਿਆ ਤੇ ਸੌਂ ਗਿਆ।'

ਇਸ ਦੌਰਾਨ ਖੀਵਾ ਖ਼ਾਨ ਅਤੇ ਕੁਝ ਕੁੜੀਆਂ ਤਾਹਾ ਖਾਨ ਨੂੰ ਨਾਲ਼ ਲੈ ਕੇ ਸਾਹਿਬਾਂ ਦੇ ਕਮਰੇ ਵਲ ਗਏ। ਉਥੇ ਉਨ੍ਹਾਂ ਦੇਖਿਆ ਕਿ ਸੱਠੇ ਸਹੇਲੀਆਂ ਨਸ਼ਈ ਹੋਈਆਂ ਸੁੱਤੀਆਂ ਪਈਆਂ ਹਨ। ਉਹ ਹੈਰਾਨ ਸਨ ਕਿ ਸਾਹਿਬਾਂ ਕਿੱਥੇ ਗਈ। 'ਇਹ ਤਾਂ ਸਾਰੀਆਂ ਉਸ ਦੀਆਂ ਸਹੇਲੀਆਂ ਹਨ,' ਉਨ੍ਹਾਂ ਕਿਹਾ, 'ਪਰ ਸਾਹਿਬਾਂ ਆਪ ਕਿੱਥੇ ਹੈ?' ਇਸ ਤੋਂ ਬਾਦ ਸ਼ੋਰ ਸ਼ਰਾਬਾ ਹੋਣ ਲੱਗਾ। ਹੋਰ ਕਈ ਲੋਕ ਰੌਲ਼ਾ ਪਾਉਂਦੇ ਉਧਰ ਆ ਗਏ, 'ਦੱਸੋ ਤਾਂ ਸਹੀ ਹੋਇਆ ਕੀ ਹੈ?' ਅਫ਼ਵਾਹ ਚਾਰੇ ਪਾਸੇ ਫੈਲ ਗਈ, 'ਮਿਰਜ਼ਾ ਸਾਹਿਬਾਂ ਨੂੰ ਲੈ ਕੇ ਨਿਕਲ਼ ਗਿਆ।' ਖ਼ਬਰ ਸਾਰੇ ਸ਼ਹਿਰ ਵਿਚ ਫੈਲ ਗਈ। ਸਿਆਲ਼ ਤੇ ਚੰਧੜ ਘੋੜਿਆਂ ਤੇ ਕਾਠੀਆਂ ਪਾਉਣ ਲੱਗੇ। ਸਾਰੇ ਘੜਮੱਸ ਮਚ ਗਈ।

ਪਰ ਇਧਰ ਫ਼ਕੀਰ ਦੀ ਜਗ੍ਹਾ 'ਤੇ ਸਾਹਿਬਾਂ ਬੇਧਿਆਨੀ ਨਹੀਂ ਹੋਈ। ਛੇਤੀ ਉਸਨੂੰ ਪਿੱਛਾ ਕਰਨ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ। ਉਸਨੇ ਮਿਰਜ਼ੇ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਆਵਾਜ਼ਾ ਦਿੱਤੀਆਂ, 'ਉੱਠ ਜਾ, ਉੱਠ ਜਾ, ਰੱਬ ਦੇ ਵਾਸਤੇ ਉੱਠ ਜਾ।'

ਮਿਰਜ਼ੇ ਦਾ ਜਵਾਬ ਸੀ, 'ਮੈਨੂੰ ਸੌਣ ਦੇ।'

ਸਾਹਿਬਾਂ ਦੀ ਨਜ਼ਰ ਮਿਰਜ਼ੇ ਦੇ ਹਥਿਆਰਾਂ 'ਤੇ ਪਈ। 'ਇਸ ਕੋਲ਼ ਇਕ ਸੌ ਚਾਲ਼ੀ ਤੀਰ ਹਨ,' ਉਸਨੇ ਸੋਚਿਆ, 'ਉਸਦਾ ਇਕ ਤੀਰ ਵੱਧ ਤੋਂ ਵੱਧ ਕੀ ਕਰ ਸਕਦਾ ਹੈ? ਇਕ ਤੀਰ ਤਿੰਨ ਚਾਰ ਬੰਦੇ ਮਰ ਸਕਦੇ ਹਨ। ਇਸ ਦਾ ਘੋੜਾ ਸੌ ਕੋਹ ਤਕ ਜਾ ਸਕਦਾ ਹੈ। ਅਸੀਂ ਮੁਕਾਬਲਾ ਨਹੀਂ ਕਰ ਸਕਦੇ। ਇਸ ਲਈ ਦੌੜ ਜਾਣਾ ਹੀ ਇਕੋ ਇਕ ਹੱਲ ਹੈ।' ਉਸ ਨੇ ਫਿਰ ਸੋਚਿਆ, 'ਸਾਰੇ ਘੋੜ ਸਵਾਰ ਆ ਰਹੇ ਹਨ। ਸਭ ਤੋਂ ਅੱਗੇ ਮੇਰੇ ਭਰਾ ਹੋਣਗੇ। ਮਿਰਜ਼ੇ ਦੇ ਤੀਰਾਂ ਨਾਲ਼ ਸਭ ਤੋਂ ਪਹਿਲਾਂ ਉਹੀ ਮਰਨਗੇ। ਸਾਰੇ ਲੋਕੀਂ ਮੈਨੂੰ ਹੀ

ਦੋਸ਼ ਦੇਣਗੇ ਕਿ, "ਇਸ ਜਨਾਨੀ ਨੇ ਆਪ ਤਾਂ ਉਧਲ਼ਨਾ ਹੀ ਸੀ, ਆਪਣੇ ਭਰਾਵਾਂ ਨੂੰ ਵੀ ਇਸਨੇ ਮਰਵਾ ਦਿੱਤਾ।" ਹੁਣ ਮੈਂ ਸਿਰਫ਼ ਇਹ ਕਰ ਸਕਦੀ ਹਾਂ ਕਿ ਮਿਰਜ਼ੇ ਦੇ ਤੀਰਾਂ ਨੂੰ ਸੁੱਟ ਦੇਵਾਂ। ਇਹੀ ਸਭ ਤੋਂ ਚੰਗੀ ਗੱਲ ਹੋਵੇਗੀ। ਉਸਨੇ ਆਪਣਾ ਚੋਗਾ ਲਪੇਟਿਆ ਅਤੇ ਹੌਲ਼ੀ ਦੇਣੀ ਮਿਰਜ਼ੇ ਦਾ ਸਿਰ ਉਸ ਉੱਪਰ ਟਿਕਾ ਦਿੱਤਾ। ਉਸਨੇ ਭੱਥੇ ਦੇ ਤੀਰ ਬਾਹਰ ਜਾ ਕੇ ਸੁੱਟ ਦਿੱਤੇ ਤੇ ਖਾਲ਼ੀ ਭੱਥਾ ਪਹਿਲਾਂ ਵਾਲ਼ੀ ਜਗ੍ਹਾ ਟਿਕਾ ਦਿੱਤਾ ਅਤੇ ਮਿਰਜ਼ੇ ਦਾ ਸਿਰ ਦੁਬਾਰਾ ਆਪਣੀ ਗੋਦੀ ਵਿਚ ਰੱਖ ਲਿਆ।

ਪਿੱਛਾ ਕਰਦੀ ਧਾੜ ਨੇੜੇ ਆ ਪਹੁੰਚੀ। ਬ੍ਰਾਹਮਣ ਨੇ ਉਨ੍ਹਾਂ ਨੂੰ ਧੋਖਾ ਦਿੱਤਾ ਸੀ। ਧਾੜ ਨੂੰ ਨੇੜੇ ਆਉਂਦਿਆਂ ਦੇਖ ਸਾਹਿਬਾਂ ਨੇ ਮਿਰਜ਼ੇ ਨੂੰ ਜਗਾਇਆ। ਮਿਰਜ਼ੇ ਨੇ ਉੱਠ ਕੇ ਪਿਛਾਂਹ ਦੇਖਿਆ, ਦੁਸ਼ਮਣ ਸਿਰ 'ਤੇ ਆ ਗਿਆ ਸੀ। ਉਸਨੇ ਆਪਣਾ ਭੱਥਾ ਮੋਢੇ ਮਾਰਿਆ। ਤਲਵਾਰ ਦਾ ਹੱਥਾ ਉਸਦਾ ਪੱਟ ਛੂਹ ਰਿਹਾ ਸੀ। ਦੋਨੋਂ ਘੋੜੀ 'ਤੇ ਸਵਾਰ ਹੋਏ ਤੇ ਤੁਰਨ ਲਈ ਤਿਆਰ ਹੋ ਗਏ। ਮਿਰਜ਼ੇ ਦੇ ਦੁਸ਼ਮਣ ਦਾਰਾ ਬਾਦਸ਼ਾਹ ਨੇ ਉਸਦਾ ਪਿੱਛਾ ਕਰਨ ਤੋਂ ਇਨਕਾਰ ਕੀਤਾ। ਖੀਵੇ ਖ਼ਾਨ ਅਤੇ ਤਾਹਾ ਖ਼ਾਨ ਨੇ ਉਸਨੂੰ ਪਿਛਾਂਹ ਨਾ ਮੁੜਨ ਦਿੱਤਾ। ਮਿਰਜ਼ੇ ਨੇ ਸਾਹਿਬਾਂ ਨੂੰ ਕਿਹਾ, 'ਜ਼ਰਾ ਆਪਣੇ ਗਹਿਣੇ ਛਣਕਾ।' ਸਾਹਿਬਾਂ ਹਿੱਲੀ ਤਾਂ ਉਸਦੇ ਸੋਨੇ ਚਾਂਦੀ ਦੇ ਗਹਿਣਿਆਂ ਦੀ ਛਣਕਾਰ ਹੋਈ। ਛਣਕਾਰ ਸੁਣਦਿਆਂ ਹੀ ਮਿਰਜ਼ੇ ਦੀ ਘੋੜੀ ਨੇ ਮਜ਼ਾਰ ਦੀ ਕੰਧ ਟੱਪ ਲਈ ਤੇ ਸਾਰਿਆਂ ਦੁਸ਼ਮਣਾਂ ਤੋਂ ਦੂਰ ਚਲੀ ਗਈ। ਤਾਹਾ ਖ਼ਾਨ ਨੇ ਤਾਅਨਾ ਮਾਰਿਆ, 'ਮਿਰਜ਼ਿਆ ਬਹਾਦਰ ਹੈਂ ਤਾਂ ਮਰਦਾਂ ਵਾਂਗ ਸਾਹਮਣੇ ਆ। ਔਰਤ ਦੀ ਪਿੱਠ ਦੁਸ਼ਮਣਾਂ ਵਲ ਨਾ ਕਰ।'

ਮਿਰਜ਼ੇ ਨੇ ਘੋੜੀ ਦੀਆਂ ਵਾਗਾਂ ਖਿੱਚੀਆਂ ਅਤੇ ਭੱਥੇ ਵਲ ਨਜ਼ਰ ਮਾਰੀ। ਪਰ ਉਸ ਵਿਚ ਸਿਰਫ਼ ਇਕ ਹੀ ਤੀਰ ਸੀ। ਉਸਨੇ ਸਾਹਿਬਾਂ ਨੂੰ ਕਿਹਾ, 'ਤੂੰ ਇਹ ਚੰਗਾ ਨਹੀਂ ਕੀਤਾ, ਮੇਰਾ ਭੱਥਾ ਖਾਲੀ ਕਰ ਦਿੱਤਾ। ਨਹੀਂ ਤਾਂ ਮੈਂ ਇਨ੍ਹਾਂ ਨਾਲ਼ ਤੇਰੇ ਭਰਾਵਾਂ ਖਾਨ ਸ਼ਮੀਰ (ਹਾਨੀ ਸ਼ਮੀਰ) ਅਤੇ ਲਖਮੀਰ ਦੇ ਨਾਲ਼ ਹੀ ਤੇਰੇ ਪਿਉ ਦੇ ਲਾਖੇ ਘੋੜੇ ਨੂੰ ਵੀ ਖ਼ਤਮ ਕਰ ਦੇਣਾ ਸੀ ਤੇ ਬਾਕੀ ਤੀਰਾਂ ਨਾਲ਼ ਬਾਕੀ ਸਿਆਲ਼ਾਂ ਨੂੰ ਖ਼ਤਮ ਕਰ ਦੇਣਾ ਸੀ। ਪਰ ਹੁਣ ਘੋੜੀ ਉਤਾਵਲ਼ੀ ਹੈ, ਦੁਸ਼ਮਣ ਨੇ ਤਾਅਨਾ ਮਾਰਿਆ ਹੈ ਅਤੇ ਮੈਂ ਬੇਹਥਿਆਰਾ ਖੜਾ ਹਾਂ।' ਫਿਰ ਵੀ ਮਿਰਜ਼ੇ ਨੇ ਇਕੋ ਤੀਰ ਕਮਾਨ 'ਤੇ ਚੜ੍ਹਾਇਆ ਅਤੇ ਇਹ ਕਹਿੰਦਿਆਂ ਚਲਾ ਦਿੱਤਾ ਕਿ, 'ਓ ਸਿਆਲੋ! ਇਧਰ ਆਓ।' ਤੀਰ ਨੇ ਖਾਨ ਸ਼ਮੀਰ ਅਤੇ ਲਖਮੀਰ ਦੋਨਾਂ ਭਰਾਵਾਂ ਨੂੰ ਨਿਸ਼ਾਨਾ ਬਣਾਇਆ ਜਿਹੜੇ ਭਾਲੇ ਤੇ ਤਲਵਾਰ ਨਾਲ਼ ਘੋੜੇ ਟਪਾ ਰਹੇ ਸਨ। ਤੀਰ ਇਕ ਦੀ ਛਾਤੀ ਵਿਚ ਲੱਗਾ ਅਤੇ ਦੂਜੇ ਦੇ ਪੱਟ ਵਿਚ। ਦੋਨੋਂ ਘੋੜਿਆਂ ਤੋਂ ਡਿੱਗ ਪਏ। ਇਨੇ ਨੂੰ ਦੁਸ਼ਮਣ ਹੋਰ ਨੇੜੇ ਆ ਚੁੱਕਾ ਸੀ ਤੇ ਉਨ੍ਹਾਂ ਦੀਆਂ ਆਵਾਜ਼ਾਂ ਉੱਚੀਆਂ ਹੋ ਗਈਆਂ ਸਨ। ਮਿਰਜ਼ੇ ਨੇ ਕਿਹਾ, 'ਮਿਰਜ਼ਾ ਭਾਵੇਂ ਇਕੱਲਾ ਹੈ, ਪਰ ਕਈਆਂ ਨੂੰ ਮਾਰ ਕੇ ਮਰੇਗਾ।' ਮਿਰਜ਼ੇ ਦੀ ਲਾਖੀ ਘੋੜੀ ਨੂੰ ਮਦਾਨ ਦੇ ਵਿਚਕਾਰ ਜਾਣ ਦਾ ਅਭਿਆਸ ਸੀ। ਉਹ ਅਗਾਂਹ ਆਉਂਦੇ ਯੋਧਿਆਂ ਵਲ ਵਧੀ। ਮਿਰਜ਼ੇ ਨੇ ਤਲਵਾਰ ਸੂਤ ਲਈ। ਉਹ ਚਾਰ ਘੜੀਆਂ ਲੜਦਾ ਰਿਹਾ। ਜੋ ਕੋਈ ਉਸਦੇ ਸਾਹਮਣੇ ਆਇਆ ਮਾਰਿਆ ਗਿਆ। ਅਖ਼ੀਰ ਉਸਦਾ ਹੱਥ ਵਿਚ ਏਨਾ ਖ਼ੂਨ ਉੱਤਰ ਆਇਆ ਕਿ ਉਹ ਹੱਥੇ ਵਿਚੋਂ ਕੱਢਣਾ ਮੁਸ਼ਕਲ ਹੋ ਗਿਆ। ਜਦੋਂ ਪੰਜ ਸੌ ਪੰਜਾਹ ਸਿਆਲ਼ ਮਾਰੇ ਗਏ ਜਾਂ ਨਕਾਰਾ ਹੋ ਗਏ ਤਾਂ ਖੀਵਾ ਖ਼ਾਨ ਆਪ ਅਗਾਂਹ ਆ ਕੇ ਬੋਲਿਆ, 'ਰੁੱਕ ਤੂੰ ਮੇਰੇ ਸੈਨਿਕਾਂ ਨੂੰ ਕਿਉਂ ਮਾਰ ਮੁਕਾਇਆ, ਤੂੰ ਮੇਰੇ ਪੁੱਤਰਾਂ ਦਾ ਕਤਲ ਕਿਉਂ ਕੀਤਾ? ਹੁਣ ਜੰਗਬੰਦੀ ਕਰ ਲਈਏ।' ਪਰ ਖੀਵਾ ਖਾਨ ਜੋ ਵੀ ਕਹਿ ਰਿਹਾ ਸੀ ਧੋਖਾ ਦੇਣ ਲਈ ਕਹਿ ਰਿਹਾ ਸੀ। ਜਦੋਂ ਖੀਵਾ ਖ਼ਾਨ ਤੇ ਮਿਰਜ਼ਾ ਗੱਲ ਕਰ ਰਹੇ ਸਨ ਤਾਂ ਤਾਹਾ ਖ਼ਾਨ ਨੇ ਆ ਕੇ ਨੇਜ਼ੇ ਨਾਲ਼ ਮਿਰਜ਼ੇ ਦੇ ਸਿਰ ਪਿੱਛੇ ਵਾਰ ਕੀਤਾ। ਮਿਰਜ਼ੇ ਦੀ ਪੱਗ ਧਰਤੀ 'ਤੇ ਜਾ ਡਿੱਗੀ। ਸਾਹਿਬਾਂ ਵਲ ਮੁੜ ਕੇ ਮਿਰਜ਼ੇ ਨੇ ਕਿਹਾ, 'ਲਾਹਨਤ ਹੈ ਔਰਤ ਦੀ ਯਾਰੀ ਦੇ, ਜਿਹਦੀ ਮੱਤ ਗਿੱਟਿਆਂ ਪਿੱਛੇ ਹੁੰਦੀ ਹੈ। ਉਹ ਯਾਰੀ ਦਾ ਲਾਰਾ ਲਾਉਂਦੀ ਹੈ ਪਰ ਅਖ਼ੀਰ ਧੋਖਾ ਹੀ ਦਿੰਦੀ ਹੈ। ਮੇਰੀ ਪੱਗ ਓਹ ਪਈ ਹੈ, ਸਿਰੋਂ ਮੈਂ ਨੰਗਾ ਹਾਂ। ਮਿਰਜ਼ਾ ਇਕੱਲਾ, ਜਿਸਦੇ ਨਾਲ਼ ਨਾ ਕੋਈ ਸਾਥੀ ਤੇ ਨਾ ਕੋਈ ਭਰਾ, ਇਥੇ ਮਾਰਿਆ ਜਾ ਰਿਹਾ ਹੈ।'

ਖੀਵੇ ਖ਼ਾਨ ਨੇ ਹੱਥ ਵਿਚ ਕਟਾਰ ਛੁਪਾਈ ਹੋਈ ਸੀ। ਉਹ ਕਹਿਣ ਲੱਗਾ, ਮਿਰਜ਼ਿਆ ਤੂੰ ਬਹੁਤਿਆਂ



ਨੂੰ ਕਤਲ ਕਰ ਚੁੱਕਾ ਹੈਂ, ਪਰ ਤੂੰ ਆਪਣੇ ਆਪ ਨੂੰ ਮੌਤ ਦੇ ਮੂੰਹ ਵਿਚ ਕਿਉਂ ਧੱਕ ਰਿਹਾ ਹੈਂ? ਮੈਂ ਚੰਦੜਾਂ ਨੂੰ ਹੋਰ ਕੁੜੀ ਵਿਆਹ ਦਿਆਂਗਾ ਤੇ ਤੂੰ ਸਾਹਿਬਾਂ ਨੂੰ ਲੈ ਜਾਵੀਂ। ਇਸ ਲਈ ਤੂੰ ਮੈਨੂੰ ਸੁਲਾਹ ਦਾ ਸੱਜਾ ਹੱਥ ਫੜਾ।' ਜਿਉਂ ਹੀ ਮਿਰਜ਼ੇ ਨੇ ਸੱਜਾ ਹੱਥ ਫੜਾਇਆ ਖੀਵੇ ਖ਼ਾਨ ਨੇ ਖੰਜਰ ਉਸਦੇ ਆਰ ਪਾਰ ਕਰ ਦਿੱਤਾ। ਸਾਹਿਬਾਂ ਨੂੰ ਉਸਨੇ ਆਪਣੇ ਪਿੱਛੇ ਬਿਠਾਇਆ ਅਤੇ ਘਰ ਵਲ ਚਲ ਪਿਆ। ਮਿਰਜ਼ੇ ਦਾ ਸਰੀਰ ਧਰਤ ਤੇ ਪਿਆ ਲਹੂ ਲੁਹਾਨ ਹੋ ਰਿਹਾ ਸੀ।

ਜਦੋਂ ਸਿਆਲ਼ ਖੀਵੇ ਨਾਲ਼ ਝੰਗ ਨੂੰ ਵਾਪਿਸ ਆ ਰਹੇ ਸਨ ਅਤੇ ਉਹ ਝੰਗ ਸ਼ਹਿਰ ਤੋਂ ਅਜੇ ਤਿੰਨ ਕੋਹ ਪਿੱਛੇ ਹੀ ਸਨ ਕਿ ਸਾਹਿਬਾਂ ਨੇ ਪਿੱਛੇ ਮੁੜ ਕੇ ਦੇਖਿਆ। ਉਸਨੇ ਦੇਖਿਆ ਕਿ ਇੱਲਾਂ, ਕਾਂ ਮਿਰਜ਼ੇ ਦੀ ਲੋਥ ਦੁਆਲ਼ੇ ਮੰਡਰਾ ਰਹੇ ਸਨ। ਉਸਨੂੰ ਆਪਣੇ ਪਿਉ ਦੇ ਘੋੜੇ ਦੀ ਕਾਠੀ ਨਾਲ਼ ਟੰਗਿਆ ਖੰਜਰ ਦਿਖਾਈ ਦਿੱਤਾ। ਉਸਨੇ ਖਿੱਚਿਆ ਅਤੇ ਆਪਣੇ ਸਰੀਰ ਦੇ ਪਾਰ ਕਰ ਲਿਆ ਅਤੇ ਉਹ ਧਰਤੀ 'ਤੇ ਆ ਡਿੱਗੀ। ਜਦੋਂ ਖੀਵੇ ਨੇ ਮੁੜ ਕੇ ਦੇਖਿਆ ਉਸਨੂੰ ਲਹੂ ਨਜ਼ਰੀਂ ਆਇਆ। ਉਸਨੇ ਚੰਧੜਾਂ ਦੇ ਸਰਦਾਰ ਨੂੰ ਕਿਹਾ, 'ਦੋਸਤੋ, ਹੁਣ ਤੁਸੀਂ ਇਹ ਨਹੀਂ ਕਹਿ ਸਕਦੇ ਕਿ ਮੈਂ ਆਪਣਾ ਬੋਲ ਨਹੀਂ ਪੁਗਾਇਆ। ਕੁੜੀ ਨੇ ਆਪਣੇ ਆਪ ਨੂੰ ਖ਼ਤਮ ਕਰ ਲਿਆ ਹੈ।' ਸਾਰੀ ਧਾੜ ਸਾਹਿਬਾਂ ਨੂੰ ਉਥੇ ਛੱਡ ਕੇ ਅਗਾਂਹ ਨਿਕਲ਼ ਗਈ। ਘਾਟੀ ਦੇ ਦੋਨਾਂ ਸਿਰਿਆਂ ਤੇ ਦੋਨਾਂ ਆਸ਼ਿਕਾਂ ਦੀਆਂ ਲਾਸ਼ਾਂ ਪਈਆਂ ਸਨ। ਇਕ ਪਾਸਿਉਂ ਮਿਰਜ਼ੇ ਦਾ ਖ਼ੂਨ ਹੇਠਾਂ ਨੂੰ ਵਹਿ ਰਿਹਾ ਸੀ ਤੇ ਦੂਜੇ ਨਾਲ਼ ਮਿਲ਼ ਗਿਆ। ਜਦੋਂ ਲੋਕਾਂ ਨੇ ਇਹ ਨਜ਼ਾਰਾ ਦੇਖਿਆ ਤਾਂ ਉਹ ਸਹਿਵਨ ਹੀ ਬੋਲ ਪਏ, 'ਇਹੋ ਜਿਹੇ ਆਸ਼ਿਕਾਂ ਨੂੰ ਮਾਰ ਕੇ ਅਸੀਂ ਚੰਗਾ ਨਹੀਂ ਕੀਤਾ।'

ਸਾਹਿਬਾਂ ਨੇ ਮਰਨ ਤੋਂ ਪਹਿਲਾਂ ਜ਼ਖ਼ਮ ਨੂੰ ਆਪਣੇ ਹੱਥ ਨਾਲ਼ ਦੱਬਿਆ ਤਾਂ ਇਕ ਕਾਂ ਉੱਥੇ ਆ ਬੈਠਾ। ਸਾਹਿਬਾਂ ਨੇ ਕਲਮ ਅਤੇ ਕਾਗਜ਼ ਕੱਢਿਆ ਅਤੇ ਲਹੂ ਨਾਲ਼ ਕਾਗਜ਼ 'ਤੇ ਲਿਖਿਆ ਅਤੇ ਕਾਂ ਹੱਥ ਸੁਨੇਹਾ ਦਿੱਤਾ, 'ਓ ਕਾਗਾ ਇਹ ਖ਼ਤ ਰਾਵੀ ਦੇ ਇਬਰਾਹੀਮ ਖ਼ਾਨ ਖਰਲ ਨੂੰ ਜਾ ਦਈਂ।' ਖ਼ਤ ਵਿਚ ਲਿਖਿਆ ਸੀ, 'ਮਿਰਜ਼ਾ ਤੇ ਸਾਹਿਬਾਂ ਟਾਹਲੀ ਥੱਲੇ ਵੱਢੇ ਗਏ ਹਨ। ਪੀਲੂ ਸ਼ਾਇਰ ਨੂੰ ਕਹਿਣਾ ਕਿ ਇਸ ਕਿੱਸੇ ਨੂੰ ਇਵੇਂ ਕਵਿਤਾ ਵਿਚ ਢਾਲ਼ੇ ਕਿ ਉਨ੍ਹਾਂ ਦੀ ਕਹਾਣੀ ਕਿਆਮਤ ਤਕ ਯਾਦ ਰੱਖੀ ਜਾਏ।'

ਕਾਂ ਖ਼ਤ ਲੈ ਗਿਆ। ਇਬਰਾਹੀਮ ਖ਼ਾਨ ਨੇ ਖ਼ਤ ਪੜ੍ਹਿਆ ਅਤੇ ਮਿਰਜ਼ੇ ਦੀ ਮਾਂ ਨੂੰ ਦੱਸਿਆ, 'ਤੇਰਾ ਪੁੱਤਰ ਝੰਗ ਸਿਆਲ਼ਾਂ ਤੋਂ ਪੰਜ ਕੋਹ ਦੂਰ ਵੱਢਿਆ ਪਿਆ ਹੈ। ਕੀ ਉਸਦੀ ਲਾਸ਼ ਲਿਆਉਣੀ ਹੈ?'

'ਜੇ ਉਹ ਉੱਥੇ ਆ ਕੇ ਵੱਢਿਆ ਗਿਆ ਹੈ ਤਾਂ,' ਉਹ ਬੋਲੀ, 'ਉਸਦੀ ਲਾਸ਼ ਲਿਆਉਣ ਲਈ ਬੰਦੇ ਭੇਜੋ।'

ਖਰਲਾਂ ਦੇ ਸਰਦਾਰ ਨੇ ਆਪਣੇ ਚੌਵੀ ਹਜ਼ਾਰ ਬੰਦਿਆਂ ਨੂੰ ਬੁਲਾ ਭੇਜਿਆ। ਇਨ੍ਹਾਂ ਵਿਚੋਂ ਬਾਰਾਂ ਹਜ਼ਾਰ ਘੋੜ ਸਵਾਰ ਸਨ ਅਤੇ ਬਾਰਾਂ ਹਜ਼ਾਰ ਮੱਝਾਂ/ਝੋਟਿਆਂ 'ਤੇ ਸਵਾਰ। ਝੋਟੇ ਜਿਨ੍ਹਾਂ ਦੇ ਸਿੰਗ ਨੇਜ਼ਿਆਂ ਵਰਗੇ ਸਨ। ਸਾਰੇ ਸਵਾਰ ਹੋ ਕੇ ਟੇਢੀ ਟਾਹਲੀ ਕੋਲ਼ ਪਹੁੰਚ ਗਏ। ਉੱਥੇ ਉਹ ਕੀ ਦੇਖਦੇ ਹਨ ਕਿ ਮਿਰਜ਼ੇ ਦੀ ਘੋੜੀ ਉਸਦੀ ਲਾਸ਼ ਕੋਲ਼ ਖੜੀ ਹੈ। ਮਿਰਜ਼ੇ ਦੀ ਲਾਸ਼ ਸ਼ਹੀਦ ਦੀ ਲਾਸ਼ ਵਾਂਗ ਦਮਕਾਂ ਮਾਰ ਰਹੀ ਹੈ। ਸਾਰੀ ਧਾੜ ਦੁੱਖ ਵਿਚ ਡੁੱਬ ਗਈ। ਉਨ੍ਹਾਂ ਨੇ ਮਿਰਜ਼ੇ ਅਤੇ ਸਾਹਿਬਾਂ ਦੀਆਂ ਲਾਸ਼ਾਂ ਨੂੰ ਇਕ ਡੋਲ਼ੀ ਵਿਚ ਪਾ ਕੇ ਟਾਹਲੀ ਕੋਲ਼ ਰੱਖਿਆ ਅਤੇ ਉਸ ਉਪਰ ਪਹਿਰਾ ਬਿਠਾ ਦਿੱਤਾ। ਆਪ ਸਾਰੇ ਝੰਗ ਸਿਆਲ਼ਾਂ ਨਾਲ਼ ਦੋ ਹੱਥ ਕਰਨ ਲਈ ਅੱਗੇ ਨਿਕਲ਼ ਗਏ। ਚੰਧੜ ਅਜੇ ਵੀ ਝੰਗ ਵਿਚ ਹੀ ਸਨ। ਉਨ੍ਹਾਂ ਖੀਵੇ ਕੋਲ਼ੋਂ ਸਾਹਿਬਾਂ ਦੀ ਲਾਸ਼ ਮੰਗੀ, 'ਤੂੰ ਲਾਸ਼ ਜਿੱਥੇ ਛੱਡ ਆਇਆਂ। ਸਾਨੂੰ ਉਸਦੀ ਲਾਸ਼ ਦੇ ਤਾਂ ਕਿ ਅਸੀਂ ਉਸਨੂੰ ਆਪਣੇ ਲੋਕਾਂ ਵਿਚ ਦਫ਼ਨਾ ਸਕੀਏ।'

ਖੀਵੇ ਨੇ ਜਵਾਬ ਦਿੱਤਾ, 'ਜ਼ਿੰਦਾ ਸੀ ਤਾਂ ਮੈਂ ਤੁਹਾਨੂੰ ਸੌਂਪ ਦਿੱਤੀ ਸੀ। ਹੁਣ ਉਹ ਮਰ ਚੁੱਕੀ ਹੈ ਤੇ ਉੱਥੇ ਹੀ ਪਈ ਹੈ। ਜਾਓ ਤੇ ਆਪ ਉਸਦੀ ਲਾਸ਼ ਲੈ ਆਓ।' ਪਰ ਚੰਧੜ ਉਥੇ ਜਾਣੋਂ ਡਰਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਉਥੇ ਖਰਲ ਜ਼ਰੂਰ ਹੋਣਗੇ।

ਦੋਨੋਂ ਪਾਸੇ ਇਕ ਵਾਰ ਫਿਰ ਭਿੜ ਪਏ। ਸੱਤ ਸੌ ਸਿਆਲ਼ ਅਤੇ ਚੰਧੜ ਹੋਰ ਮਾਰੇ ਗਏ। ਖੀਵੇ ਨੇ

ਲੜਾਈ ਬੰਦ ਕਰਨ ਦਾ ਵਾਸਤਾ ਪਾਇਆ, 'ਮੇਰਾ ਸ਼ਹਿਰ ਲੈ ਲਉ,' ਉਹ ਕਹਿਣ ਲੱਗਾ, 'ਮਿਰਜ਼ੇ ਦੇ ਬਦਲੇ ਵਿਚ ਜੋ ਮਰਜ਼ੀ ਲੈ ਲਉ।'

ਪਰ ਖਰਲਾਂ ਨੇ ਮੋੜ ਕੀਤਾ, 'ਤੇਰੇ ਲਈ ਜੰਗਬੰਦੀ ਕਦੇ ਨਹੀਂ।

ਮਿਰਜ਼ੇ ਦਾ ਬਦਲਾ ਉਦੋਂ ਤਕ ਪੂਰਾ ਨਹੀਂ ਹੋਵੇਗਾ ਜਦੋਂ ਤਕ ਸਾਰੇ ਸ਼ਹਿਰ ਨੂੰ ਜਲ਼ਾ ਕੇ ਸੁਆਹ ਨਹੀਂ ਕਰ ਦਿੱਤਾ ਜਾਂਦਾ।' ਇਉਂ ਲੜਾਈ ਜਾਰੀ ਰਹੀ, ਉਦੋਂ ਤਕ ਸ਼ਹਿਰ ਦਾ ਕੋਈ ਵੀ ਜੀਅ ਜ਼ਿੰਦਾ ਨਹੀਂ ਬਚਿਆ। ਖੀਵੇ ਤੇ ਉਸਦੀ ਬੀਵੀ ਜੀਮੀਆਬ ਨੂੰ ਬੰਦੀ ਬਣਾ ਕੇ ਖਰਲਾਂ ਕੋਲ਼ ਭੇਜ ਦਿੱਤਾ ਗਿਆ। ਜੇਤੂ ਖਰਲਾਂ ਨੇ ਝੰਗ ਨੂੰ ਆਪਣੇ ਦਾਬੇ ਹੇਠ ਕਰ ਲਿਆ। ਉਨ੍ਹਾਂ ਉਥੇ ਆਪਣਾ ਆਦਮੀ ਛੱਡ ਦਿੱਤਾ।

ਜਦੋਂ ਖੀਵਾ ਅਤੇ ਉਸਦੀ ਬੀਵੀ ਟੇਢੀ ਟਾਹਲੀ ਕੋਲ਼ ਪਹੁੰਚੇ ਤਾਂ ਉਹ ਉਥੇ ਠਹਿਰ ਗਏ। ਉਨ੍ਹਾਂ ਨੇ ਪਹਿਰੇਦਾਰਾਂ ਨੂੰ ਪੁੱਛਿਆ, ਸਾਨੂੰ ਦੱਸੋ ਕਿ ਇਹ ਮਿਰਜ਼ੇ ਤੇ ਸਾਹਿਬਾਂ ਦੀਆਂ ਲਾਸ਼ਾਂ ਹੀ ਹਨ ?'

'ਹਾਂ,' ਪਹਿਰੇਦਾਰਾਂ ਦੱਸਿਆ, 'ਇਹ ਉਨ੍ਹਾਂ ਦੀਆਂ ਲਾਸ਼ਾਂ ਹੀ ਹਨ।'

'ਤਾਂ ਤੇ,' ਖੀਵੇ ਤੇ ਜੀਮੀਆਬ ਮਾਈ ਨੇ ਕਿਹਾ, 'ਦੋਹਾਂ ਕਬੀਲਿਆਂ ਨੂੰ ਟੇਢੀ ਟਾਹਲੀ ਹੇਠ ਦੋਨਾਂ ਦੀ ਥਾਂ ਬਣਾਉਣੀ ਚਾਹੀਦੀ ਹੈ। ਇਹ ਟਾਹਲੀ ਸਾਡੇ ਦੋਨਾਂ ਕਬੀਲਿਆਂ ਦੀ ਹੱਦ ਹੈ। ਇਸ ਤਰ੍ਹਾਂ ਦੋਨੋਂ ਕਬੀਲੇ ਆਉਣ ਵਾਲ਼ੇ ਸਮੇਂ ਵਿਚ ਇਕ ਹੋ ਕੇ ਰਹਿ ਸਕਣਗੇ।'

ਪਰ ਇਬਰਾਹੀਮ ਖ਼ਾਨ ਨੇ ਕਿਹਾ, 'ਨਹੀਂ, ਉਨ੍ਹਾਂ ਦਾ ਮਕਬਰਾ ਖਰਲ ਦੇਸ਼ ਵਿਚ ਹੀ ਬਣਾਇਆ ਜਾਵੇਗਾ। ਦੋਨੋਂ ਨੂੰ ਉਥੇ ਹੀ ਆਰਾਮ ਮਿਲੇਗਾ।

ਖਰਲ ਦੋਨਾਂ ਦੀਆਂ ਲਾਸ਼ਾਂ ਨੂੰ ਘਰ ਲੈ ਗਏ। ਉਥੇ ਉਨ੍ਹਾਂ ਨੇ ਉਨ੍ਹਾਂ ਦੀ ਯਾਦ ਬਣਵਾਈ। ਅੱਜ ਵੀ ਦੋਨੋਂ ਮਿਰਜ਼ਾ ਤੇ ਸਾਹਿਬਾਂ ਉੱਥੇ ਹੀ ਆਰਾਮ ਕਰ ਰਹੇ ਹਨ।

ਇਬਰਾਹੀਮ ਖਾਨ ਨੇ ਖੀਵੇ ਖ਼ਾਨ ਅਤੇ ਜੀਮੀਆਬ ਨੂੰ ਕਿਹਾ, 'ਤੁਸੀਂ ਹੁਣ ਇਕੱਲੇ ਹੀ ਰਹਿ ਗਏ ਹੋ। ਤੁਹਾਡੇ ਕੋਈ ਧੀ ਪੁੱਤ ਵੀ ਨਹੀਂ। ਝੰਗ ਵਿਚ ਕੋਈ ਨਾ ਕੋਈ ਚਿੰਚੜੀ ਛਿੜੀ ਰਹਿੰਦੀ ਹੈ। ਤੁਸੀਂ ਇਥੇ ਹੀ ਰਹੋ ?

'ਓ ਪੁੱਤਰ, ਖੀਵੇ ਨੇ ਅਰਜ਼ ਕੀਤੀ, 'ਸਾਨੂੰ ਵਾਪਿਸ ਜਾਣ ਦਿਉ। ਸਾਨੂੰ ਖਾਣ ਨੂੰ ਰੋਟੀ ਤੇ ਪਹਿਨਣ ਨੂੰ ਕੱਪੜਾ ਦੇ ਦੇਣਾ, ਪਰ ਅਸੀਂ ਝੰਗ ਵਿਚ ਹੀ ਦਫ਼ਨ ਹੋਣਾ ਚਾਹੁੰਦੇ ਹਾਂ।'

'ਠੀਕ ਹੈ,' ਇਬਰਾਹੀਮ ਖ਼ਾਨ ਨੇ ਕਿਹਾ। ਉਸਨੇ ਉਨ੍ਹਾਂ ਨੂੰ ਘੋੜੇ ਦੇ ਕੇ ਵਾਪਿਸ ਭੇਜ ਦਿੱਤਾ ਅਤੇ ਉਨ੍ਹਾਂ ਨੂੰ ਝੰਗ ਦਾ ਸਾਮੰਤ ਬਣਾ ਦਿੱਤਾ।

*(ਪੰਜਾਬ ਦੀਆਂ ਰੁਮਾਂਟਕਿ ਕਥਾਵਾਂ ਅਨੁਵਾਦ : ਡਾ. ਕਰਮਜੀਤ ਸਿੰਘ)*

# ਸਬਾਲਟਰਨ (ਗੁਰਦਿਆਲ ਸਿੰਘ ਦੇ ਨਾਵਲਾਂ ਦੀ ਪਰਿਕਰਮਾ)

*—ਹਰਪ੍ਰੀਤ ਕੌਰ ਬੰਗਾ*

ਪਿਛਲੇ ਕੁਝ ਸਮਿਆਂ ਤੋਂ ਸਾਹਿਤ ਦੇ ਖੇਤਰ ਵਿਚ ਮਹੱਤਵਪੂਰਨ ਵਿਸ਼ਿਆਂ ਉਪਰ ਖੋਜ ਕਾਰਜ ਹੋ ਰਹੇ ਹਨ। ਵਿਦਵਾਨ ਅਧਿਆਪਕ ਆਪਣੇ ਹੋਣਹਾਰ ਖੋਜਾਰਥੀਆਂ ਤੋਂ ਨਵੇਂ ਅਤੇ ਵਿਲੱਖਣ ਵਿਸ਼ਿਆਂ ਉਪਰ ਧਿਆਨ ਕੇਂਦਰਿਤ ਕਰਵਾ ਰਹੇ ਹਨ। ਬੜਾ ਕੁਝ ਹਲਕੇ ਪੱਧਰ ਦਾ ਕਾਰਜ ਵੀ ਡਿਗਰੀ ਲੈਣ ਦੀ ਆੜ ਹੇਠ ਹੋ ਰਿਹਾ ਹੈ। ਕਿਤੇ ਅਚਾਨਕ ਹੀ ਨਵਾਂ ਅਤੇ ਮਿਹਨਤ ਨਾਲ ਕੀਤਾ ਕਾਰਜ ਨਜ਼ਰੀ ਪੈਂਦਾ ਹੈ, ਅਜਿਹੀ ਹੀ ਨਵਾਂ ਅਤੇ ਮਿਹਨਤ ਨਾਲ ਕੀਤਾ ਕਾਰਜ ਵੀ ਨਜ਼ਰੀਂ ਪੈਂਦਾ ਹੈ। ਅਜਿਹੀ ਹੀ ਇਕ ਪੁਸਤਕ



ਪਟਿਆਲਾ ਯੂਨੀਵਰਸਿਟੀ ਦੀ ਖੋਜਾਰਥੀ ਹਰਪ੍ਰੀਤ ਕੌਰ ਬੰਗਾ ਦੀ ਸਬਾਲਟਰਨ (ਗੁਰਦਿਆਲ ਸਿੰਘ ਦੇ ਨਾਵਲਾਂ ਦੀ ਪਰਿਕਰਮਾ) ਪ੍ਰਾਪਤ ਹੋਈ ਹੈ। ਇਸ ਭਾਂਤ ਦਾ ਪੰਜਾਬੀ ਭਾਸ਼ਾ ਵਿਚ ਇਹ ਪਹਿਲਾ ਯਤਨ ਹੈ। 'ਸਬਾਲਟਰਨ' ਸ਼ਬਦ ਦਾ ਪੰਜਾਬੀ ਰੂਪ 'ਹਾਸ਼ੀਆਗਤ' ਵਰਤਿਆ ਜਾਂਦਾ ਹੈ। ਇਸ ਸੰਕਲਪ ਵਿਚ ਉਹ ਸਭ ਲੋਕ ਸਮੂਹ ਹਨ, ਜੋ ਆਪਣੇ ਮੁੱਢਲੇ ਅਧਿਕਾਰਾਂ ਤੋਂ ਵਾਂਝੇ/ਵੰਚਿਤ ਹਨ। ਉਹ ਅਧੀਨਗੀ ਵਾਲਾ ਜੀਵਨ ਬਸਰ ਕਰਦੇ ਹਨ। ਜੋ ਸ਼ੋਸ਼ਿਤ ਅਤੇ ਦੱਬੇ-ਕੁਚਲੇ ਹਨ। ਜੀਵਨ ਦੀ ਮੁੱਖ ਧਾਰਾ ਵਿਚ ਇਹਨਾਂ ਦੀ ਕੋਈ ਪੁੱਛ-ਗਿੱਛ ਨਹੀਂ ਹੈ। ਇਹਨਾਂ ਨੂੰ ਦੁੱਖ ਅਤੇ ਪੀੜਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਅੰਗਰੇਜ਼ੀ ਦੇ ਇਸ ਸ਼ਬਦ ਦੀ ਵਰਤੋਂ ਫੌਜ ਦੇ ਛੋਟੇ ਰੈਂਕਾਂ ਲਈ ਕੀਤੀ ਜਾਂਦੀ ਸੀ। ਡਾ. ਗੁਰਨਾਇਬ ਸਿੰਘ ਦੇ ਸ਼ਬਦਾਂ ਵਿਚ-

ਸਬਾਲਟਰਨ ਨੂੰ ਉਸ ਦੀ ਭਾਵਨਾ ਦੇ ਪੱਖ ਤੋਂ ਵਿਚਾਰੀਏ ਤਾਂ ਇਹ ਪੰਜਾਬੀ ਸਾਹਿਤ ਰਚਨਾ ਦੇ ਪ੍ਰਮੁੱਖ ਸਰੋਕਾਰਾਂ ਵਿਚ ਸ਼ਾਮਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਬਾਣੀ ਦੇ ਕੇਂਦਰੀ ਵਿਚਾਰ ਦਾ ਇਹ ਭਾਗ ਹੈ। ......ਪਰ ਸਾਹਿਤ ਸਿਰਜਣਾ/ਰਚਨਾ ਦੇ ਪੱਖ ਤੋਂ ਅਲੱਗ ਪੰਜਾਬੀ ਸਾਹਿਤ ਅਧਿਐਨ ਤੇ ਖੋਜ ਲਈ ਮਾਰਕਸਵਾਦ ਦੇ ਹਵਾਲੇ ਨਾਲ ਆਰੰਭ ਹੋਈ ਇਹ ਨਵੀਂ ਗੱਲ ਹੈ। (ਪੰਨਾ 102)

ਇਸ ਪੁਸਤਕ ਵਿਚ ਲੇਖਿਕਾ ਨੇ ਸਬਾਲਟਰਨ ਦੀ ਦ੍ਰਿਸ਼ਟੀ ਤੋਂ ਗੁਰਦਿਆਲ ਸਿੰਘ ਦੇ ਤਿੰਨ ਨਾਵਲਾਂ (ਮੜ੍ਹੀ ਦਾ ਦੀਵਾ, ਅੱਧ-ਚਾਨਣੀ ਰਾਤ ਤੇ ਅੰਨ੍ਹੇ ਘੋੜੇ ਦਾ ਦਾਨ) ਦਾ ਅਧਿਐਨ ਕੀਤਾ ਹੈ।

ਗੁਰਦਿਆਲ ਸਿੰਘ ਆਪਣੇ ਇਹਨਾਂ ਨਾਵਲਾਂ ਵਿਚ ਪਾਤਰਾਂ ਦੀ ਸਿਰਜਣਾ ਰਾਹੀਂ ਸਬਾਲਟਰਨ ਦੀਆਂ ਸਮਸਿਆਵਾਂ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਉਹ ਅਜਿਹਾ ਕਰਦੇ ਸਮੇਂ ਬਹੁਤ ਸੂਖਮ ਢੰਗ ਨਾਲ ਪੰਜਾਬੀ ਭਾਸ਼ਾ ਵਿਚ ਪਹਿਲੀ ਵਾਰੀ ਇਸ ਵਿਧੀ ਦੀ ਵਰਤੋਂ ਕਰਦਾ ਹੈ। ਗੁਰਦਿਆਲ ਸਿੰਘ ਨੇ 'ਮੜ੍ਹੀ ਦਾ ਦੀਵਾ' ਨਾਵਲ ਵਿਚ ਸਬਾਲਟਰਨ ਦੇ ਅਧੀਨ ਆਉਣ ਵਾਲੀਆਂ ਮੁੱਖ ਸ਼੍ਰੇਣੀਆਂ ਜਿਵੇਂ-ਦਲਿਤਾਂ, ਔਰਤਾਂ, ਕਬੀਲਿਆਂ ਦੇ ਆਰਥਕ ਅਤੇ ਸਮਾਜਕ ਯਥਾਰਥ ਨੂੰ ਪੇਸ਼ ਕਰਕੇ ਨਵੀਂ ਚੇਤਨਾ ਦੇ ਪੈਦਾ ਹੋਣ ਦਾ ਪ੍ਰਗਟਾਵਾ ਕੀਤਾ ਹੈ।

'ਅੱਧ ਚਾਨਣੀ ਰਾਤ' ਨਾਵਲ ਦੇ ਪਾਤਰ ਹਾਸ਼ੀਆਗਤ ਪਾਤਰ ਹਨ। ਇਹ ਪਾਤਰ ਦੁਖਾਂਤ ਦੀਆਂ ਪ੍ਰਸਥਿਤੀਆਂ ਸੰਗ ਵਿਚਰਦੇ ਹੋਏ ਸਾਰਾ ਜੀਵਨ ਦੁੱਖਾਂ ਦੇ ਭਾਗੀ ਬਣਦੇ ਹਨ। ਇਹ ਨਾਵਲ ਧਨੀ ਕਿਸਾਨੀ ਦੇ ਸ਼ੋਸ਼ਣ ਦਾ ਸ਼ਿਕਾਰ ਬਣਨ ਵਾਲੀ ਛੋਟੀ ਕਿਸਾਨੀ ਦੇ ਸਬਾਲਟਰਨ ਦੇ ਘੇਰੇ ਵਿਚ ਆਉਂਦਾ ਹੈ।

'ਅੰਨ੍ਹੇ ਘੋੜੇ ਦਾ ਦਾਨ' ਨਾਵਲ ਵਿਚ ਭੂਮੀਹੀਣ ਮਜ਼ਦੂਰ ਵਰਗ ਦੀਆਂ ਮੁਸ਼ਕਲਾਂ ਭਰਪੂਰ ਹਾਲਤਾਂ ਦਾ ਵਰਣਨ ਕੀਤਾ ਹੈ। ਜਗੀਰਦਾਰੀ ਪ੍ਰਣਾਲੀ ਵਿਚ ਕਿਰਤੀ ਲੋਕ ਕਈ ਪ੍ਰਕਾਰ ਦੇ ਦੁੱਖ ਭੋਗਦੇ ਹਨ। ਇਹਨਾਂ ਹਾਸ਼ੀਆਗਤ ਲੋਕਾਂ ਨੂੰ ਅਜਿਹਾ ਜੀਵਨ ਜੀਉਣਾ ਔਖਾ ਹੁੰਦਾ ਹੈ।

ਸਬਾਲਟਰਨ ਸੰਕਲਪ ਨੂੰ ਵਿਚਾਰਨ ਤੇ ਸਥਾਪਤ ਕਰਨ ਵਾਲਾ ਇਟਲੀ ਦਾ ਵਿਦਵਾਨ ਅਨਤੋਨੀਉ ਗ੍ਰਾਮਸੀ ਮੰਨਿਆ ਜਾਂਦਾ ਹੈ। ਗ੍ਰਾਮਸੀ ਯੂਰਪ ਵਿਚ ਸਮਾਜਵਾਦ ਦੇ ਸੰਕਲਪ ਨੂੰ ਸਮਰਪਿਤ ਉਹ ਯੋਧਾ ਸੀ ਜੋ ਸਾਢੇ ਗਿਆਰਾਂ ਸਾਲ ਇਟਲੀ ਦੀ ਤਾਨਾਸ਼ਾਹੀ ਖਿਲਾਫ਼ ਵਿਦਰੋਹ ਕਰਦਾ ਹੋਇਆ ਜੇਲ੍ਹ ਵਿਚ ਹੀ ਸ਼ਹੀਦ ਹੋ ਜਾਂਦਾ ਹੈ। ਗ੍ਰਾਮਸੀ ਨੇ ਲਗਾਤਾਰ ਕਿਰਤੀ ਲੋਕਾਂ, ਰਾਜਨੀਤਕ ਮਸਲਿਆਂ ਅਤੇ ਇਤਿਹਾਸਕ ਵਿਸ਼ਿਆਂ ਉਪਰ ਬਹੁਤ ਗੰਭੀਰ ਕਾਰਜ ਕੀਤਾ ਹੈ। ਇਸ ਸੰਕਲਪ ਨੇ ਉਸ ਤੋਂ ਬਾਅਦ ਪ੍ਰਭਾਵਸ਼ਾਲੀ ਸ਼ੁਰੂਆਤ ਕੀਤੀ ਅਤੇ ਵਿਸ਼ਵ ਪੱਧਰ ਤੇ ਵਿਕਾਸ ਕੀਤਾ। ਇਹ ਪੁਸਤਕ ਪੰਜਾਬੀ ਭਾਸ਼ਾ ਵਿਚ ਇਸ ਸੰਕਲਪ ਨੂੰ ਸਥਾਪਤ ਕਰਨ ਵਿਚ ਮੀਲ-ਪੱਥਰ ਸਾਬਤ ਹੁੰਦੀ ਹੈ।

*ਡਾ. ਹਰਪ੍ਰੀਤ ਸਿੰਘ ਹੁੰਦਲ*

ਵਾਹਗਿਓਂ ਪਾਰ ਪੰਜਾਬੀ ਕਹਾਣੀ

# ਕਹਾਣੀਆਂ ਦੀਆਂ ਕਿਰਚਾਂ

*—ਅਫ਼ਜ਼ਲ ਤੌਸੀਫ਼*

ਪਿਛਲੇ ਸਾਲ ਉਹਨਾਂ ਦਿਨਾਂ ਦੀ ਗੱਲ ਏ

ਉਹ ਸਾਰੇ ਮੇਰੇ ਬੁੱਢੇ ਤਾਏ ਨੂੰ ਸ਼ਹਿਰ ਚੁੱਕ ਲਿਆਏ, ਉਸ ਪਿੰਡ ਤੋਂ ਜਿਹਨੇ ਉਹਨਾਂ ਸਾਰਿਆਂ ਨੂੰ ਜਨਮ ਦਿੱਤਾ, ਨਾਲ ਰਿਜਕ ਵੀ ਦਿੱਤਾ। ਸ਼ਹਿਰ ਤੇ ਸ਼ਹਿਰ ਵਾਲਿਆਂ ਨੂੰ ਵੀ। ਉਹ ਸਾਰੇ ਸਨ ਕੌਣ ? ਤਾਏ ਦੀ ਆਪਣੀ ਆਲ-ਔਲਾਦ ਤੋਂ ਛੁੱਟ ਕੌਣ ਹੋ ਸਕਦੇ ਸਨ। ਉਹਨਾਂ ਨੂੰ ਇਹ ਕਰਨਾ ਈ ਪਿਆ, ਕਿਉਂ ਜੋ ਤਾਇਆ ਉਥੇ ਪਿੰਡ ਵਿੱਚ ਇਕੱਲਾ ਹੀ ਰਹਿ ਗਿਆ ਸੀ। ਟੱਬਰ ਦੇ ਸਾਰੇ ਪੰਛੀ ਸ਼ਹਿਰ ਵੱਲ ਉਡਾਰੀ ਮਾਰ ਗਏ ਸਨ। ਹੁਣ ਤਾਇਆ ਉਥੇ ਆਪਣੇ ਪੁਰਾਣੇ ਕੱਚੇ ਮਕਾਨ ਵਿੱਚ ਪੁਰਾਣੀਆਂ ਯਾਦਾਂ ਦੀ ਸੰਗਤ ਵਿਚ ਰਹਿੰਦਾ ਸੀ। ਉਂਝ ਤਾਂ ਪਿੰਡ ਵਿੱਚ ਨਵੇਂ ਪੁਰਾਣੇ ਬਥੇਰੇ ਲੋਕੀਂ ਹੈ ਸਨ, ਪਰ ਖਾਸ ਆਪਣਾ ਕੋਈ ਨਹੀਂ ਸੀ ਰਹਿ ਗਿਆ। ਕੁਝ ਮਰ ਗਏ ਕੁਝ ਕਮਾਉਣ ਚਲੇ ਗਏ। ਬਾਕੀ ਕਮਾਵਣ ਵਾਲਿਆਂ ਦੇ ਪਿੱਛੇ ਪਿੱਛੇ ਨਿਕਲ ਗਏ। ਏਥੇ ਲਾਹੌਰ ਸ਼ਹਿਰ ਵਿਚ ਤਾਏ ਦਾ ਪੁੱਤਰ, ਨੂੰਹ, ਪੋਤੇ ਪੋਤਰੀਆਂ ਸਾਰੇ ਆਪਣੇ ਪੱਕੇ ਫਰਸ਼ ਵਾਲੇ ਮਕਾਨ ਵਿਚ ਰਹਿੰਦੇ ਸਨ, ਜਿਹੜਾ ਪੱਕੀ ਗਲੀ ਤੇ ਪੱਕੀ ਸੜਕ ਨਾਲ ਜੁੜਿਆ ਹੋਇਆ ਸੀ।

ਤਾਏ ਨੇ ਏਥੇ ਆ ਕੇ ਬੜਾ ਰੋਸ ਕੀਤਾ। ਆਪਣੇ ਪਿੰਡ ਦੀ ਯਾਦ ਨਾਲ ਉਹਨੇ ਸ਼ਹਿਰ ਦੀ ਜ਼ਿੰਦਗੀ ਤੋਂ ਅਵਾਜਾਰੀ ਦਾ ਸਾਫ਼ ਐਲਾਨ ਕਰ ਦਿੱਤਾ। "ਕਿਉਂ ਮੇਰੀ ਮਿੱਟੀ ਖਰਾਬ ਕਰਦੇ ਓ।" ਅੱਖਾਂ ਵਿੱਚ ਅੱਥਰੂ ਭਰ ਕੇ ਉਹਨੇ ਮੁੜ ਮੁੜ ਆਖਿਆ। ਕਦੇ ਹੌਲੀ ਕਦੇ ਉੱਚੀ ਆਵਾਜ਼ ਵਿਚ। "ਮੇਰਾ ਅਖੀਰ ਪਹਿਰਾ ਏ। ਮੈਨੂੰ ਉਥੇ ਹੀ ਛੱਡ ਆਓ। ਮੈਂ ਆਪਣੇ ਘਰ ਵਿੱਚ ਰਹਾਂਗਾ। ਅੰਤ ਸਮੇਂ ਮੈਨੂੰ ਓਥੇ ਜ਼ਰੂਰ ਹੋਣਾ ਚਾਹੀਦਾ ਏ।"

"ਪਰ ਅੱਬਾ ਜੀ, ਇਹ ਘਰ ਵੀ ਤੁਹਾਡਾ ਏ। ਦੱਸੋ ਏਥੇ ਤੁਹਾਨੂੰ ਕੋਈ ਤਕਲੀਫ ਏ ? ਅਸੀਂ ਤਾਬਿਆਦਾਰ ਹਾਂ। ਕੁਝ ਦਿਨ ਸਾਡੇ ਕੋਲ ਵੀ ਰਹੋ।" ਉਸ ਦੀ ਨੂੰਹ ਮੱਖਣ ਵਰਗੇ ਮੁਲਾਇਮ ਲਹਿਜੇ ਵਿਚ ਕਹਿੰਦੀ।

"ਏਥੇ ਤਕਲੀਫ ਈ ਤਕਲੀਫ ਏ। ਇੱਕ ਤਾਂ ਇਹ ਪੱਕਾ ਫਰਸ਼ ਤਾਏ ਨੇ ਚਿਪਸ ਵਾਲੇ ਫਰਸ਼ ਨੂੰ ਹੱਥ ਲਾਇਆ। ਮੇਰੇ ਪੈਰਾਂ ਨੂੰ ਇਹ ਠੰਢਾ ਬਹੁਤ ਲੱਗਦਾ ਏ" ਨੂੰਹ ਹੱਸ ਪਈ "ਤੁਸੀਂ ਜੁੱਤੀ ਪਾ ਕੇ ਨਹੀਂ ਰੱਖਦੇ।"

"ਲੈ ਦੱਸ, ਝੱਲੀ ਨਾ ਹੋਵੇ ਤਾਂ। ਬਾਹਰ ਦੀ ਜੁੱਤੀ ਘਰ ਦੇ ਅੰਦਰ ਸਾਡੀਆਂ ਪੁਸ਼ਤਾਂ ਵਿਚ ਕਿਸੇ ਨੇ ਨਹੀਂ ਪਾਈ।" ਜੱਦੀ-ਪੁਸ਼ਤੀ ਤਹਿਜ਼ੀਬ ਦੀ ਗੱਲ ਸੀ। ਜੁੱਤੀ ਸਰਦਲ ਤੋਂ ਬਾਹਰ ਲਾਹ ਕੇ ਪੈਰ ਪਾਵਣ ਦੀ। ਤਾਇਆ ਉਸ ਨੂੰ ਨਿਭਾਵਣ ਵਾਲਾ ਅਖੀਰਲਾ ਬੰਦਾ ਸੀ।

ਦੂਜੇ ਦਿਨ ਨੂੰਹ ਨੇ ਸਹੁਰੇ ਦੇ ਮਸਲੇ ਦਾ ਹੱਲ ਬਜਾਰੋਂ ਖਰੀਦ ਲਿਆਂਦਾ। ਨਵੇਂ ਸਲੀਪਰ ਲਿਆ ਕੇ ਅੱਗੇ ਰੱਖ ਦਿੱਤੇ, "ਤੁਸੀਂ ਇਹ ਪਾਇਆ ਕਰੋ ਅੱਬਾ ਜੀ। ਬੜੇ ਹੌਲੇ ਤੇ ਨਰਮ ਨੇ, ਵੇਖੋ ਅੰਦਰ ਫਲਾਲੀਨ ਦਾ ਅਸਤਰ ਵੀ ਲੱਗਿਆ ਹੋਇਆ ਹੈ।"

"ਨਾ, ਨਾ ਕਾਕੀ" ਤਾਏ ਨੇ ਰੰਗਹੀਨ ਦੇ ਸਲੀਪਰ ਪਰਾਂ ਹਟਾ ਕੇ ਆਖਿਆ,

"ਮੈਨੂੰ ਤਾਂ ਚਮਾਰੂ ਜੁੱਤੀ ਠੀਕ ਰਹਿੰਦੀ ਏ।" "ਚੰਗਾ ਕੱਲ੍ਹ ਨੂੰ ਚੱਕ ਜਾ ਕੇ ਚਮਾਰੂ ਜੁੱਤੀ ਨਵੀਂ ਬਣਾ ਲਿਆਉਂਦਾ ਹਾਂ" ਘਰ ਵਿੱਚੋਂ ਕਿਸੇ ਨੇ ਮਸਲੇ ਦਾ ਨਵਾਂ ਹੱਲ ਪੇਸ਼ ਕੀਤਾ।



"ਜੁੱਤੀ ਖੇਹ ਬਣਵਾਉਣੀ ਏਂ। ਤੁਸੀਂ ਮੈਨੂੰ ਉਥੇ ਜਾਣ ਦਿਓ ਕਈ ਹੋਰ ਤਕਲੀਫਾਂ ਵੀ ਲੱਗੀਆਂ ਨੇ ਏਥੇ।"

"ਹੋਰ ਤਕਲੀਫਾਂ ?"

"ਹਾਹੋ, ਇੱਕ ਤਾਂ ਏਥੇ ਮਸੀਤ ਦੀ ਬੜੀ ਤੰਗੀ ਏ" "ਮਸੀਤ ?" ਤਾਏ ਦਾ ਪੁੱਤਰ ਹੈਰਾਨੀ ਨਾਲ ਹੱਸ ਪਿਆ "ਮਸੀਤਾਂ ਤਾਂ ਆਪਣੀ ਗਲੀ ਵਿਚ ਪੂਰੀਆਂ ਚਾਰ ਹਨ। ਸੁੰਨੀ, ਵਹਾਬੀ, ਸ਼ੀਆ ਤੇ ਅਹਿਲੇ-ਹਦੀਸ। ਚੌਹਾਂ ਨੂੰ ਚਾਰ ਚਾਰ ਸਪੀਕਰ ਲੱਗੇ ਹੋਏ ਨੇ, ਘਰ ਬੈਠੇ ਸਾਰਾ ਦਿਨ ਵਾਅਜ਼ ਸੁਣੋ। ਅਸੀਂ ਤਾਂ ਰਹਿੰਦੇ ਹੀ ਮਸੀਤਾਂ ਦੀ ਛਾਵੇਂ ਆ।"

ਤਾਏ ਦੇ ਪੁੱਤਰ ਨੇ ਹੱਸਦੇ ਹੱਸਦੇ ਪਿਓ ਦੀ ਬੇਕਾਰ ਦਲੀਲ ਨੂੰ ਰੱਦ ਕਰ ਦਿੱਤਾ। ਪਰ ਤਾਏ ਨੇ ਪੁੱਤਰ ਦੀ ਗੱਲ ਇਹ ਕਹਿ ਕੇ ਰੱਦ ਕਰ ਕੇ ਛੱਡੀ "ਬਰਖੁਰਦਾਰ ਤੈਨੂੰ ਪਤਾ ਨਹੀਂ। ਸ਼ਹਿਰ ਦਾ ਮੌਲਵੀ ਵਾਅਜ਼ ਨਹੀਂ, ਸਿਆਸਤ ਕਰਦਾ ਏ" ਵਾਅਜ਼ ਕਰਨੀ ਉਹ ਨੂੰ ਆਉਂਦੀ ਕਿੱਥੇ।"

"ਕੀ ਮਤਲਬ ਏ ਅੱਬਾ ਜੀ, ਸਹਿਰ ਦਾ ਮੌਲਵੀ ਵਾਅਜ਼ ਨਹੀਂ ਕਰਦਾ ?" ਨੂੰਹ ਨੇ ਪੁੱਛਿਆ। "ਆਹੋ ਕਾਕੀ" ਤਾਏ ਨੇ ਰਸਾਣ ਨੂੰਹ ਨੂੰ ਸਮਝਾਉਣ ਸ਼ੁਰੂ ਕੀਤਾ, "ਏਥੇ ਮੌਲਵੀ ਕੜਕੇ ਨਾਲ ਬੋਲਦੇ ਨੇ। ਇਸਲਾਮ ਵਿਚ ਕੜਕੇ ਨਾਲ ਬੋਲਣਾ ਮਨ੍ਹਾ ਏ। ਫੇਰ ਇਹ ਸਰਕਾਰੀ ਨੌਕਰ ਨੇ। ਪੱਕੇ ਬੱਦ-ਨੀਤੇ, ਸਾਰੀਆਂ ਗੱਲਾਂ ਸਰਕਾਰੀ ਮਤਲਬ ਵਾਲੀਆਂ ਨੇ। ਇਹਨਾਂ ਦਾ ਤਾਂ ਆਪਣਾ ਈਮਾਨ ਮਾੜਾ ਏ। ਏਸੇ ਕਰਕੇ ਇਹਨਾਂ ਦਾ ਵਾਅਜ਼ ਵੀ ਬੰਦੇ ਨੂੰ ਠੰਢ ਨਹੀਂ ਪਾਉਂਦਾ। ਸਗੋਂ ਅੱਗ ਲਾਉਂਦਾ ਏ। ਮੈਂ ਅਜੇਹੇ ਮੌਲਵੀਆਂ, ਪਿੱਛੇ ਨਮਾਜ਼ ਨਹੀਂ ਪੜ੍ਹ ਸਕਦਾ। ਇਹ ਨਿਰੇ ਮਸਾਫਕ ਨਹੀਂ ਐਵੇਂ ਮਸੀਤਾਂ ਮੱਲ ਕੇ ਬੈਠੇ ਹੋਏ ਨੇ।"

"ਚਲੋ ਛੱਡੋ, ਤੁਸੀਂ ਘਰੇ ਨਿਮਾਜ਼ ਪੜ੍ਹ ਲਿਆ ਕਰੋ" ਕਿਸੇ ਹੋਰ ਨੇ ਮੁਸ਼ਕਿਲ ਮਸਲੇ ਦਾ ਸੌਖਾ ਹੱਲ ਪੇਸ਼ ਕੀਤਾ। "ਨਾ ਨਾ, ਇਹ ਪੱਕਾ ਫਰਸ਼ ਵੇਖੋ। ਮੇਰੇ ਗੋਡਿਆਂ ਨੂੰ ਨੀਲ ਪਏ ਗਏ ਹੋਏ ਨੇ। ਉਂਝ ਵੀ ਮੈਨੂੰ ਲੱਗਦਾ ਏ ਤੁਸੀਂ ਸਾਰੇ ਰਲ ਕੇ ਮੇਰੀ ਆਕਬਤ () ਖਰਾਬ ਕਰਨ ਲੱਗੇ ਹੋਏ ਓ, ਮੈਨੂੰ ਪਿੰਡ ਜਾਣ ਤੋਂ ਕਿਓਂ ਰੁੱਝਦੇ ਓ।"

ਨਿੱਕਾ ਜਿਹਾ ਸੰਕਟ ਜਦੋਂ ਕਈ ਦਿਨਾਂ ਉੱਤੇ ਖਿੱਲਰ ਗਿਆ ਤਾਂ ਤਾਏ ਦੀ ਨੂੰਹ ਨੇ ਮੈਨੂੰ ਸੱਦ ਭੇਜਿਆ। ਨਿੱਕੀ ਹੁੰਦੀ ਤੋਂ ਮੈਂ ਤਾਏ ਦੀ ਲਾਡਲੀ ਭਤੀਜੀ ਰਹੀਂ ਹਾਂ। ਮਾਰੇ ਜਾਣ ਵਾਲੇ ਭਾਈ ਦੀ ਧੀ। ਤਾਏ ਦੇ ਖਿਆਲ ਵਿਚ ਮੇਰੇ ਬਾਪ ਨੇ ਸ਼ਹੀਦੀ ਦਾ ਦਰਜਾ ਪਾਇਆ। ਉਹ ਸਾਰੇ ਲੋਕੀਂ ਸਾਰਾ ਪਿੰਡ, ਆਪਣਾ ਕਬੀਲਾ.....ਸਰਹਿੰਦ ਨਹਿਰ ਦੇ ਕੰਢੇ ਉਹਨਾਂ ਦਾ ਲਹੂ ਡੁੱਲਿਆ। ਉਹਨਾਂ ਦੀਆਂ ਅੱਖਾਂ ਗਵਾਚ ਗਈਆਂ। ਦਰਿੰਦੇ ਵਹਿਸ਼ੀ-ਮਾਰਦੇ ਰਹੇ। ਮੇਰਾ ਤਾਇਆ ਲੜਦਾ ਰਿਹਾ। ਖਬਰੇ ਕਿਹਨੂੰ ਕਿਹਨੂੰ ਬਚਾਉਂਦਾ ਹੋਇਆ ਉਹ ਆਪ ਫੱਟੜ ਹੋ ਗਿਆ। ਉਹ ਇੱਕ ਬਾਹ ਉਥੇ ਕਿਧਰੇ ਰਹਿ ਗਈ। ਭਰਾ ਵੀ ਤੇ ਬਾਂਹ ਹੁੰਦਾ ਏ। ਤਾਏ ਦੇ ਛੇ ਜਵਾਨ ਭਰਾ। ਇਕੋ ਵਿਹੜੇ ਦੇ ਬੂਟੇ। ਸਾਂਝੀ ਜ਼ਮੀਨ ਦੇ ਪਾਲਕ, ਸਾਂਝੀ ਕਮਾਈ ਕਰਦੇ। ਕਈ ਕਈ ਮੱਝਾਂ ਗਾਈਆਂ ਦੁੱਧ ਦੇ ਗੜਵੇ, ਲੱਸੀ ਦੇ ਛੰਨੇ, ਮੱਖਣਾਂ ਦੇ ਪੇੜੇ ਤੇ ਵਿਹੜਾ ਭਰਿਆ ਬੱਚਿਆਂ ਦਾ। ਉਸ ਜ਼ਮਾਨੇ ਪਿੰਡ ਦੇ ਜੀਵਨ ਵਿਚ ਸਵਰਗ ਦਾ ਨਕਸ਼ਾ ਏਸੇ ਤਰ੍ਹਾਂ ਬਣਦਾ ਸੀ। ਪਰ ਤਾਇਆ ਓਸ ਸਵਰਗ ਦੇ ਲੁੱਟੇ ਜਾਣ ਪਿੱਛੋਂ ਲਾਸ਼ਾਂ ਦੇ ਢੇਰ ਤੋਂ ਉੱਠ ਕੇ ਪਾਕਿਸਤਾਨ ਆ ਗਿਆ ਸੀ।

"ਕਿਸ ਤਰ੍ਹਾਂ ਕੀ ਕੁਝ ਹੋਇਆ ? ਕਿੰਝ ਹੋਇਆ ? ਮੈਂ ਜਦ ਵੀ ਤਾਏ ਨੂੰ ਮਿਲਦੀ, ਪੁੱਛਦੀ। ਪਰ ਬੁੱਢਾ ਤਾਇਆ ਵਰੇਵੇ ਨਾਲ ਕਦੇ ਵੀ ਨਾ ਦੱਸਦਾ। "ਬੱਸ, ਧੀਏ ਆ ਗਏ ਸਾਂ। ਆਈ ਦੇ ਅੱਗੇ ਹੋਰ ਕੀ

ਹੋਣਾ ਸੀ। ਇਹ ਵੀ ਚੰਗਾ ਤੇਰੀ ਮਾਂ ਤੈਨੂੰ ਨਾਨਕਿਆਂ ਦੇ ਘਰ ਲੈ ਗਈ ਹੋਈ ਸੀ ਉਸ ਵੇਲੇ.........ਨਹੀਂ ਤਾਂ ਤੂੰ ਵੀ ਕਿੱਥੇ ਬਚਣਾ ਸੀ।... ਏਥੇ ਆ ਕੇ ਤਾਏ ਨੂੰ ਕਾਂਬਾ ਜਿਹਾ ਛਿੜ ਜਾਂਦਾ। ਮੈਨੂੰ ਪਤਾ ਏ ਤਾਇਆ ਉਸ ਹੋਣੀ ਦਾ ਵੇਰਵਾ ਕਿਓਂ ਨਹੀਂ ਵੱਸਦਾ। ਉਹਨੂੰ ਆਪਣੀਆਂ ਭੈਣਾਂ, ਭਰਾਵਾਂ, ਭਰਜਾਈਆਂ, ਭਾਣਜਿਆਂ, ਭਤੀਜਿਆਂ ਦੀ ਯਾਦ ਆਉਂਦੀ ਸੀ, ਜੋ ਨਹਿਰ ਸਰਹਿੰਦ ਵਿਚ ਡੁੱਬ ਗਈਆਂ ਸਨ। ਉਹ ਆਪਣੀ ਕਹਾਣੀ ਉਥੋਂ ਸ਼ੁਰੂ ਕਰਵਾਏ, ਜਿਥੇ ਲਾਹੌਰ ਦਾ ਰੀਫਿਊਜੀ ਕੈਂਪ ਸ਼ੁਰੂ ਹੁੰਦਾ ਏ। ਉਹ ਆਪਣੀ ਵੱਢੀ ਹੋਈ ਬਾਂਹ ਦਾ ਜ਼ਖ਼ਮ ਲਈ ਬੈਠਾ, ਆਪਣੇ ਆਪ ਨਾਲ ਗੱਲਾਂ ਕਰਦਾ। "ਹੁਣ ਕੀ ਜੀਣਾ, ਮਨਾ, ਮੇਰਾ ਕੀ ਏ ਏਸ ਜੱਗ ਵਿਚ। ਸਾਂਝ ਤਾਂ ਮੁੱਕ ਗਈ।"

ਫੇਰ ਇਕ ਦਿਨ ਉਹਨੇ ਸੁਣਿਆ। ਕੈਂਪ ਦੇ ਲਾਊਡ ਸਪੀਕਰ ਉਤੇ ਉਹਦੇ ਪਿੰਡ ਦਾ ਨਾਂ ਬੋਲਿਆ। ਉੱਥੋਂ ਦੇ ਕੁਝ ਨਿਆਣੇ ਲਿਆਂਦੇ ਗਏ ਸਨ। ਨਿੱਕੇ ਨਿੱਕੇ ਨਿਆਣੇ ਜੋ ਕਿਸੇ ਤਰ੍ਹਾਂ ਬਚ ਗਏ ਸਨ। ਇਹਨਾਂ ਬਾਤਾਂ ਦਾ ਕੋਈ ਵਾਲੀ ਵਾਰਸ ਸੁਣਦਾ ਹੋਵੇ ਤਾਂ ਆਵੇ। ਕੋਠੇ ਜੇਡੀ ਛਾਲ ਮਾਰ ਕੇ ਉਹ ਐਲਾਨ ਵਾਲੀ ਥਾਂ ਤੇ ਜਾ ਖਲੋਤਾ। ਉੱਜੜੇ ਇਨਸਾਨਾਂ ਦੇ ਉਸ ਮੇਲੇ ਵਿਚ ਉਹਨੇ ਆਪਣੇ ਨਿੱਕੇ ਕਾਕਿਆਂ ਨੂੰ ਪਛਾਣ ਲਿਆ। ਫੇਰ ਦੂਜੇ ਭਤੀਜੇ ਨੂੰ ਵੀ ਜਫੀ ਪਾ ਲਈ। ਇੱਕ ਪਲ ਵਿੱਚ ਦੁਨੀਆਂ ਬਦਲ ਗਈ, ਹੁਣ ਦੁਨੀਆਂ ਦੇ ਬਾਜ਼ਾਰ ਵਿਚ ਲੁੱਟਿਆ ਪੁੱਟਿਆ, ਇਕੱਲਾ ਪਨਾਹਗੀਰ ਨਹੀਂ ਸੀ। ਉਹਦੇ ਕੋਲ ਤਿੰਨ ਬੱਚੇ ਸਨ। ਜੜ੍ਹਾਂ!! ਜੀਵਨ-ਪਿੜ ਵਿਚ ਉਸ ਦੀ ਥਾਂ ਬਣ ਗਈ ਸੀ। ਜ਼ੁੰਮੇਵਾਰੀ ਵਾਲੀ ਥਾਂ। ਤਾਇਆ ਇਹ ਗੱਲ ਸੁਣਾਉਂਦਾ ਥੱਕਦਾ ਨਹੀਂ ਸੀ।

"ਉਹ ਬੱਚੇ ਕੌਣ ਲਿਆਇਆ ਸੀ? ਕਿਸ ਤਰ੍ਹਾਂ ਬਚ ਗਏ? ਮੈਂ ਇੱਕ ਵਾਰੀ-ਪੁਛਿਆ। ਤਾਏ ਦੇ ਕਹਿਣ ਅਨੁਸਾਰ ਕਈ ਨਿੱਕੇ ਨਿਆਣੇ ਕਮਿਊਨਿਸਟਾਂ ਨੇ ਬਚਾਏ ਸਨ। ਉਹੋ ਉਹਨਾਂ ਨੂੰ ਪਾਕਿਸਤਾਨ ਲੈ ਕੇ ਵੀ ਆਏ। ਅੱਜ ਇਹ ਸ਼ਬਦ ਕਿਡਾ ਆਮ ਏ। ਮੈਨੂੰ ਇਹ ਸਾਰੇ ਮਤਲਬ ਆਉਂਦੇ ਨੇ। ਪਰ ਪਹਿਲੀ ਵਾਰੀ ਤਾਏ ਕੋਲੋਂ ਸੁਣ ਕੇ ਮੈਂ ਪੁੱਛਿਆ ਸੀ ਇਹ ਕਮਿਊਨਿਸਟ ਕੌਣ ਹੁੰਦੇ ਨੇ? ਤਾਏ ਨੇ ਦੱਸਿਆ ਉਹ ਹਿੰਦੂ ਸਿੱਖ ਨਹੀਂ ਹੁੰਦਾ। ਮੁਸਲਮਾਨ ਈਸਾਈ ਵੀ ਨਹੀਂ ਹੁੰਦੇ। ਫੇਰ ਉਹ ਕੌਣ ਹੁੰਦੇ ਨੇ? ਬੱਸ ਤੂੰ ਇੰਝ ਸਮਝ ਲੈ ਕਾਕੀ ਉਹ ਬੱਚਿਆਂ ਨੂੰ ਬਚਾਵਣ ਵਾਲੇ ਹੁੰਦੇ ਨੇ। ਉਹਨਾਂ ਵਿੱਚੋਂ ਇੱਕ ਬੰਦਾ ਏਥੇ ਆਇਆ ਕਿਸੇ ਫਰਿਸ਼ਤੇ ਵਾਂਗ ਤੇਰੇ ਵੀਰੇ ਲੈ ਕੇ ਆਇਆ। ਉਹ ਬੰਦਾ ਤਾਏ ਦੇ ਬਕੌਲ ਚੰਗਾ ਪੜ੍ਹਿਆ ਲਿਖਿਆ ਸੀ। ਪਨਾਹਗੀਰਾਂ ਦੇ ਕਾਫਲੇ ਦੇ ਨਾਲ ਟੁਰਦਾ ਹੋਇਆ ਆਇਆ ਸੀ। ਫੇਰ ਏਥੇ ਕੈਂਪ ਵਿਚ ਐਲਾਨ ਕਰਵਾਉਂਦਾ ਰਿਹਾ। ਵਿਛੜੇ ਮਿਲ ਗਏ ਤਾਂ ਮੁੜ ਕੇ ਉਹ ਆਪਣੇ ਦੇਸ਼ ਚਲਾ ਗਿਆ। ਤਾਏ ਦੇ ਲਫ਼ਜ਼ਾਂ ਵਿਚ "ਮੇਰੇ ਹੱਥ ਵਿਚ ਬੱਚਿਆਂ ਦਾ ਹੱਥ ਦੇ ਕੇ ਜਾਣ ਲੱਗਾ ਤਾਂ ਮੈਂ ਉਹਦੇ ਪੈਰ ਫੜ ਲਏ। ਉਹਦੀ ਮਿਹਰ ਦਾ ਸ਼ੁਕਰਾਨਾ ਹੋਰ ਕੀ ਸੀ ਮੇਰੇ ਕੋਲ। ਪਰ ਉਹ ਕੋਈ ਮਹਾਨ ਰੂਹ ਸੀ, ਆਖਣ ਲੱਗਾ, "ਇੰਝ ਨਾ ਕਰ ਬੇਲੀਓ। ਅਸੀਂ ਉਹਨਾਂ ਸਾਰਿਆਂ ਦੇ ਸਾਥੀ ਹੁੰਦੇ ਹਾਂ, ਜਿਹੜੇ ਮਾੜੇ ਹੋਣ।" ਏਧਰ ਆ ਕੇ ਵੀ ਉਹ ਨੇਕੀਆਂ ਖੱਟਦੇ ਰਿਹਾ। ਹਿੰਦੂਆਂ ਸਿੱਖਾਂ ਦੇ ਗਵਾਚੇ ਲਿਆਣੇ ਲੱਭਦਾ-ਫਿਰਿਆ। ਫੇਰ ਉਹਨਾਂ ਦੇ ਕਾਫਲੇ ਵਿਚ ਰਲ ਕੇ ਪਿਛਾਹ ਨੂੰ ਮੁੜ ਗਿਆ।

ਮੇਰੇ ਤਾਏ ਦੀ ਕਹਾਣੀ ਬੜੀ ਲੰਮੀ ਏ, ਪਰ ਏਸ ਕਹਾਣੀ ਦਾ ਜੋ ਹਿੱਸਾ ਪਾਕਿਸਤਾਨ ਤੋਂ ਸ਼ੁਰੂ ਹੁੰਦਾ, ਉਹੀ ਦਿਲ ਲਾ ਕੇ ਸੁਣਾਉਂਦਾ। ਜਿੰਨੀ ਵਾਰੀ ਸੁਣੋਂ, ਸੁਣਾਵੇਗਾ।

ਬੜੀ ਛੇਤੀ ਉਸ ਥਾਂ ਆ ਖਲੋਂਦਾ, ਜਿੱਥੇ ਕੈਂਪ ਵਿਚ ਤਿੰਨ ਬੱਚੇ ਉਹਨੂੰ ਆ ਰਲੇ ਸਨ। ਉਹਦਾ ਨਿੱਕਾ ਜੇਹਾ ਟੱਬਰ ਬਣ ਗਿਆ। ਉਹਦੀ ਜ਼ੁੰਮੇਵਾਰੀ ਵਧ ਗਈ ਹੁਣ ਉਹ ਸਿਰ-ਵੱਢਿਆ ਦਰੱਖਤ ਨਹੀਂ ਜੀ ਰਿਹਾ। ਖਾਨਦਾਨ ਦੀ ਜੜ੍ਹ ਬਚ ਗਈ। ਬੜੀ ਛੇਤੀ ਉਹਨੇ ਕੈਂਪ ਦੀ ਰੋਟੀ ਛੱਡ ਦਿੱਤੀ। ਮਜ਼ਦੂਰੀ



ਕਰਨ ਲੱਗ ਪਿਆ। ਠੀਕ ਵੀ ਸੀ ਜਿਨਾ ਦੀ ਜਦਪੁਸ਼ਤ ਵਿਚ ਕਿਸੇ ਨੇ ਬਹਿ ਕੇ ਨਾ ਖਾਧਾ ਹੋਵੇ, ਉਹ ਮੰਗ ਕੇ ਕਿਵੇਂ ਖਾਂਦੇ "ਪੂਰਾ ਸਾਲ ਇਹਨਾਂ ਮੈਨੂੰ ਜ਼ਮੀਨ ਅਲਾਟ ਨਾ ਕੀਤੀ। ਪੂਰਾ ਸਾਲ ਮੈਂ ਮਜ਼ਦੂਰੀ ਕੀਤੀ। ਆਪਣੇ ਬੱਚਿਆਂ ਨੂੰ ਕਮਾ ਕੇ ਟੁੱਕਰ ਖਵਾਇਆ।" ਤਾਏ ਦੇ ਜੀਵਨ ਵਿਚ ਇਹ ਫ਼ਖ਼ਰ ਦੀ ਗੱਲ ਸੀ। ਬੱਸ ਇੱਕੋ ਪਛਤਾਵਾ ਰਹਿ ਗਿਆ। ਸੌਣ ਲਈ ਮੰਜੀਆਂ ਦਾ ਪ੍ਰਬੰਧ ਛੇਤੀ ਨਾ ਹੋ ਸਕਿਆ। ਏਸੇ ਕਰਕੇ ਬਾਲਾਂ ਵਿੱਚੋਂ ਇੱਕ ਨੂੰ ਸੱਪ ਲੜ ਗਿਆ।

ਉਹਨਾਂ ਦਿਨਾਂ ਵਿਚ ਹੋਰ ਦੁਸ਼ਮਣਾਂ ਦੇ ਨਾਲ ਸੱਪ ਵੀ ਆਪਣਾ ਕੰਮ ਕਰ ਰਹੇ ਸਨ। ਪਨਾਹਗੀਰਾਂ ਦੇ ਹੜ ਨਾਲ ਦਰਿਆ ਵਿਚ ਵੀ ਹੜ ਆਇਆ। ਪਾਣੀ ਨਾਲ ਪਤਾਲ ਦੇ ਸੱਪ ਬਾਹਰ ਆ ਗਏ, ਕੈਂਪਾਂ ਵਿਚ ਪਏ ਬੰਦਿਆਂ ਨੂੰ ਤੋੜ ਤੋੜ ਖਾਣ ਲੱਗੇ।

ਤਾਏ ਕੋਲ ਹੁਣ ਦੋ ਬੱਚੇ ਰਹਿ ਗਏ। ਸ਼ਹਿਰ ਕੋਲੋਂ ਉਹਨਾਂ ਨੂੰ ਭੈਅ ਆਉਣ ਲੱਗਾ ਦੋਵਾਂ ਕਾਕਿਆਂ ਨੂੰ ਉਂਗਲੀ ਲਾ ਕੇ ਉਹ ਨੇ ਸ਼ਹਿਰ ਛੱਡ ਦਿੱਤਾ। ਪਿੰਡ ਵਿਚ ਆ ਕੇ ਕੱਚਾ ਕੋਠਾ ਮੁੱਲ ਲਿਆ ਕੁਝ ਭਾਂਡੇ-ਟੀਂਡੇ ਤੇ "ਗੁਜ਼ਾਰਾ ਯੂਨਿਟ" ਦੇ ਛੇ ਕਿੱਲੇ। ਜ਼ਿੰਦਗੀ ਨਵੇਂ ਸਿਰੇ ਤੋਂ ਸ਼ੁਰੂ ਹੋਈ। ਹੱਥ ਤਾਂ ਇੱਕੋ ਸੀ, ਪਰ ਤਾਏ ਨੇ ਇੱਕੋ ਹੱਥ ਨਾਲ ਹਲ ਵਾਹਿਆ। ਆਟਾ ਗੁੰਨਿਆਂ, ਮੱਝਾਂ ਚੋਈਆਂ। ਕਦੇ ਤਾਂ ਰੋਟੀ ਵੀ ਪਕਾ ਲੈਂਦਾ, ਹੁਣ ਤਾਈਂ ਏਹੋ ਸਿਲਸਿਲਾ ਰਿਹਾ। ਪਰ ਹੁਣ ਉਹਦੀ ਸਾਰੀ ਕਮਾਈ ਸ਼ਹਿਰ ਆ ਢੁੱਕੀ। ਉਥੇ ਪਿੰਡ ਵਿਚ ਹੁਣ ਘਰ ਦਾ ਕੋਈ ਬੰਦਾ ਨਹੀਂ ਸੀ ਰਹਿੰਦੇ। ਕੋਠੀ ਵੀ ਖੱਲਾ ਖੰਡਰ ਜੇਹਾ ਬਣ ਗਿਆ ਸੀ। ਇੱਕ ਮੁਸ਼ਕਲ ਹੋਰ ਬਣੀ। ਤਾਇਆ ਏਸ ਉਸਾਰੇ ਵੀ ਉਸੇ ਤਰ੍ਹਾਂ ਮਿਹਨਤ ਕਰੀ ਜਾਂਦਾ। ਕਮਜ਼ੋਰ ਅੱਖਾਂ ਨਾਲ ਉਹਨੇ ਖੇਡਾਂ ਦੀ ਹਰਿਆਵਲ ਜਵਾਨ ਰੱਖੀ। ਪਰ ਏਸ ਤਰ੍ਹਾਂ ਦੀ ਗੱਲ ਨਾਲ ਤਾਏ ਦਾ ਪ੍ਰੋਫੈਸਰ ਪੁੱਤਰ ਰਾਜ਼ੀ ਨਹੀਂ ਸੀ। ਉਸ ਨੂੰ ਨਿਮੋਸ਼ੀ ਹੁੰਦੀ। ਕੀ ਉਹ ਅਖੀਰੀ ਪਾਹਰੇ ਸਨ। ਆਪਣੇ ਬਾਪ ਨੂੰ ਆਰਾਮ ਦੇ ਚਾਰ ਦਿਨ ਵੀ ਨਹੀਂ ਸੀ ਦੇ ਸਕਦਾ ਏ। ਅੰਦਰ ਹੀ, ਅੰਦਰ ਉਹਨੇ ਪਲਾਨ ਬਣਾਇਆ। ਜ਼ਮੀਨ ਠੇਕੇ ਵਟਾਈ ਉੱਤੇ ਦੇ ਕੇ ਬਾਪ ਨੂੰ ਆਪਣੇ ਕੋਲ ਲੈ ਆਂਦਾ। ਤਾਏ ਨੂੰ ਏਸੇ ਯੋਗਦਾਨ ਦੀ ਖਬਰ ਨਹੀਂ ਸੀ। ਉਹਤੇ ਇੰਝ ਹੀ ਸ਼ਹਿਰ ਨਾਲ ਰੁਸਿਆ ਬੈਠਾ ਸੀ, ਬੱਚਿਆ ਵਾਂਗ ਜ਼ਿੱਦਾਂ ਕਰ ਰਿਹਾ ਸੀ।

ਹੁਣ ਉਹਨਾਂ ਨੂੰ ਮੇਰੀ ਲੋੜ ਸੀ। ਤਾਏ ਨੂੰ ਮਨਾਉਣ ਲਈ ਮੈਨੂੰ ਆਪਣੇਆਪਾਂ ਉੱਤੇ ਬਹੁਤਾ ਇਤਬਾਰ ਤੇ ਨਹੀਂ ਸੀ। ਇਹਨਾਂ ਪੇਂਡੂ ਬੁੱਢਿਆ ਦੀਆਂ ਆਦਤਾਂ ਦਾ ਮੈਨੂੰ ਚੰਗੀ ਤਰ੍ਹਾਂ ਪਤਾ ਹੈ। ਸ਼ਹਿਰੀ ਬਜ਼ੁਰਗਾਂ ਕੋਲੋਂ ਬਿਲਕੁਲ ਵੱਖਰੇ ਹੁੰਦੇ ਨੇ। ਇਹਨਾਂ ਦਾ ਮਸਲਾ ਆਰਾਮ ਦੀ ਤਲਬ ਨਹੀਂ, ਬੱਚਿਆਂ ਕੋਲੋਂ ਤਵੱਕੋ ਨਹੀਂ ਰੱਖਦੇ। ਆਪਣੇ ਵਾਸਤੇ ਕੁਝ ਨਹੀਂ ਮੰਗਦੇ। ਇਹਨਾਂ ਦਾ ਮਸਲਾ ਤਾਂ ਬੱਸ ਏਨਾ ਕੁ ਹੁੰਦਾ ਏ, ਪਈ ਕਿਸੇ ਦੇ ਕੰਮ ਆਉਂਦੇ ਰਹਿਣ। ਆਪਣੀ ਰੁਟੀਨ ਪੂਰੀ ਹੋਵੇ। ਹਰ ਹਾਲ ਵਿਚ ਕੁਝ ਕਰਦੇ ਰਹਿਣ, ਕਾਰ ਆਮਦ ਰਹਿਣ। ਘਰ ਵਾਸਤੇ, ਦੂਜਿਆਂ ਵਾਸਤੇ। ਨੂੰਹ ਰਾਣੀ ਪੀੜੇ ਬੈਠੀ ਪਰ ਹਾਂਡੀ (ਤੌੜੀ, ਛੋਈ (ਕੜਛੀ) ਤੇ ਰਸੋਈ ਉੱਤੇ ਕਬਜ਼ਾ ਨਾਦਰੇ। ਪੁੱਤਰ ਨਿੱਤ ਨਿੱਤ ਅਫਸਰ ਬਣੇ, ਸ਼ਹਿਰ ਵਿਚ ਰਵੇ, ਪਰ ਉਹਨਾਂ ਦਾ ਖੇਤ ਬੰਨਾ ਅਖੀਰਲੇ ਸਾਹ ਤਾਈਂ ਓਸੇ ਤਰ੍ਹਾਂ ਰਹੇ। ਕੋਈ ਕੁਝ ਨਾ ਦੇਵੇ। ਇਹ ਰਾਜੀ ਰਹਿਣਗੇ, ਪਰ ਕੋਈ ਬਹੁਤ ਸਾਰਾ ਦੇਣਾ ਚਾਹਵੇ, ਤਾਂ ਇਹ ਬਹੁਤ ਸਾਰਾ ਨਾਰਾਜ਼ ਹੋ ਜਾਣਗੇ।

ਏਥੇ ਸਾਡੇ ਕੋਲ ਤਾਏ ਜੋਗੀ ਕੋਈ ਸ਼ੈਅ ਤਾਂ ਹੈ ਨਹੀਂ ਸੀ। ਫੇਰ ਕਿਸ ਬਦਲੇ ਤਾਏ ਦੇ ਖੇਤ, ਜੋ ਉਹਨੇ ਦੂਜੀ ਵਾਰੀ ਹੱਥੀਂ ਕਮਾਏ, ਛੁਡਾ ਸਕਦੇ ਸਾਂ? ਇੰਝ ਤਾਏ ਦੇ ਏਥੇ ਆ ਕੇ ਰਹਿਣ ਵਿੱਚ ਮੇਰੀ ਦਿਲਚਸਪੀ ਘੱਟ ਨਹੀਂ ਸੀ। ਕਿਉਂ ਜੋ ਮੇਰਾ ਤਾਇਆ ਕਹਾਣੀਆਂ ਦੀ ਇੱਕ ਭਾਰੀ ਪੰਡ ਬੰਨ੍ਹੀ ਫਿਰਦਾ ਸੀ। ਮੈਂ ਉਹ ਕਹਾਣੀਆਂ ਸੁਣਨਾ ਚਾਹੁੰਦੀ ਸਾਂ। ਤਾਏ ਨੂੰ ਆਪ ਕਹਾਣੀ ਸੁਣਾਉਣ ਦਾ ਝੱਸ ਵੀ ਸੀ। ਏਹੋ

ਇੱਕ ਟਰੇਪਕਾਰਡ ਮੇਰੇ ਕੋਲ ਹੈ ਸੀ। ਮੈਨੂੰ ਲੱਗਾ ਕਿਧਰੇ ਨਾ ਕਿਧਰੇ ਮੁਆਮਲਾ ਹੋ ਜਾਵੇਗਾ। ਤਾਏ ਨੂੰ ਹਰ ਹਾਲ ਏਥੇ ਸ਼ਹਿਰ ਵਿਚ ਰੱਖਣਾ ਏ। ਸਾਡੇ ਕੋਲੋਂ ਕੋਈ ਸੁੱਖ, ਕੋਈ ਖਿਦਮਤ ਕਬੂਲਹੋ ਜਾਵੇ, ਬੱਸ, ਏਹੋ ਸਾਰੇ ਚਾਹੁੰਦੇ ਸੀ, ਹੋਰ ਕਿਸੇ ਗੱਲ ਨੂੰ ਵਿਚਕਾਰ ਲਿਆਉਂਦੇ ਬਗੈਰ ਮੈਂ ਤਾਏ ਨੂੰ ਉਹ ਦਿਨ, ਸ਼ਹਿਰ ਜਾਣ ਕਰਵਾਇਆ। ਏਹੋ ਸ਼ਹਿਰ ਸੀ ਜਿੱਥੇ ਉਹ ਪਨਾਹਗੀਰ ਹੋ ਕੇ ਆਇਆ ਸੀ। ਉਹ ਦਿਨ....ਜਿਥੋਂ ਕਹਾਣੀ ਮੋੜ ਲੈਂਦੀ ਏ... ਉਹ ਮੋੜ ਜਿੱਥੇ ਆ ਕੇ ਤਾਏ ਦਾ ਦਿਲ ਦਰਿਆ ਵਰਗਾ ਹੋ ਜਾਂਦਾ। ਇਨਸਾਨੀਅਤ ਦਾ ਬਹੁਤ ਵੱਡਾ ਰਹੂੰ ਡੂੰਘਾ ਦਰਿਆ ਛੱਲਾਂ ਮਾਰਦਾ। ਓਸ ਥਾਂ ਤੋਂ ਜ਼ਰਾ ਕੁ ਪਿੱਛੇ, ਅੱਗੇ ਜਿੱਥੇ ਉਹ ਲਖਾਂ ਵਿਚਕਾਰ ਇਕੱਲਾ ਬੈਠਾ ਆਪਣੇ ਟੁੱਟੇ ਦਿਲ ਤੇ ਵੱਢੀ ਬਾਂਹ ਨਾਲ ਗੱਲਾਂ ਕਰਦਾ...ਮੁੜ ਮੁੜ ਇੱਕੋ ਗੱਲ ਦੁਹਰਾਉਂਦਾ।"

"ਹੁਣ ਕੀ ਹੈ ਮਨਾ ਕਾਹਦੇ ਲਈ। ਏਥੇ ਜੋ ਕੀ ਲੋੜਨ ਆਇਆ? ਮੇਰਾ ਏਥੇ ਕੀ ਰੱਖਿਆ ਪਿਆ ਏ? ਆਪਣਾ ਕੌਣ ਏ?" ਫੇਰ ਇੱਕ ਦਿਨ ਜ਼ਿੰਦਗੀ ਵੱਲੋਂ ਆਵਾਜ਼ ਆਈ। ਜ਼ਿੰਦਗੀ ਆਪ ਤੁਰ ਕੇ ਉਹਦੇ ਕੋਲ ਆਈ। ਉਹਦੇ ਗਵਾਰੇ ਬੱਚੇ ਨਾਲ ਲਿਆਈ...ਏਹੋ ਇੱਕ ਪਲ ਸੀ, ਏਸੇ ਨੂੰ ਸੱਦ ਲਿਆਈ। ਤਾਏ ਕੋਲੋਂ ਵਾਹਦਾ ਮਿਲ ਗਿਆ। ਕੁੱਝ ਦਿਹਾੜੇ ਸਾਡੇ ਕੋਲ ਰਹਿ ਜਾਵੇ। ਬੱਸ ਗਿਆਨ ਦਾ ਇੱਕ ਮੌਸਮ ਸਾਡੇ ਨਾ ਲੱਗ ਜਾਵੇ। ਅਸੀਂ ਕੋਈ ਮੁਰੱਬੇ ਤਾਂ ਨਹੀਂ ਮੰਗਦੀਆਂ। "ਚੰਗਾ ਜਿਵੇਂ ਤੁਹਾਡੀ ਮਰਜੀ-ਕੁੜੀਓ।"

ਤਾਏ ਨੇ ਮੈਨੂੰ ਤੇ ਆਪਣੀ ਨੂੰਹ ਨੂੰ ਮਿਹਰ ਦਾ ਖਜ਼ਾਨਾ ਬਖਸ਼ ਦਿੱਤਾ। ਪਰ ਨਾਲ ਹੀ ਇਹ ਵੀ ਜਤਾ ਦਿੱਤਾ "ਤੁਸੀਂ ਵੇਖ ਲੈਣਾ, ਮੇਰਾ ਜੀ ਏਥੇ ਲੱਗਣਾ ਨਹੀਂ" ਜਵਾਬ ਵਿੱਚ ਅਸੀਂ ਸਾਰੀਆਂ ਨੇ ਇੱਕ ਖੁੱਲ੍ਹੀ ਰਿਆਇਤ ਤਾਏ ਨੂੰ ਦੇ ਦਿੱਤੀ। "ਜਦੋਂ ਉਹਦਾ ਜੀ ਕਰੇ, ਪਿੰਡ ਫੇਰਾ ਮਾਰ ਆਵੇ। ਖੇਤ ਬੰਨਾ ਵੇਖ ਆਵੇ। ਇਹ ਨਾਲ ਤੇ ਪਿੰਡ ਖੜਾ ਆਪਣਾ ਘੰਟੇ ਦੋ ਦਾ ਰਸਤਾ।"

ਪਰ ਤਾਏ ਦਾ, ਦਿਲ ਜਿਵੇਂ ਠੁੱਠਰ ਗਿਆ ਹੋਇਆ ਸੀ। ਪੂਰੇ ਸੱਤ ਦਿਨ ਵੀ ਨਹੀਂ ਸੀ ਲੰਘੇ, ਉਹ ਘਰੋਂ ਚਿੱਟੇ ਕੱਪੜੇ ਪਾ ਕੇ ਨਿਕਲ ਤੁਰਿਆ। ਖਬਰੇ ਪਿੰਡ ਲਈ, ਖਬਰੇ ਕਿਸੇ ਨੂੰ ਮਿਲਣ ਲਈ....ਕਿਸੇ ਨੂੰ ਪਤਾ ਨਹੀਂ, ਪਰ ਚੌੜੀ ਸੜਕ ਉੱਤੇ ਚੜ੍ਹਦੇ ਸਾਰ ਕਿਸੇ ਭੈੜੇ ਬਦਮਸਤ ਕਾਰ ਵਾਲੇ ਨੇ ਟੱਕਰ ਮਾਰ ਕੇ ਉਸ ਕਮਜ਼ੋਰ ਜਹੇ ਬੁੱਢੇ ਨੂੰ ਵੀਹ ਗਜ਼ ਪਰਾਹ ਜਾ ਸੁੱਟਿਆ। ਏਸ ਭੈੜੇ ਐਕਸੀਡੈਂਟ ਮਗਰੋਂ ਵੀ ਤਾਏ ਨੇ ਔਖੇ ਸਾਹਵਾਂ ਦੀ ਡੋਰੀ ਕਈ ਮਹੀਨੇ ਖਿੱਚੀ। ਪਰ ਏਸ ਅਰਸੇ ਵਿਚ ਉਹ ਸ਼ਹਿਰ ਭੁੱਲ ਗਿਆ। ਉਸ ਪਿੰਡ ਨੂੰ ਵੀ ਭੁੱਲ ਗਿਆ, ਜਿੱਥੇ ਪੂਰੇ ਮੁਰੱਬੇ ਦਾ ਮਿੱਟੀ ਉਹਨੇ ਆਪਣੇ ਇੱਕ ਹੱਥ ਨਾਲ ਕਮਾਈ ਸੀ। ਉਹ ਸ਼ੱਕਰ ਵਰਗੀ ਨਰਮ ਮਿੱਠੀ ਮਿੱਟੀ। ਉਹ ਖੇਤ ਪੈਲੀ ਜਿਨ੍ਹਾਂ ਦੀ ਖੁਸ਼ਬੂ ਆਪਣੇ ਅੰਤ ਸਮੇਂ ਤੋੜਾ ਜੀਊਣਾ ਚਾਹੁੰਦਾ ਸੀ।

ਪਰ ਹੁਣ ਏਸ ਦੁਨੀਆਂ ਵਿੱਚ ਤਾਏ ਵਾਸਤੇ ਸਮੇਂ ਦਾ ਅੰਤ, ਨਾ ਜ਼ਖ਼ਮਾਂ ਦਾ ਅੰਤ। ਉਹਦੀਆਂ ਬੁੱਢੀਆਂ ਹੱਡੀਆਂ ਨੂੰ ਪੂਰੇ ਬਾਈ ਗੰਢ (ਫਰੈਲਚਰ) ਲੱਗੇ। ਪੂਰੇ ਪੰਜ ਸਿਰ ਨੂੰ ਕਈ ਘੰਟੇ ਬਾਅਦ ਹਸਪਤਾਲ ਵਿਚ ਹੋਸ਼ ਆਈ ਤਾਂ ਡਾਕਟਰ ਨੂੰ ਵੇਖਦੇ ਸਾਰ ਆਖਣ ਲੱਗੇ "ਤੂੰ ਏਥੇ ਕੀ ਕਰਨਾ ਪਿਆ ਏ ਕਾਕਾ?" ਜਾ ਦੌੜਦਾ ਜਾ ਲੱਗ ਜਾ ਕਿਧਰੇ ਜਾ ਕੇ ਛੱਡੋ ਜਾ ਏਸ ਥਾਂ ਨੂੰ। ਏਥੇ ਬੜਾ ਜੁਲਮ ਫੈਲ ਗਿਆ ਏ। ਵੇਖ ਮੇਰੇ ਵੱਲਾ ਮੈ ਇਹਨਾਂ ਦਾ ਕੀ ਵਿਗਾੜਿਆ ਸੀ। ਵੇਖ ਜ਼ਾਲਮਾਂ ਨੇ ਕਿਵੇਂ ਫੱਟੜ ਕਰਕੇ ਸੁੱਟ ਦਿੱਤਾ ਏ ਮੈਨੂੰ।" ਤਾਏ ਦੇ ਜਿਸਮ ਵਿਚੋਂ ਆਪਣੇ ਲਹੂ ਦੀ ਬੂੰਦ ਬੂੰਦ ਵਗ ਚੁੱਕੀ ਸੀ। ਹੁਣ ਤਾਂ ਆਪਣਿਆਂ ਪਿਆਰਿਆਂ ਦਾ ਦਿੱਤੇ ਹੋਇਆ ਲਹੂ ਰਗਾਂ ਵਿਚਾਲੇ ਲਈ ਫਿਰਦਾ ਪਿਆ ਸੀ। ਏਸੇ ਲਹੂ ਦੀ ਗਰਮੀ ਨਾਲ ਜਾਨ ਵਿਚ ਜਾਨ ਆਈ ਤਾਂ ਅੱਖਾਂ ਖੋਲ ਆਲੇ ਦਵਾਲੇ ਵੇਖਿਆ। ਉਹਦੀਆਂ ਵਿਚ



ਪਛਾਣ ਵਰਗੀ ਕੋਈ ਸ਼ੈਅ ਨਹੀਂ ਸੀ। ਉਹ ਕੋਈ ਹੋਰ ਈ ਬੰਦਾ ਸੀ, ਇਹ ਦੁਨੀਆਂ ਹੋਰ ਹੀ ਦੁਨੀਆਂ ਸੀ। ਪਿੰਡੇ ਦੇ ਜ਼ਖ਼ਮ ਦਵਾਈਆਂ ਨਾਲ ਠੀਕ ਵੀ ਹੋਣ ਲੱਗ ਪਏ ਸੀ। ਪਰ ਉਹ ਰੂਹ ਕਦੇ ਮੁੜ ਕੇ ਨਾ ਆਈ, ਜਿਹਦੇ ਨਾਲ ਤਾਏ ਨੇ ਏਥੇ ਪਾਕਿਸਤਾਨ ਵਿੱਚ ਜ਼ਿੰਦਗੀ ਗੁਜ਼ਾਰੀ ਸੀ। ਪੂਰੀ ਹੁਸ਼ਿਆਰੀ ਨਾਲ, ਪੂਰੀ ਸੋਝੀ ਨਾਲ ਉਹ ਆਪਣੇ ਪੁਰਾਣੇ, ਪਿੰਡ ਚਲਾ ਗਿਆ ਸੀ। ਆਪਣੇ ਬਚਪਨ ਤੋਂ ਲੈ ਕੇ ਆਪਣੇ ਬੱਚਿਆਂ ਦੇ ਬਚਪਨ ਤੋੜੀ ਸਾਰੀਆਂ ਗੱਲਾਂ ਉਹਨੂੰ ਯਾਦ ਆ ਗਈਆਂ। ਉਹ ਹੁਣ ਬੀਤ ਗਏ ਵੱਲ ਮੁੜ ਗਿਆ ਸੀ। ਉਹ ਸਾਰੇ ਲੋਕੀਂ ਜੋ ਉਸ ਵੇਲੇ ਉਥੇ ਹੈ ਸਨ, ਉਹਨਾਂ ਨੂੰ ਬੁਲਾਉਂਦਾ, ਗੱਲਾਂ ਕਰਦਾ ਕਦੇ ਕਹਿੰਦਾ ਫਲਾਣੇ ਨੂੰ ਸੱਦ ਕੇ ਲਿਆਓ। ਫਲਾਣੇ ਜਰਾਹ ਦੀ ਮਲ੍ਹਮ ਲਿਆ ਕੇ ਮੇਰੇ ਜ਼ਖਮਾਂ ਤੇ ਲਾਓ। ਬੜੇ ਜਾਗਦੇ ਜ਼ਿਹਨ ਨਾਲ ਉਹ ਆਪਣੇ ਪੁਰਾਣੇ ਪਿੰਡ ਜਾ ਵੱਸਿਆ। ਪਿਛੋਕੜ ਦੀਆਂ ਨਿਕੀਆਂ ਮੋਟੀਆਂ ਗੱਲਾਂ, ਬੀਤੇ ਦੁੱਖ ਸੁੱਖ ਯਾਦ ਕਰਕੇ ਉਹਨਾਂ ਨਾਲ ਜੀਵਨ ਬਸੇਰਾ ਕਰ ਲਿਆ। ਸਾਲ ਦੇ ਚਾਰੇ ਮੌਸਮ, ਆਪਣੇ ਪੈਲੀ ਬੰਨਾ, ਨਦੀ ਕਿਨਾਰਾ, ਯਾਰ ਬੇਲੀ ਉਹਨਾਂ ਮੁੜ ਕੇ ਸੱਦ ਲਏ। ਪੁਰਾਣੇ ਗੀਤ ਯਾਦ ਕੀਤੇ, ਵਿਸਾਖੀ ਦੇ ਗੀਤ, ਕਣਕਾਂ ਛੱਲੀਆਂ ਦੇ ਗੀਤ, ਰੱਤੇ ਸਾਲੂ ਦੇ ਗੀਤ।

ਖਾਣ ਪੀਣ ਦੀ ਲੋੜ ਪੈਂਦੀ ਤਾਂ ਉਹ ਕਿਸੇ ਅਜੇਹੇ ਬੰਦੇ ਨੂੰ ਹਾਕ ਮਾਰਦਾ, ਜਿਹਨੂੰ ਸੱਦ ਕੇ ਲਿਆਉਣਾ ਸਾਡੇ ਵੱਸ ਦੀ ਗੱਲ ਨਹੀਂ ਸੀ। ਕੋਈ ਹਲਕੀ ਗਜਾ, ਦਲੀਆ, ਖਿੱਚੜੀ ਸਾਹਮਣੇ ਰੱਖਦੇ ਤਾਂ ਉਹ ਗੁੱਸੇ ਹੋ ਜਾਂਦਾ। "ਕੇਹੀ ਬੇ ਸਵਾਦ, ਸਾਬਣ ਵਰਗੀ।" ਉਹ ਥਾਲੀ ਪਰ੍ਹਾਂ ਕਰ ਦੇਂਦਾ। "ਲੱਸੀ ਰੋਟੀ ਕਿਉਂ ਨਹੀਂ ਦਿੰਦੇ। ਰੱਬਾ, ਮੈਨੂੰ ਭੁੱਖੇ ਮਾਰਨ ਲੱਗੇ ਹੋਏ ਨੇ। ਬਾਈ, ਬਾਈ"... ਉਹ ਵੱਡੇ ਭਰਾ ਨੂੰ ਹਾਕਾਂ ਮਾਰਦਾ, ਰੋਣ ਲੱਗ ਪੈਂਦਾ। ਅਸੀਂ ਸਾਰੇ ਓਸ ਘੜੀ ਨੂੰ ਪਛਤਾਉਂਦੇ, ਜਦੋਂ ਤਾਏ ਨੂੰ ਸ਼ਹਿਰ ਲਿਆਏ ਸਾਂ। ਪੱਟੀਆਂ ਨੂੰ ਉਹ ਰੱਸੀਆਂ ਸਮਝ ਦਾ, ਸਾਨੂੰ ਸਾਰਿਆਂ ਨੂੰ ਜ਼ਾਲਮ। ਆਜ਼ਾਦੀ ਮੰਗਦਾ। ਬਾਹਰ ਜਾਣ ਦੀ ਜ਼ਿੱਦ ਕਰਦਾ। ਜਿਵੇਂ ਜਿਵੇਂ ਖਿਦਮਤ ਕਰਦੇ, ਤਿਵੇਂ ਤਿਵੇਂ ਗੁੱਸੇ ਹੁੰਦਾ। ਅਸੀਂ ਉਹਦੇ ਆਪਣੇ, ਬੇਬੱਸ ਜੇਹੇ, ਪਰਾਏ ਹੋ ਚੁੱਕੇ ਸਾਂ।

ਫੇਰ ਇੱਕ ਦਿਨ ਕੀ ਹੋਇਆ। ਨੂੰਹ ਦੁੱਧ ਦਾ ਗਲਾਸ ਲੈ ਕੇ ਆਈ ਤਾਂ ਘੁੱਟ ਲੈ ਕੇ ਮੂੰਹ ਮੋੜ ਲਿਆ।

"ਇਹ ਦੁੱਧ ਏ? ਨਿਰੀ ਕੱਚੀ ਲੱਸੀ। ਬੂਰੀ ਦਾ ਕੱਚਾ ਦੁੱਧ ਲੈ ਕੇ ਆਓ।" ਤਾਹੀਓਂ ਅਸੀਂ ਦੋਧੀ ਦੀ ਮਿੰਨਤ ਕੀਤੀ। ਵੇਖ ਭਾਈ ਗਵਾਲੇ ਜੋ ਰੇਟ ਲਾਉਣਾ ਏ, ਲਾ ਲੈ, ਪਰ ਦੁੱਧ ਨਿਰਾ ਦਵਾਲੀ ਵਰਗਾ ਅਸਲੀ ਖਾਲਸਾ ਦੂਜੇ ਦਿਨ ਖੀਰ ਵਰਗੇ ਗਾੜ੍ਹੇ ਦੁੱਧ ਦੀ ਘੁੱਟ ਭਰ ਕੇ ਤਾਏ ਨੇ ਸਿਰ ਫੇਰ ਦਿੱਤਾ। "ਝੱਲੀ ਕੁੜੀ, ਬੂਰੀ ਦਾ ਦੁੱਧ ਲੈ ਕੇ ਨਹੀਂ ਆਈ।" ਨੂੰਹ ਦੇ ਦਿਲ ਵਿਚ ਪਤਾ ਨਹੀਂ ਕੀ ਆਈ। ਉਹ ਆਪ ਗਵਾਲਿਆਂ ਦੇ ਮਹੱਲੇ ਚਲੀ ਗਈ। ਬੂਰੀ ਮੱਝ ਵੇਖ ਕੇ ਉਹਨੇ ਆਪਣੇ ਸਾਹਮਣੇ ਚਵਾਈ। ਗਲਾਸ ਹੱਥ ਵਿੱਚ ਲੈ ਕੇ ਤਾਏ ਨੇ ਖੁਸ਼ਬੂ ਸੁੰਘੀ ਤੇ ਖੁਸ਼ੀ ਪ੍ਰਗਟ ਕੀਤੀ। ਫੇਰ ਪਲ ਵਿਚ ਗਲਾਸ ਖਾਲੀ ਕਰਕੇ, ਆਪਣੇ ਪੱਟੀ ਬੱਧੇ ਹੱਥ ਨਾਲ ਮੂੰਹ ਪੂੰਝਿਆ।

"ਮੈਂ ਕਿਹਾ, ਕਾਕਾ ਬੂਰੀ ਮੱਝ ਲਿੱਸੀ ਹੋ ਗਈ ਲੱਗਦੀ ਏ। ਖਲ ਵੜੇਵੇਂ ਥੋੜੇ ਪਾਉਂਦੇ ਓ ਤੁਸੀਂ। ਚੱਲ ਹੋਊ ਮੈਂ ਉੱਠ ਕੇ ਸਾਂਭ ਲਵਾਂਗਾ। ਪਰ ਤੁਸੀਂ ਦਿਲਗੀਰ ਨੂੰ ਵੇਲੇ ਸਿਰ ਰੋਟੀ ਅਪੜਾਇਆ ਕਰੋ। ਕਾਮੇ ਨੂੰ ਤੇ ਬਲਦ ਨੂੰ ਖੁਰਾਕ ਚੰਗੀ ਮਿਲਣੀ ਚਾਹੀਦੀ ਏ। ਸ਼ੁਦਾਈਓ ਪੈਦਾਵਾਰ ਕਰਨ ਵਾਲੇ ਨਾਲ ਕਾਹਦਾ ਸਰਫਾ।"

"ਦਿਲਗੀਰ ਸਿੰਘ"? ਸ਼ਾਇਦ ਪਿੱਛੇ ਕੋਈ ਕਾਮਾ ਰਿਹਾ ਹੋਣੈ। ਇਹ ਗੱਲ ਅਖੀਰੀ ਸੀ ਜੋ ਉਸ ਅਜ਼ਲੀ ਅਬਦੀ ਕਿਸਾਨ ਦੇ ਮੂੰਹੋਂ ਨਿਕਲੀ। ਸਾਹ ਉਤੇ ਦਾ ਉੱਤੇ, ਥੱਲੇ ਦਾ ਥੱਲੇ। ਥੋੜੀ ਜਹੀ ਧੌਂਕਣੀ

ਚੱਲੀ। ਫੇਰ ਸਾਰੇ ਬੰਧਨ ਟੁੱਟ ਗਏ। ਚੁੱਪ-ਚਾਪ। ਬੇਆਵਾਜ਼ ਕਦਮਾਂ ਤੇ ਚੱਲਦਾ ਉਹ ਜਿਵੇਂ ਮੌਤ ਦੀ ਘਾਟੀ ਉਤਰ ਗਿਆ। ਕਣਕਾਂ ਬੀਜਣ ਵਾਲਾ ਮਰ ਗਿਆ। ਨਾਲ ਈ ਰੱਤਾ ਸਾਲੂ ਰੰਗਣ ਵਾਲਾ ਵੀ। ਪੌਣੀ ਸਦੀ ਦਾ ਜੀਵਨ ਵਿੱਚੋਂ ਅੱਧਾ ਕਾਲੀ ਰਾਤ ਵਰਗਾ। ਉਹ ਕਾਲੀ ਰਾਤ ਓਸ ਪਲ ਪੂਰੀ ਹੋ ਗਈ। ਉਹਦੇ ਮੰਜੇ ਦੀ ਬਾਹੀ ਤੇ ਸਿਰ ਰੱਖ ਮੈਂ ਕਿੰਨ ਕੁਝ ਸੋਚਿਆ। ਅੱਧੀ ਰਾਤ ਦੀ ਆਜ਼ਾਦੀ ਦਾ ਮੁਸਾਫ਼ਰ। ਵੀਹਵੀਂ ਸਦੀ ਦਾ ਪਨਾਹ-ਗੀਰ ਅੰਤ ਸਮੇਂ ਤੋੜੀ ਜ਼ਖਮੀ ਸੀ। ਪੱਟੀਆ ਪਲੱਸਤਰਾਂ ਵਿੱਚ ਜਕੜਿਆ। ਉਹਦਾ ਜਿਸਮ ਸਾਹਮਣੇ ਪਿਆ ਸੀ। ਪਰ ਉਹਦੀ ਰੂਹ ਸਦਾ ਤੰਦਰੁਸਤ ਤੇ ਬੇਦਾਗ਼ ਰਹੀ। ਅਮਨ ਦੀ ਘੁੱਗੀ ਵਰਗੀ। ਅੱਜ ਕਿਧਰੇ ਦੂਰ ਉਡਾਰੀ ਮਾਰ ਗਈ ਸੀ। ਓਸ ਦੁਨੀਆਂ ਵਿੱਚ ਜਿੱਥੇ ਕੋਈ ਮਜ਼ਹਬ ਨਹੀਂ ਹੁੰਦਾ। ਲੋਕੀਂ ਮਜ਼ਹਬ ਦੇ ਨਾਂ ਤੇ ਆਪਣੀਆਂ ਜ਼ਮੀਨਾਂ ਤੋਂ ਕੱਢੇ ਨਹੀਂ ਜਾਂਦੇ ਹੋਣਗੇ। ਤਾਇਆ ਹੁਣ ਸਾਰੀਆਂ ਗੱਲਾਂ ਤੋਂ ਪਰਾਂਹ ਸੀ। ਪਰ ਮੈਂ ਜ਼ਿੰਦਗੀ ਦੀ ਗੁਲਾਮੀ ਵਿੱਚ ਸੋਚ ਦੀ ਸੰਗਲੀ ਨਾਲ ਬੁੱਧੀ ਹੋਈ, ਨਾਸ਼ਾਦ ਬੈਠੀ ਸਾਂ। ਕੀ ਏ ਏਸ ਫਾਨੀ ਦੁਨੀਆਂ ਦੇ ਅਧੂਰੇ ਜੀਵਨ ਵਿੱਚ ? ਤਾਰੀਖ ਨੇ, ਸਿਆਸਤ ਨੇ, ਮਜ਼ਹਬ ਵਾਲਿਆਂ ਦੇ ਦਿਲ ਦੀ ਕਾਲਖ ਨੇ, ਉਸ ਭੋਲੇ ਦਿਹਾਤੀ ਇਨਸਾਨ ਨਾਲ ਕੀ ਕੀਤਾ। ਕੀ ਕੀਤਾ ? ਉਸ ਮਾਸੂਮ ਦੀ ਖੱਲ ਨੂੰ ਸਾਰਿਆਂ ਨੇ ਆਪਣੀ ਅੱਗ ਵਿੱਚ ਭੁੰਨਿਆਂ। ਉਸੇ ਦੇ ਦਿਲ ਨੂੰ ਆਪਣੀ ਛੁਰੀ ਦੇ ਤਜਰਬਿਆਂ ਲਈ ਪਸੰਦ ਕੀਤਾ ਕੀ ਸਮਝਿਆ ਸੀ ਉਹਨੂੰ। ਆਪਣਾ ਸ਼ਿਕਾਰ ? ਕਿ ਆਪਣਿਆਂ ਤਜਰਬਿਆਂ ਲਈ ਇਕੋ ਵਸਤੂ ? ਸਾਰੀ ਤਲਖੀ ਮੇਰੇ ਕੋਲ ਰਹਿ ਗਈ।

ਪਰ ਉਹ ਬੰਦਾ ਜਿਸ ਨੂੰ ਉਹਨਾਂ ਇਨਸਾਨ ਨਹੀਂ ਸੀ ਮੰਨਿਆ, ਓਸਨੇ ਆਦਮ ਜ਼ਾਤ ਦਾ ਕੇਡਾ ਭਰਮ ਰੱਖਿਆ। ਦੋ ਟੋਏ ਹੋ ਕੇ ਵੀ ਉਹ ਖਿਲਰਿਆ ਨਹੀਂ। ਕੱਚੀ ਮਿੱਟੀ ਦੇ ਅੰਦਰ ਰਹਿ ਕੇ ਉਹਨੇ ਆਪਣਾ ਸਾਰਾ ਜੀਵਨ ਜੀ ਲਿਆ। ਅੱਵਲ ਆਖਰ ਮੇਰਾ ਤਾਇਆ ਇਨਸਾਨ ਸੀ। ਕੱਚੀ ਮਿੱਟੀ ਦਾ ਵਸਨੀਕ। ਪੱਕੀ ਸੜਕੋਂ ਉਹਨੂੰ ਨਫਰਤ ਸੀ। ਜ਼ਿੰਦਗੀ ਵਿੱਚ ਦੋ ਵਾਰੀ ਉਹ ਪੱਕੀਆਂ ਸੜਕਾਂ ਤੋਂ ਲੰਘਿਆ। ਦੋਵੇਂ ਵਾਰੀ ਹਿੰਦੁਸਤਾਨ ਪਾਕਿਸਤਾਨ ਦੀਆਂ ਪੱਕੀਆਂ ਸੜਕਾਂ ਨੇ ਉਹ ਦੇ ਕੋਲੋਂ ਭਾਰਾ ਖਰਾਜ ਵਸੂਲਿਆ। ਹੁਣ ਉਹ ਪੱਕੇ ਫਰਸ਼ ਤੋਂ ਵੀ ਨਾਰਾਜ਼ ਹੋ ਕੇ ਚਲਾ ਗਿਆ। ਅੱਗੋਂ ਕੀ ਸੀ। ਉਹਦੀ ਮਿੱਟੀ ਨੂੰ ਚੁੱਕ ਕੇ ਪਿੰਡ ਲੈ ਗਏ। ਸ਼ੱਕਰ ਵਰਗੀ ਮਿੱਟੀ, ਜਿਸ ਦੀ ਖੁਸ਼ਬੂ ਦੇ ਗੁੱਛਿਆਂ ਨਾਲ ਲੱਦੀ ਬਾਸਮਤੀ ਏ ਤੇ ਛੇ ਛੇ ਫੁੱਟ ਉੱਚੇ ਗੰਨੇ।

ਪਿੰਡੋਂ ਮੁੜ ਕੇ ਅਸੀਂ ਇੱਕ ਦਿਨ ਤਾਏ ਦੀਆਂ ਗੱਲਾਂ ਕਰਦੇ ਰਹੇ। ਉਹੋ ਗੱਲਾਂ ਜੋ ਉਹਨੇ ਸ਼ਹਿਰ ਆ ਕੇ ਕੀਤੀਆਂ। ਉਹ ਸੱਤ ਦਿਹਾੜੇ ਪਿੰਡ ਵਿਛੋੜੇ ਦੀਆਂ ਗੱਲਾਂ। ਉਹ ਗੱਲਾਂ ਜੋ ਉਹਨੇ ਹਸਪਤਾਲ ਵਿੱਚ ਕੀਤੀਆਂ। ਉਹ ਦਿਨ ਜਦੋਂ ਹੋਸ਼ ਦੀ ਦੁਨੀਆਂ ਨਾਲੋਂ ਵਿਛੜ ਕੇ ਉਹਨੇ ਆਪਣੇ ਪਿੰਡ ਪੁਰਾਣੇ ਚਲਾ ਗਿਆ ਸੀ। ਉਹਨਾਂ ਸਾਰਿਆਂ ਨਾਲ ਜਾ ਰਲਿਆ ਜੋ ਅਬਦ ਦੀਆਂ ਹੱਦਾਂ ਤੋਂ ਪਰਲੇ ਪਾਸੇ ਜਾ ਕੇ ਆਬਾਦ ਹੋ ਗਏ ਨੇ। ਉਹਦੇ ਭੈਣ ਭਰਾ, ਯਾਰ ਬੇਲੀ, ਸਾਡੇ ਵੀ ਕੁਝ ਲੱਗਦੇ ਸਨ। ਪਰ ਉਹ ਦਿਲਗੀਰ ਸਿੰਘ ? ਉਹ ਕੌਣ ਸੀ ? ਸ਼ਾਇਦ ਪੁਰਾਣੇ ਪਿੰਡ ਦਾ ਕੋਈ ਦੋਸਤ ਹੋਵੇਗਾ ਜਾਂ ਕਾਮਾ। ਤਾਏ ਦੇ ਨੂੰਹ ਪੁੱਤਰ ਨੇ ਤਾ ਏਨਾ ਹੀ ਸੋਚਿਆ, ਪਰ ਮੈਨੂੰ ਪਤਾ ਸੀ ਕਿ ਇਹ ਦਿਲਗੀਰ ਸਿੰਘ ਕੌਣ ਸੀ, ਉਹ ਪੁਰਾਣੇ ਪਿੰਡ ਦਾ ਨਹੀਂ, ਏਸੇ ਪਿੰਡ ਦਾ ਰਹਿਣ ਵਾਲਾ ਸੀ, ਜਿੱਥੇ ਅੱਜ ਤਾਏ ਦੀ ਕਬਰ ਬਣੀ ਸੀ। ਦਿਲਗੀਰ ਸਿੰਘ ਦੀ ਕਹਾਣੀ ਆਖਰੀ ਸੀ ਜੋ ਮੈਨੂੰ ਤਾਏ ਨੇ ਸੁਣਾਈ। ਮੈਂ ਇਹ ਕਹਾਣੀ ਜ਼ਰੂਰ ਲਿਖਾਂਗੀ ਕਿਓਂ ਜੋ ਏਸ ਕਹਾਣੀ ਨੂੰ ਸੁਣਾਉਂਦਾ ਹੋਇਆ ਮੇਰਾ ਤਾਇਆ ਹਉਕਿਆਂ ਨਾਲ ਰੋਇਆ ਸੀ।

*ਸੰਪਰਕ-99150-42242*



*ਰੀਵੀਊ*

## ਪੁਸਤਕ - ਉਸਤਾਦ ਦਾਮਨ ਜੀਵਨ ਤੇ ਰਚਨਾ

## ਲੇਖਕ - ਹਰਭਜਨ ਸਿੰਘ ਹੁੰਦਲ

ਉਸਤਾਦ ਦਾਮਨ ਦਾ ਪੰਜਾਬੀ ਕਾਵਿ-ਖੇਤਰ ਵਿੱਚ ਵਿਸ਼ੇਸ਼ ਅਤੇ ਮਹੱਤਵਪੂਰਨ ਸਥਾਨ ਹੈ। ਭਾਵੇਂ ਉਸਤਾਦ ਦਾਮਨ ਦਾ ਜਨਮ 1911 ਈ. ਵਿਚ ਲਾਹੌਰ ਵਿਚ ਹੋਇਆ ਪਰ ਸਮੁੱਚੀ ਪੰਜਾਬੀ ਕਵਿਤਾ ਭਾਵੇਂ ਪਾਕਿਸਤਾਨ ਦੀ ਹੋਵੇ ਜਾਂ ਫਿਰ ਹਿੰਦੁਸਤਾਨ ਦੀ, ਵਿੱਚ ਉਸਤਾਦ ਦਾਮਨ ਦੇ ਯੋਗਦਾਨ ਨੂੰ ਕਦੇ ਵੀ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਹਰਭਜਨ ਸਿੰਘ ਹੁੰਦਲ ਖੁਦ ਪ੍ਰਗਤੀਵਾਦੀ ਸਾਹਿਤ ਨਾਲ ਪ੍ਰਤੀਬੱਧ ਤੌਰ ਤੇ ਆਪਣਾ ਨਾਤਾ ਨਿਭਾ ਰਿਹਾ ਹੈ ਉਸਨੇ ਉਸਤਾਦ ਦਾਮਨ ਬਾਰੇ ਪਹਿਲਾਂ ਲਿਖੀਆਂ ਗਈਆਂ ਪੁਸਤਕਾਂ ਨਾਲੋਂ ਵਿੱਥ ਸਥਾਪਿਤ ਕਰਦੀ ਪੁਸਤਕ 'ਉਸਤਦਾਨ ਦਾਮਨ ਜੀਵਨ ਤੇ ਰਚਨਾ' ਵਿਚ ਜਿਥੇ ਉਸਦੇ ਮੁੱਢਲੇ ਜੀਵਨ ਬਾਰੇ ਤੱਥ ਭਰਪੂਰ ਜਾਣਕਾਰੀ ਪ੍ਰਸਤੁਤ ਕੀਤੀ ਹੈ ਉਥੇ ਪਹਿਲੀਆਂ ਪੁਸਤਕਾਂ ਦੇ ਮੁਲਾਂਕਣ ਅਤੇ ਉਹਨਾਂ ਵਿੱਚ ਦਰਜ ਜਾਣਕਾਰੀ ਨੂੰ ਆਲੋਚਨਾਤਮਕ ਨਜ਼ਰਈਏ ਤੋਂ ਪੇਸ਼ ਕੀਤਾ ਹੈ। ਪੁਸਤਕ ਵਿਚ ਦੱਸਿਆ ਗਿਆ ਹੈ ਜਿਥੇ ਉਸਤਾਦ ਦਾਮਨ ਨੂੰ ਬਚਪਨ ਵਿਚ ਕਾਫ਼ੀ ਤੰਗੀਆਂ ਤੁਰਸ਼ੀਆਂ ਅਤੇ ਮੁਸ਼ੱਕਤ ਭਰੀ ਜ਼ਿੰਦਗੀ ਨਾਲ਼ ਵਾਹ-ਵਾਸਤਾ ਪਾਉਣਾ ਪਿਆ। ਉਸੇ ਉਹਨਾਂ ਦੀ ਸੂਝ ਭਰੀ ਸਖਸ਼ੀਅਤ ਨੇ ਹਰੇਕ ਵਰਤਾਰੇ ਨੂੰ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਘੋਖਣ-ਪਰਖਣ ਦਾ ਗੁਰ ਵੀ ਗ੍ਰਹਿਣ ਕਰ ਲਿਆ ਸੀ। ਉਸਤਾਦ ਦਾਮਨ ਦੀ ਕਵਿਤਾ ਜਿਥੇ ਦੇਸ਼ ਵੰਡ ਤੋਂ ਪਹਿਲਾਂ ਅਤੇ ਬਾਅਦ ਦੀ ਸਥਿਤੀ ਨੂੰ ਪੇਸ਼ ਕਰਦੀ ਹੈ, ਉਥੇ ਕਵਿਤਾ ਵਿਚ ਪੇਸ਼ ਤਨਜ਼ ਉਸ ਸਮੇਂ ਦੀ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਸਥਿਤੀ ਨੂੰ ਆਪਣੇ ਵਿਅੰਗ ਬਾਣਾਂ ਦਾ ਨਿਸ਼ਾਨਾ ਬਣਾਉਂਦੀ ਹੈ। ਜੁਲਫ਼ਕਾਰ ਅਲੀ ਭੁੱਟੋ ਦੀ ਸਰਕਾਰ ਵੇਲੇ ਉਸਤਾਦ ਦਾਮਨ 'ਤੇ ਝੂਠਾ ਕੇਸ ਵੀ ਪਾ ਦਿੱਤਾ ਗਿਆ ਸੀ ਜਿਸਦਾ ਜ਼ਿਕਰ ਲੇਖਕ ਨੇ ਪੁਸਤਕ ਵਿੱਚ ਕੀਤਾ ਹੈ। ਲੇਖਕ ਨੇ ਇਸ ਪੁਸਤਕ ਵਿਚ ਉਸਤਾਦ ਦਾਮਨ ਦੀ ਸਮੁੱਚੀ ਸ਼ਾਇਰੀ ਬਾਰੇ ਵਿਸ਼ਾਗਤ ਪਹਿਲੂ ਨੂੰ ਵਿਚਾਰਦਿਆਂ ਹੋਇਆ ਇਸਦੇ ਰੂਪਕ ਪੱਖ ਨੂੰ ਵੀ ਬਾਖੂਬੀ ਪੇਸ਼ ਕੀਤਾ ਹੈ ਕਵਿਤਾ ਵਿੱਚ ਪੇਸ਼ ਬਿੰਬਾਵਲੀ, ਮੁਹਾਵਰੇਦਾਰ ਬੋਲੀ ਅਤੇ ਵਰਤੇ ਗਏ ਕਾਵਿ-ਰੂਪਾਂ ਦਾ ਵੀ ਭਰਪੂਰ ਰੂਪ ਵਿਚ ਵਰਣਨ ਕੀਤਾ ਗਿਆ ਹੈ। ਪੁਸਤਕ ਵਿਚ ਉਸਤਾਦ ਦਾਮਨ ਅਤੇ ਉਹਨਾਂ ਦੇ ਸਮਕਾਲੀ ਕਵੀ ਹਬੀਬ ਜਾਲਿਬ ਦੀ ਰਚਨਾ ਬਾਰੇ ਤੁਲਨਾਤਮਕ ਅਧਿਐਨ ਪੇਸ਼ ਕਰਦਿਆਂ ਲੇਖਕ ਨੇ ਪੰਜਾਬੀ ਅਤੇ ਉਰਦੂ ਜ਼ੁਬਾਨ ਦੇ ਇਹਨਾਂ ਕਵੀਆਂ ਬਾਰੇ ਚਰਚਾ ਕਰਧਿਆਂ ਦੱਸਿਆ ਹੈ ਕਿ ਭਾਵੇਂ ਹਬੀਬ ਜਾਲਿਬ ਨੂੰ ਸਹੂਲਤਾਂ ਵਧੇਰੇ ਸਨ ਪਰ ਪ੍ਰਸਿੱਧੀ ਉਸਤਾਦ ਦਾਮਨ ਨੂੰ ਹੀ ਵਧੇਰੇ ਮਿਲੀ ਹੈ। ਉਸਤਾਦ ਦਾਮਨ ਨੂੰ ਲੋਕਾਂ ਦਾ ਕਵੀ ਕਹਿਕੇ ਵਡਿਆਈ ਦਿੱਤੀ ਗਈ ਹੈ ਜਿਸਦੀ ਪੁਸਤਕ 'ਦਾਮਨ ਦੇ ਮੋਤੀ' ਦੀ ਮਕਬੂਲੀਗਤ ਅਤੇ ਪ੍ਰਸੰਗਿਕਤਾ ਅੱਜ ਵੀ ਮਹੱਤਵਪੂਰਨ ਰੂਪ ਵਿਚ ਸਾਹਮਣੇ ਆਉਂਦੀ ਹੈ। ਇਸ ਪੁਸਤਕ ਦੇ ਅਖੀਰ ਉੱਤੇ ਉਸਤਾਦ ਦਾਮਨ ਦੇ ਸੰਖੇਪ ਜੀਵਨ ਬਿਓਰੇ ਅਤੇ ਉਹਨਾਂ ਦੀਆਂ ਚੋਣਵੀਆਂ ਰਚਨਾਵਾਂ ਪੇਸ਼ ਕਰਕੇ ਉਹਨਾਂ ਦੀ ਸ਼ਾਇਰੀ ਦੇ ਰੰਗ ਨੂੰ ਵੀ ਪਾਠਕਾਂ ਦੇ ਰੂ-ਬਰੂ ਕੀਤਾ ਗਿਆ ਹੈ। ਵੈਸੇ ਉਹਨਾਂ ਦੀ ਸ਼ਾਇਰੀ ਵਿਚੋਂ ਉਭਰਦੀਆਂ ਮੂਲ ਸੁਰਾਂ ਬਾਰੇ 'ਦਾਮਨ ਦੇ ਮੋਤੀ' ਪੁਸਤਕ ਦੇ ਆਧਾਰ ਤੇ ਜੋ ਸਾਈਂ ਅਖਤਰ ਹੁਸੈਨ ਲਾਹੌਰੀ, ਵਹੀਦ ਮਿਰਜ਼ਾ ਅਤੇ ਮੁਹੰਮਦ ਇਕਬਾਲ ਨੇ ਸੰਪਾਦਿਤ ਕੀਤੀ ਹੈ, ਵਿਚੋਂ ਹਵਾਲੇ ਪ੍ਰਸਤੁਤ ਕਰਕੇ ਉਸਦੇ ਰਚਨਾ ਸੰਸਾਰ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਮੁੱਚੇ ਰੂਪ ਵਿੱਚ 'ਉਸਤਾਦ ਦਾਮਨ ਜੀਵਨ ਤੇ ਰਚਨਾ' ਹਰਭਜਨ ਸਿੰਘ ਹੁੰਦਲ ਦੀ ਅਜਿਹੀ ਪੁਸਤਕ ਹੈ ਜੋ ਉਸਤਾਦ ਦਾਮਨ ਸ਼ਾਇਰੀ ਦੇ ਨਾਲ-ਨਾਲ ਉਸਦੇ ਜੀਵਨ ਦੇ ਅਣਮੋਲੇ ਪੱਖਾਂ ਬਾਰੇ ਬਿਸਤ੍ਰਿਤ ਅਧਿਐਨ ਪੇਸ਼ ਕਰਦੀ ਹੈ।

*ਡਾ. ਸਰਦੂਲ ਸਿੰਘ ਔਜਲਾ*

Chirag Quarterly ISSN 2349-3658 October - December 2016
Registered with the Registrar of News-Papers of India No. PUN-PUN 0 2276/AL/TC94










